ਵਿਆਹ ਅਤੇ ਨਿਰਬਾਹ





ਗਿ: ਅਮਰੀਕ ਸਿੰਘ
ਚੰਡੀਗੜ੍ਹ ਵਾਲੇ

Viahh Ate Nirbaah

Giani Amrik Singh Chandigarh

ISBN : 81-7601-650-0

ਪਹਿਲੀ ਐਡੀਸ਼ਨ ਅਕਤੂਬਰ 2004

ਦੂਜੀ ਐਡੀਸ਼ਨ ਅਪ੍ਰੈਲ 2011

ਭੇਟਾ : 100-00

An ISO 9001:2008 Certified Publishing House No. 101809-A01

ਪ੍ਰਕਾਸ਼ਕ :

ਭਾ: ਚਤਰ ਸਿੰਘ ਜੀਵਨ ਸਿੰਘ

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ।

ਫੋਨ : (0183) 2542346, 2547974

ਫੈਕਸ : (0183) 5017488

E-mail : csjssales@hotmail.com

: csjspurchase@yahoo.com

: csjsexports@vsnl.com

Visit our Website : www.csjs.com

ਪ੍ਰਿੰਟਰ :

ਜੀਵਨ ਪ੍ਰਿੰਟਰਜ਼, ਅੰਮ੍ਰਿਤਸਰ।

ਫੋਨ : 0183-2705003, 5095774

Printed & Bound in India

ਸਮਰਪਿਤ

ਇਸ ਸਮੇਂ ਸਿੱਖ ਜਗਤ ਦੀਆਂ ਬਰੂਹਾਂ ਤੇ ਮਿੱਠੀ-ਮਿੱਠੀ ਦਸਤਕ ਦੇ ਕੇ ਇਸ ਨੂੰ ਆਪਣੇ ਕੀਮਤੀ ਵਿਰਸੇ ਅਤੇ ਸਰੂਪ ਦੀ ਸੰਭਾਲ ਦਾ ਸੁਨੇਹਾ ਦੇ ਕੇ ਸੁਚੇਤ ਕਰਦੀਆਂ ਮਹਾਨ ਤਿੰਨ ਸ਼ਤਾਬਦੀਆਂ ਨੂੰ :-

500 ਸਾਲਾ ਗੁਰੂ ਅੰਗਦ ਸਾਹਿਬ ਜੀ ਦਾ ਪ੍ਰਕਾਸ਼ ਦਿਵਸ।

400 ਸਾਲਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਦਿਵਸ ।

300 ਸਾਲਾ ਗੁਰੂ ਦਸਮੇਸ਼ ਜੀ ਦੇ ਚਾਰੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਸ਼ਤਾਬਦੀ ।

ਤਤਕਰਾ

ਕੁਝ ਸ਼ਬਦ

ਲਮੇਰੇ ਸਮੇਂ ਦੀ ਉਡੀਕ ਦਾ ਮਿੱਠੜਾ ਜਿਹਾ ਫਲ, ਮਨੁੱਖਾ ਦੇਹੀ ਦੀ ਪ੍ਰਾਪਤੀ ਦੇ ਰੂਪ ਵਿੱਚ ਹੋਇਆ। ਅਨੇਕਾਂ ਜੂਨੀਆਂ ਦੀ ਭਟਕਣਾ ਤੋਂ ਬਾਅਦ ਮਨੁੱਖਾ ਦੇਹੀ ਦਾ ਸੁੱਖ, ਪ੍ਰਭੂ ਪ੍ਰਾਪਤੀ ਦੀ ਆਸ ਦੀ ਖ਼ੁਸ਼ੀ, ਆਦਿਕ ਸੁਖਾਂ ਦਾ ਹਾਲੇ ਆਨੰਦ ਵੀ ਨਹੀਂ ਸੀ ਮਾਣਿਆ ਕਿ ਇਸ ਨਾਜ਼ਕ ਜਿਹੀ ਜ਼ਿੰਦਗੀ ਉਤੇ ਲੋਕ-ਲਾਜ ਦੇ ਪੱਥਰ, ਹਉਮੈ ਹੰਕਾਰ ਦੇ ਕੰਡੇ ਅਤੇ ਵਿਕਾਰਾਂ ਦੀ ਮਾਰ ਨੇ ਅਜਿਹੇ ਵਾਰ ਕੀਤੇ, ਜਿਸ ਨਾਲ ਇਹ ਲਹੂ ਲੁਹਾਣ ਹੋਈ ਕੁਰਲਾ ਰਹੀ ਸੀ। ਸਤਿਗੁਰੂ ਜੀ ਨੇ ਅਜਿਹੀ ਮਾਰ ਤੋਂ ਬਚਾ ਕੇ ਇਸ ਦੇ ਜ਼ਖ਼ਮਾਂ ਦਾ ਇਲਾਜ ਕਰਕੇ ਦੁਬਾਰੇ ਇਸ ਨੂੰ ਪ੍ਰਮਾਰਥੀ ਰਾਹ ਤੇ ਤੋਰਿਆ। ਇਸ ਨੂੰ ਅਜਿਹੇ ਢੰਗ ਤਰੀਕੇ ਸਿਖਾਏ, ਜਿਸ ਨਾਲ, ਸੌਖਿਆਂ ਤੁਰਕੇ ਆਪਣੇ ਨਿਸ਼ਾਨੇ ਦੀ ਪ੍ਰਾਪਤੀ ਹੀ ਨਹੀਂ ਬਲਕਿ ਹਰ ਦਿਨ ਵੀ ਖ਼ੁਸ਼ੀਆਂ ਖੇੜਿਆਂ ਵਿਚ ਬਤੀਤ ਹੋਵੇ। ਅਜਿਹੀ ਜੁਗਤੀ ਨੇ ਕਰਮ ਵੀ ਤੇ ਧਰਮ ਵੀ ਦੋਵੇਂ ਥਾਂਵ ਉਜੜਨ ਤੋਂ ਬਚਾ ਲਏ।

ਜਿਹੜੇ ਕਾਰਜਾਂ ਵਿੱਚ ਲੋਕ-ਲਾਜ, ਹਉਮੈ, ਹੰਕਾਰ ਤੇ ਵਿਕਾਰ ਇਕੱਠੇ ਹੋ ਕੇ ਇਸ ਨੂੰ ਲਾਚਾਰ ਬਣਾ ਦਿੰਦੇ ਸਨ ਉਨ੍ਹਾਂ ਵਿਚੋਂ ਇਕ ਕਾਰਜ ਵਿਆਹ ਸੀ, ਜਿਸ ਉਤੇ ਲੋਕ-ਲਾਜ ਕਾਰਨ ਬਹੁਤ ਪੈਸਾ ਖਰਚ ਕੇ, ਹੰਕਾਰ ਨਾਲ ਆਕੜਿਆ ਹੋਇਆ ਸ਼ਰਾਬ ਤੇ ਸ਼ਬਾਬ ਆਦਿਕ ਵਿਕਾਰਾਂ ਨੂੰ ਵੀ ਸੱਦਾ ਦੇ ਕੇ ਆਪਣੇ ਸੁੱਖਾਂ ਦਾ ਬਾਗ ਆਪ ਹੀ ਉਜਾੜ ਲੈਂਦਾ ਸੀ। ਆਖਿਰ ਇਕ ਧਿਰ ਦਾਜ ਦੀ ਲੋਭੀ ਹੋ ਕੇ ਦੂਜੀ ਤੇ ਗੁਜ਼ਾਰੇ ਕਹਿਰਾਂ ਦਾ ਅੰਤ ਇਕ ਦਿਨ ਦਾਜ ਦੀ ਬਲੀ ਦੇ ਰੂਪ ਵਿੱਚ ਹੋ ਜਾਂਦਾ ਸੀ। ਇਕ ਧਿਰ ਬਲੀ ਚੜ੍ਹ ਗਈ, ਦੂਜੀ ਸਲਾਖਾਂ ਪਿੱਛੇ ਪਛਤਾਵੇ ਦੀ ਅੱਗ ਵਿਚ ਰੋਜ਼ ਸੜਨ ਲੱਗ ਪੈਂਦੀ ਹੈ। ਅਜਿਹੀਆਂ ਭੱਠੀਆਂ ਵਿੱਚ ਸੜਦੇ ਲੋਕਾਂ ਨੂੰ ਹਜ਼ੂਰ ਨੇ ਅਨੰਦ ਕਾਰਜ ਦੀ ਅਜਿਹੀ ਖ਼ੂਬਸੂਰਤ ਦਾਤ ਬਖ਼ਸ਼ੀ ਜਿਸ ਨਾਲ ਘਰ ਵਿੱਚ ਰਹਿੰਦੇ ਜੀਵ ਇਕ ਜੋਤਿ ਰੂਪ ਹੋ ਕੇ ਹਰ ਦੁੱਖਾਂ-ਸੁੱਖਾਂ ਦਾ ਡਟ ਕੇ ਮੁਕਾਬਲਾ ਕਰਨ ਦੇ ਯੋਗ ਹੋ ਗਏ। ਜਿਸ ਨਾਲ ਉਨ੍ਹਾਂ ਦਾ ਵਿਆਹ ਹੀ ਨਹੀਂ ਬਲਕਿ ਸਾਰੀ ਜ਼ਿੰਦਗੀ ਕੀਤਾ ਨਿਰਬਾਹ ਵੀ ਲੋਕਾਂ ਲਈ ਉਦਾਹਰਣ ਬਣ ਗਿਆ। ਇਹ ਸਾਰੀ ਜਾਚ ਜੀਵ ਨੂੰ ਮਿਲਣੀ ਗੁਰੂ ਜੀ ਦੀ ਪਵਿੱਤਰ ਸਿੱਖਿਆਂ ਵਿਚੋਂ ਹੀ ਹੈ। ਅਨੰਦ ਕਾਰਜ ਦੀ ਵੀਚਾਰ ਨੂੰ ਸੰਗਤ ਨਾਲ ਸਾਂਝੀ ਕਰਨ ਦੀ ਮਨਸ਼ਾ ਤਾਂ ਚਿਰਾਂ ਤੋਂ ਸੀ ਪਰ ਕਦੇ ਯੋਗ ਸਮਾਂ ਨਹੀਂ ਸੀ ਬਣਦਾ। ਅਚਾਨਕ ਹੀ ਨਿਊ ਯਾਰਕ

ਵਿਖੇ ਰਿਚਮੰਡ ਹਿਲ ਗੁਰੂ ਘਰ ਅਗਨ-ਭੇਟ ਹੋ ਜਾਣ ਕਰਕੇ ਸਿੱਖ ਸੰਗਤਾਂ ਦੇ ਮੇਲ-ਮਿਲਾਪ ਨੇ ਗੁਰੂ-ਘਰ ਤਾ ਭਾਵੇਂ ਪਹਿਲਾਂ ਖਰੀਦੇ ਰਿਹਾਇਸ਼ੀ ਘਰ ਵਿੱਚ ਬਣਾ ਲਿਆ ਪਰ ਰਾਗੀ ਸਿੰਘਾਂ, ਪ੍ਰਚਾਰਕਾਂ ਆਦਿ ਦੀ ਰਿਹਾਇਸ਼ ਦੀ ਮੁਸ਼ਕਿਲ ਹਾਲੇ ਸਿੱਖ ਸੰਗਤਾਂ ਦੇ ਘਰੀਂ ਪ੍ਰਬੰਧ ਕਰਕੇ ਹੀ ਚਲਾ ਰਹੇ ਸਨ। ਦਾਸ ਦਾ ਕਥਾ ਦੀ ਸੇਵਾ ਲਈ ਮਹੀਨਾ ਬੁੱਕ ਸੀ, ਇਸ ਲਈ ਸਤਿਕਾਰਯੋਗ ਗਿਆਨੀ ਹਰਦੇਵ ਸਿੰਘ ਜੀ ਨੇ ਮੇਰੀ ਰਿਹਾਇਸ਼ ਬਹੁਤ ਹੀ ਗੁਰਮੁਖ ਪ੍ਰੀਵਾਰ ਸ: ਦਵਿੰਦਰ ਸਿੰਘ ਜੀ ਦੇ ਘਰ ਕਰ ਦਿੱਤੀ। ਬੱਸ ਇਥੇ ਸ: ਦਵਿੰਦਰ ਸਿੰਘ ਤੇ ਭੈਣ ਜੀ ਅਮਰਜੀਤ ਕੌਰ ਨੇ ਅਜਿਹਾ ਸ਼ਾਂਤੀ ਵਾਲਾ ਮਾਹੌਲ ਬਖਸ਼ਿਆ ਜਿਸ ਨਾਲ ਪਤਾ ਵੀ ਨਹੀਂ ਲੱਗਾ ਕਿ ਕਦੋਂ ਹਿਰਦੇ ਵਿਚੋਂ ਵੀਚਾਰ ਅੱਖਰਾਂ ਦਾ ਜਾਮਾ ਪਹਿਣ ਕੇ ਆਪਣਾ ਡੇਰਾ ਕਾਗਜ਼ਾਂ ਤੇ ਲਾ ਬੈਠੇ ਅਤੇ ਵੇਖਦਿਆਂ ਹੀ ਵੇਖਦਿਆਂ ਇਹ ਵਿਚਾਰਾ ਦਾ ਸੰਗ੍ਰਹਿ 'ਵਿਆਹ ਤੇ ਨਿਰਬਾਹ' ਦੇ ਰੂਪ ਵਿਚ ਕਿਤਾਬੀ ਸ਼ਕਲ ਅਖਤਿਆਰ ਕਰ ਗਿਆ।

ਇਸ ਕਾਰਜ ਵਿਚ ਸਭ ਤੋਂ ਪਹਿਲਾਂ ਲੱਖਾਂ ਵਾਰੀ ਧੰਨਵਾਦ ਗੁਰੂ ਪਾਤਿਸ਼ਾਹ ਜੀ ਦਾ ਜਿਨ੍ਹਾਂ ਦੇ ਅੰਮ੍ਰਿਤ ਬੋਲਾਂ ਨੇ ਅਨੇਕਾਂ ਸੁੱਖ ਹੀ ਨਹੀਂ ਬਖ਼ਸ਼ੇ ਬਲਕਿ ਬਹੁਤ ਪਿਆਰ ਸਤਿਕਾਰ ਵੀ ਸੰਗਤਾਂ ਵਲੋਂ ਪ੍ਰਾਪਤ ਕਰਵਾਇਆ। ਕੁਲਬੀਰ ਸਿੰਘ ਦੇ ਪਰੂਫ ਪੜ੍ਹਨ ਕਰਕੇ ਕਾਰਜ ਹੋਰ ਸੁਹੇਲਾ ਹੋ ਗਿਆ। ਉਨ੍ਹਾਂ ਦਾ ਵੀ ਧੰਨਵਾਦੀ ਹਾਂ। ਭਾ: ਚਤਰ ਸਿੰਘ ਜੀਵਨ ਸਿੰਘ ਫਰਮ ਨੇ ਵੀ ਆਪਣੇ ਵਲੋਂ ਖੁਸ਼ੀ ਨਾਲ ਛਾਪ ਕੇ ਧੰਨਵਾਦ ਦੇ ਪੂਰੇ-ਪੂਰੇ ਹੱਕਦਾਰ ਬਣਾ ਲਿਆ। ਵੀਰ ਛਨਬੀਰ ਸਿੰਘ ਦਾ ਵੀ ਧੰਨਵਾਦ ਹੈ ਜਿਨ੍ਹਾਂ ਨੇ ਮੁਖ-ਬੰਧ ਲਿਖ ਕੇ ਦਾਸ ਨੂੰ ਨਿਵਾਜਿਆ।

ਇਕ ਕਰਜ਼ ਚਿਰਾਂ ਤੋਂ ਆਪਣੇ ਦਿਲ ਤੇ ਭਾਰ ਵਾਂਗ ਚੁੱਕੀ ਫਿਰਦਾ ਹਾਂ। ਉਹ ਵੀ ਹਿਰਦੇ ਵਿਚ ਲਾਹ ਕੇ ਕਾਗਜ਼ ਦੀ ਗੋਦ ਵਿੱਚ ਰੱਖ ਕੇ ਆਪਣਾ ਆਪਾ ਕੁਝ ਹਲਕਾ ਕਰਨਾ ਚਾਹੁੰਦਾ ਹਾਂ। ਉਹ ਕਰਜ਼ ਵਿਦੇਸ਼ਾਂ ਵਿਚ ਵੱਸਦੇ ਅਨੇਕਾਂ ਗੁਰ ਕੇ ਸਿੱਖਾਂ ਵਲੋਂ ਦਿੱਤੇ ਪਿਆਰ, ਸਤਿਕਾਰ ਤੇ ਸਹਿਯੋਗ ਦਾ ਹੈ। ਇੰਗਲੈਂਡ, ਅਮਰੀਕਾ, ਕਨੇਡਾ, ਨਾਰਵੇ, ਥਾਈਲੈਂਡ ਆਦਿਕ ਥਾਵਾਂ ਤੇ ਕਈ ਗੁਰੂ ਕੇ ਸਿਖਾਂ ਨੇ ਬਹੁਤ ਹੀ ਅਗਾਂਹ ਵੱਧ ਕੇ ਅਜਿਹਾ ਹੌਸਲਾ ਹੀ ਨਹੀਂ ਦਿੱਤਾ ਬਲਕਿ ਇਉਂ ਪ੍ਰਤੀਤ ਹੋਇਆ ਕਿ 'ਵਿਚਿ ਸੰਗਤਿ ਹਰਿ ਪ੍ਰਭ ਵਰਤਦਾ' ਦੇ ਮਹਾਂਵਾਕ ਅਨੁਸਾਰ ਸੰਗਤ ਰੂਪ ਵਿੱਚ ਆਪ ਹੀ ਪਰਮੇਸ਼ਰ ਕੰਡ ਤੇ ਖਲੋ ਕੇ ਸਦੀਵੀ ਸਹਾਰਾ ਬਣਿਆ ਹੋਇਆ ਹੈ। ਇਥੋਂ ਤਕ ਬਾਬਾ ਮੱਖਣ ਸ਼ਾਹ ਲੁਬਾਣਾ ਗੁਰੂ ਘਰ ਨਿਊ ਯਾਰਕ, ਰਿਚਮੰਡ ਹਿਲ ਤੇ ਸ੍ਰੀ ਗੁਰੂ ਰਵਿਦਾਸ ਸਭਾ ਆਦਿਕ ਗੁਰੂ ਘਰਾਂ ਕਨੇਡਾ ਡਿਕਸੀ ਗੁਰੂ ਘਰ ਇੰਗਲੈਂਡ ਵਿੱਚ ਸਾਊਥਾਲ ਗਰੇਵਜ਼ੈਂਟ ਆਦਿਕ ਥਾਵਾਂ ਤੋਂ ਮਿਲੇ

ਸਹਿਯੋਗ ਦਾ ਸਦੀਵੀ ਰਿਣੀ ਹਾਂ। ਸਾਹਿਬਜ਼ਾਦਾ ਜੁਝਾਰ ਸਿੰਘ ਗੁਰਮਤਿ ਮਿਸ਼ਨਰੀ ਕਾਲਜ ਚੌਂਤਾ (ਰੋਪੜ) ਦਾ ਅਤੇ ਸਤਿਕਾਰਯੋਗ ਪ੍ਰਿੰ: ਬਲਜੀਤ ਸਿੰਘ ਜੀ ਹੋਰਾਂ ਲਈ ਵੀ ਧੰਨਵਾਦੀ ਹਾਂ।

ਘਰੇਗੀ ਮਾਹੌਲ ਲਈ ਪਤਨੀ ਪਰਮਜੀਤ ਕੌਰ ਬੇਟੇ ਮਨਪ੍ਰੀਤ ਸਿੰਘ ਤੇ ਗੁਰਪ੍ਰੀਤ ਸਿੰਘ ਨੇ ਰੱਜ ਕੇ ਹਰ ਔਕੜ ਵਿਚ ਪੂਰਾ ਪੂਰਾ ਸਾਥ ਦਿਤਾ, ਇਸ ਲਈ ਵੀ ਧੰਨਵਾਦੀ ਹਾਂ।

ਅੰਤ ਵਿੱਚ ਹੋਈਆਂ ਭੁੱਲਾਂ ਦੀ ਖਿਮਾਂ ਮੰਗਦਾ ਹੋਇਆ ਅਤੇ 'ਮੋਹਿ ਗਰੀਬ ਕਉ ਲੇਹੁ ਰਲਾਇ' ਦੀ ਬੇਨਤੀ ਕਰਦਾ ਹੋਇਆ ਸੁਝਾਵਾਂ ਦੀ ਉਡੀਕ ਕਰਦਾ ਹੋਇਆ-

ਗੁਣਵੰਤਿਆਂ ਪਾ ਛਾਰ
ਗਿਆਨੀ ਅਮਰੀਕ ਸਿੰਘ ਚੰਡੀਗੜ੍ਹ
ਕੋਠੀ ਨੰਬਰ 370, ਫੇਸ-9
ਮੁਹਾਲੀ-ਚੰਡੀਗੜ੍ਹ।
ਫੋਨ ਤੇ ਫੈਕਸ :-0172-5097531
ਮੋਬਾਇਲ :- 98140-27052

ਮੁੱਖ-ਬੰਧ

ਗੁਰੂ ਸੰਗਤ ਵਿਚ ਵਿਚਰਦਿਆਂ ਮੇਲ-ਮਿਲਾਪ ਤਾਂ ਬਹੁਤ ਗੁਰਸਿੱਖਾਂ ਨਾਲ ਹੋਇਆ, ਪਰ ਇਸ ਹੱਥਲੀ ਕਿਤਾਬ ਦਾ ਮੁੱਖ-ਬੰਧ ਲਿਖਣ ਲਗਿਆਂ ਤਿੰਨਾਂ ਗੁਰਸਿੱਖਾਂ ਨਾਲ ਹੋਏ ਮਿਲਾਪ ਦੀ ਸੰਖੇਪ ਵਾਰਤਾ ਲਿਖਣਾ ਜ਼ਰੂਰੀ ਸਮਝਦਾ ਹਾਂ।

ਪਾਂਧੀ ਗੁਰਮਤਿ ਦੇ ਸਾਂ ਪਰ ਵਿਚਾਰਾਂ ਵਿਚ ਮਤਭੇਦ ਹੋਣ ਕਰਕੇ ਇਹਨਾਂ ਤਿੰਨਾਂ ਗੁਰਸਿੱਖਾਂ ਨਾਲ ਹੋਇਆ ਮਿਲਾਪ, ਤਕਰਾਰ ਵਿਚ ਬਦਲ ਗਿਆ।

ਭਾਵਨਾ ਚੰਗੀ ਸੀ ਅਤੇ "ਇਕਾ ਬਾਣੀ ਇਕੁ ਗੁਰੂ ਇਕੋ ਸਬਦੁ ਵੀਚਾਰਿ॥" ਭਾਵ ਸ਼ਬਦ ਗੁਰੂ ਨੇ ਨਿਖੜਣ ਨਾ ਦਿੱਤਾ। ਆਪੋ-ਆਪਣੀਆਂ ਭੁੱਲਾਂ ਦੇ ਸੁਧਾਰ ਨੇ, ਤਕਰਾਰ ਨੂੰ ਫਿਰ ਪਿਆਰ ਵਿਚ ਬਦਲ ਦਿੱਤਾ ਅਤੇ ਐਸਾ ਬਦਲਿਆ, ਜਿਹੜਾ ਕਿ ਨਿੱਘੇ ਗੁਰਸਿੱਖੀ ਪਿਆਰ ਦੇ ਰੂਪ ਵਿੱਚ ਅੱਜ ਤੱਕ ਚਲਿਆ ਆ ਰਿਹਾ ਹੈ।

ਇਹ ਕੁਦਰਤੀ ਕਰਿਸ਼ਮਾ ਹੀ ਸੀ ਕਿ ਇਹਨਾਂ ਤਿੰਨਾਂ ਗੁਰਸਿੱਖ ਵੀਰਾਂ ਨੇ, ਗੁਰਮਤਿ ਵੀਚਾਰਾਂ ਅਤੇ ਕਥਾ ਕਰਨ ਦੀ ਸ਼ੁਰੂਆਤ ਜਲੰਧਰ ਤੋਂ ਹੀ ਕੀਤੀ। ਕੇਵਲ ਕਥਾ ਵੀਚਾਰ ਹੀ ਨਹੀਂ ਬਲਕਿ ਨਿਸ਼ਕਾਮ ਭਾਵਨਾ ਨਾਲ, ਗੁਰਮਤਿ ਕਲਾਸਾਂ ਦਾ ਪ੍ਰਬੰਧ ਕਰ ਕੇ, ਨੌਜਵਾਨਾਂ ਅਤੇ ਬੱਚਿਆਂ ਨੂੰ ਗੁਰੂ ਘਰ ਨਾਲ ਜੋੜਨ ਦਾ ਉਪਰਾਲਾ ਸ਼ੁਰੂ ਕੀਤਾ, ਜੋ ਕਿ ਇਕ ਸਫਲ ਉੱਦਮ ਹੋ ਨਿਬੜਿਆ। ਦਾਸਰੇ ਨੇ ਕਥਾ ਵੀਚਾਰ ਕਰਨ ਵਾਲਿਆਂ ਵਿਚ ਐਸੀ ਨਿਸ਼ਕਾਮ ਭਾਵਨਾ ਘੱਟ ਹੀ ਕਦੀ ਵੇਖੀ ਸੀ, ਜੋ ਕਿ ਸਾਡੀ ਹੋਰ ਨੇੜਤਾ ਦਾ ਕਾਰਨ ਬਣ ਗਈ।

ਇਹੁ ਸਰੀਰੁ ਕੂੜਿ ਕੁਸਤਿ ਭਰਿਆ ਗਲ ਤਾਈ ਪਾਪ ਕਮਾਏ ॥

ਦੇ ਗੁਰਵਾਕ ਅਨੁਸਾਰ, ਕੁਛ ਵਿਰਲੇ ਗੁਰਮੁਖਾਂ ਨੂੰ ਛੱਡ, ਹਰੇਕ ਸਰੀਰ ਔਗੁਣਾਂ ਨਾਲ ਭਰਪੂਰ ਹੈ, ਪਰ ਆਪਣੇ ਔਗੁਣਾਂ ਨੂੰ ਛੁਪਾ ਕੇ ਰੱਖਣਾ ਅਤੇ ਗੁਣਾਂ ਨੂੰ ਪ੍ਰਗਟ ਕਰਨਾ, ਇਹ ਮਨੁੱਖੀ ਸੁਭਾਅ ਹੈ। ਛੁਪੇ ਹੋਏ ਔਗੁਣ ਨੇੜਤਾ ਵਿਚ ਅਕਸਰ ਪ੍ਰਗਟ ਹੋ ਹੀ ਜਾਂਦੇ ਹਨ, ਜਿਹੜੇ ਕਿ ਦੂਰੀ ਦਾ ਕਾਰਨ ਬਣ ਜਾਂਦੇ ਹਨ। ਪਰ ਏਥੇ ਬਣੀ ਹੋਈ ਹੈ, ਕਿਉਂਕਿ ਇਨ੍ਹਾਂ ਤਿੰਨਾਂ ਗੁਰਸਿੱਖ ਵੀਰਾਂ ਉਪਰ ਸਤਿਗੁਰੂ ਜੀ ਦੀ ਅਪਾਰ ਬਖਸ਼ਿਸ਼ ਹੈ। ਸਤਿਗੁਰੂ ਜੀ ਨੇ ਆਪ ਹੀ ਮਿਹਰਾਮਤ ਕਰਕੇ ਇਨ੍ਹਾਂ ਗੁਣਾਂ ਨੂੰ ਔਗੁਣਾਂ ਤੋਂ ਬਚਾ ਰੱਖਿਆ। ਸਮੇਂ ਦੇ ਝੱਖੜ ਨੇ ਤਾਂ ਇਉਂ ਕਹਿ ਲਈਏ :

"ਜਹਾ ਦਾਣੇ ਤਹਾਂ ਖਾਣੇ ਨਾਨਕਾ ਸਚੁ ਹੇ ॥"

ਦੇ ਗੁਰਵਾਕ ਅਨੁਸਾਰ, ਦਾਣੇ ਪਾਣੀ ਦੀ, ਅੰਨ ਜਲ ਦੀ, ਸਾਂਝ ਨੇ ਇਕ ਵੀਰ

ਸਾਡੇ ਤੋਂ ਹਜ਼ਾਰਾਂ ਮੀਲ ਦੂਰ ਕਨੇਡਾ ਦੀ ਧਰਤੀ 'ਤੇ ਜਾ ਵਸਾਇਆ, ਜਿਨ੍ਹਾਂ ਨੂੰ ਗਿਆਨੀ ਸਾਹਿਬ ਸਿੰਘ ਜੀ ਕਨੇਡਾ ਵਾਲੇ ਪੜ੍ਹਦਿਆਂ ਸੁਣਦਿਆਂ, ਸਤਿਗੁਰੂ ਜੀ ਦੇ ਚਰਨਾਂ ਵਿੱਚ ਇਕੱਠੇ ਬੈਠ ਕੇ ਬਿਤਾਈਆਂ ਉਹ ਘੜੀਆਂ ਯਾਦ ਆ ਜਾਂਦੀਆਂ ਹਨ।

ਦੂਸਰੇ ਪਿਆਰੇ ਵੀਰ ਗਿਆਨੀ ਪਿੰਦਰਪਾਲ ਸਿੰਘ ਜੀ ਦੇਸ਼ ਅਤੇ ਪ੍ਰਦੇਸ਼ਾਂ ਵਿਚ ਵਿਚਰ ਕੇ, ਗੁਰੂ ਘਰ ਦੀ ਮਹਾਨ ਸੇਵਾ ਵਿਚ ਬੜੀ ਦ੍ਰਿੜ੍ਹਤਾ ਨਾਲ ਜੁੱਟੇ ਹੋਏ ਹਨ।

ਤੀਸਰੇ ਵੀਰ ਗਿਆਨੀ ਅਮ੍ਰੀਕ ਸਿੰਘ ਜੀ ਨੂੰ ਆਪਣੇ ਇਲਾਕੇ ਦੇ ਮੁਖ ਸ਼ਹਿਰ ਚੰਡੀਗੜ੍ਹ ਅਤੇ ਮੁਹਾਲੀ ਵਿਖੇ ਅਤੇ ਪ੍ਰਦੇਸ਼ਾਂ ਵਿਚ ਵੀ ਆਪਣੀ ਕਾਰੇ ਲਾਇਆ ਹੋਇਆ ਹੈ।

ਦੇਸ਼ ਅਤੇ ਵਿਦੇਸ਼ਾਂ ਵਿਚ ਗੁਰਮਤਿ ਪ੍ਰਚਾਰ ਦੇ ਅਨੇਕਾਂ ਰੁਝੇਵਿਆਂ ਨੇ ਮਿਲਾਪ ਦੀਆਂ ਘੜੀਆਂ ਭਾਵੇਂ ਛੋਟੀਆਂ ਕਰ ਦਿੱਤੀਆਂ ਹਨ, ਪਰ ਮੈਨੂੰ ਅਥਾਹ ਖੁਸ਼ੀ ਹੈ ਕਿ ਸਾਡੀ ਅੰਦਰੂਨੀ ਨਿੱਘੀ ਅਤੇ ਪਿਆਰੀ ਸਾਂਝ ਅੱਜ ਵੀ ਉਸੇ ਤਰ੍ਹਾਂ ਬਰਕਰਾਰ ਹੈ।

ਗੁਰਦੇਵ ਪਿਤਾ ਜੀ ਨੇ ਰਹਿਮਤ ਕਰ ਕੇ ਇਹੀ ਅਮ੍ਰੀਕ ਸਿੰਘ ਜੀ ਦੇ ਹੱਥ ਕਲਮ ਪਕੜਾ ਦਿੱਤੀ।

ਰਸਨਾ ਉਚਰੈ ਹਰਿ ਸ੍ਰਵਣੀ ਸੁਣੈ ਸੋ ਉਧਰੈ ਮਿਤਾ ॥
ਹਰਿ ਜਸੁ ਲਿਖਹਿ ਲਾਇ ਭਾਵਨੀ ਸੇ ਹਸਤ ਪਵਿਤਾ ॥ *(ਪੰਨਾ ੩੨੨)*

ਕਲਮ ਨੇ ਸੰਸਾਰ ਦੀ ਝੋਲੀ ਵਿਚ ਬਹੁਤ ਕੁਛ ਪਾਇਆ ਹੈ। ਕਈਆਂ ਕਲਮਾਂ ਦੇ ਲਿਖੇ ਹੋਏ ਲੇਖ ਮਨੁੱਖ ਨੂੰ ਸੰਸਾਰ ਅਤੇ ਵਿਹਾਰ ਦੇ ਰਾਹ 'ਤੇ ਤੋਰਦੇ ਹਨ। ਕਈ ਕਲਮਾਂ ਦੇ ਲਿਖੇ ਹੋਏ ਲੇਖ ਵਿਕਾਰ ਦੇ ਰਾਹ ਵੱਲ ਤੋਰਦੇ ਹਨ, ਕਈ ਕਲਮਾਂ ਨੇ ਜੀਵਾਂ ਦੀ ਜ਼ਿੰਦਗੀ ਨੂੰ ਅਜਿਹੇ ਰੌਚਕ ਢੰਗ ਨਾਲ ਉਜਾੜਿਆ ਕਿ ਉਹਨਾਂ ਜੀਵਾਂ ਨੂੰ ਸੋਝੀ ਹੀ ਉਦੋਂ ਆਈ ਜਦੋਂ ਜੀਵਨ ਦਾ ਬਹੁਤ ਖਜ਼ਾਨਾ ਲੁੱਟਿਆ ਜਾ ਚੁਕਿਆ ਸੀ ਅਤੇ ਜ਼ਿੰਦਗੀ ਬਰਬਾਦ ਹੋ ਚੁਕੀ ਸੀ। ਐਸੀਆਂ ਉਜੜੀਆਂ ਜ਼ਿੰਦਗੀਆਂ ਨੂੰ ਦੇਖ ਕੇ, ਦਰਦ-ਭਰੇ ਹਿਰਦੇ ਵਿਚ ਆਪ-ਮੁਹਾਰੇ ਐਸੇ ਬੋਲ ਨਿਕਲਦੇ ਹਨ ਕਿ ਕਲਮ, ਸਿਆਹੀ ਅਤੇ ਕਾਗਜ਼ ਸਮੇਤ ਸੜ ਜਾਣੇ ਚਾਹੀਦੇ ਹਨ। ਐਸੇ ਲਿਖਾਰੀ, ਜਿਨ੍ਹਾਂ ਲਿਖਾਰੀਆਂ ਦੇ ਕਾਲੇ ਲੇਖਾਂ ਨੇ, ਹੀਰਿਆਂ ਵਰਗੀਆਂ ਅਨਮੋਲ ਜਿੰਦੜੀਆਂ ਨੂੰ ਬਰਬਾਦੀ ਦੇ ਰਾਹ ਤੋਰ ਦਿੱਤਾ।

ਕਲਮ ਜਲਉ ਸਣੁ ਮਸਵਾਣੀਐ ਕਾਗਦੁ ਭੀ ਜਲਿ ਜਾਉ ॥
ਲਿਖਣ ਵਾਲਾ ਜਲਿ ਬਲਉ ਜਿਨਿ ਲਿਖਿਆ ਦੂਜਾ ਭਾਉ ॥

(ਸਲੋਕ ਮ: ੩, ਅੰਕ ੮੪)

ਪਰ ਗਿਆਨੀ ਜੀ ਨੇ ਇਸ ਹਥਲੀ ਕਿਤਾਬ ਤੋਂ ਪਹਿਲੀਆਂ "ਗਿਆਨ ਅੰਜਨੁ ਗੁਰਿ ਦੀਆ" ਅਤੇ "ਸੰਸਾਰ ਤੋਂ ਨਿਰੰਕਾਰ ਤੱਕ", ਇਹਨਾਂ ਦੋਨਾਂ ਕਿਤਾਬਾਂ ਵਿਚ ਸੰਸਾਰ ਨੂੰ ਗੁਰੂ ਅਤੇ ਨਿਰੰਕਾਰ ਦੇ ਰਾਹ ਤੇ ਤੋਰਨ ਅਤੇ ਗੁਰਮਤਿ ਨਾਲ ਜੋੜਨ ਦੀ ਕੋਸ਼ਿਸ਼ ਕੀਤੀ ਹੈ।

"ਰਤਨਾ ਰਤਨ ਪਦਾਰਥ ਬਹੁ ਸਾਗਰੁ ਭਰਿਆ ਰਾਮ ॥"

(ਪੰਨਾ ੪੪੨)

ਵਿਚੋਂ, ਗਿਆਨੀ ਜੀ ਨੇ ਕੁੱਛ ਹੀਰੇ ਮੋਤੀ ਚੁਣ ਕੇ ਇਸ ਹੱਥਲੀ ਕਿਤਾਬ "ਵਿਆਹ ਅਤੇ ਨਿਰਬਾਹ" ਦੇ ਪੰਨਿਆਂ ਤੇ ਸਜਾਏ ਹਨ, ਜੋ ਕਿ ਉਲਝੇ ਹੋਏ ਗ੍ਰਹਿਸਥੀ ਜੀਵਨ ਨੂੰ ਮੁਸੀਬਤਾਂ ਵਿਚੋਂ ਬਾਹਰ ਕੱਢਣ ਅਤੇ ਫੇਰ ਸੁਲਝੇ ਹੋਏ ਗ੍ਰਹਿਸਥੀ ਜੀਵਨ ਨੂੰ ਗੁਰੂ ਚਰਨਾਂ ਨਾਲ ਜੋੜਨ ਲਈ ਸਹਾਈ ਹੋ ਸਕਦੇ ਹਨ।

ਦਾਸਰਾ

ਛਨਬੀਰ ਸਿੰਘ
ਖਾਲਸਾ ਫਿਨਵੈਸਟ ਰਜਿ.
ਜੀ. ਟੀ. ਰੋਡ, ਜਲੰਧਰ ਸ਼ਹਿਰ।
ਫੋਨ ਨੰ: 0091-181-2490891
ਮੋਬਾਈਲ 0091-9814345891

ਅਰੰਭਕ ਵੀਚਾਰ

ਕਾਦਰ ਦੀ ਕੁਦਰਤ ਦੇ ਕਾਰਖਾਨੇ ਵਿੱਚ ਸੰਸਾਰਿਕ ਲੜੀ ਨੂੰ ਚਲਦਿਆਂ ਰੱਖਣ ਵਾਸਤੇ ਜ਼ਿੰਦਗੀ ਦੇ ਦੋ ਹਿੱਸੇ ਬਣਾਏ ਹਨ। ਇਨ੍ਹਾਂ ਹਿੱਸਿਆਂ ਦਾ ਨਾਂ ਨਰ ਅਤੇ ਮਾਦਾ ਰੱਖਿਆ ਗਿਆ। ਨਰ, ਮਾਦਾ ਦੇ ਸੁਮੇਲ ਤੋਂ ਸੰਸਾਰਿਕ ਜੀਵਾਂ ਦੀ ਲੜੀ ਚਲਦੀ ਰੱਖੀ। ਮਨੁੱਖੀ ਜ਼ਿੰਦਗੀ ਦੇ ਵੀ ਇਹੋ ਦੋ ਹਿਸੇ ਸਨ ਪਰ ਮਨੁੱਖ ਸਮਾਜਿਕ ਜੀਵ ਹੋਣ ਕਰਕੇ ਜਾਂ ਦੂਜੇ ਸ਼ਬਦਾਂ ਵਿਚ ਧਰਤੀ ਤੇ ਸਿਕਦਾਰ ਹੋਣ ਕਰਕੇ ਇਸ ਕੋਲ ਆਮ ਜੀਵਾਂ ਨਾਲੋਂ ਦੋ ਚੀਜ਼ਾਂ ਵਾਧੂ ਹਨ। ਬਾਕੀ ਜੂਨੀਆਂ ਨਾਲੋਂ ਮਨੁੱਖ ਦੇ ਕੋਲ ਸ਼ਰਮ ਅਤੇ ਧਰਮ ਦੋ ਵੱਖਰੀਆਂ ਚੀਜ਼ਾਂ ਹਨ। ਚੰਗੇ ਸਮਾਜ ਦੀਆਂ ਇਹ ਦੋ ਹੀ ਨਿਸ਼ਾਨੀਆਂ ਹੁੰਦੀਆਂ ਹਨ, ਜਿਨ੍ਹਾਂ ਨਾਲ ਮਨੁੱਖ ਦੀ ਮਨੁੱਖਤਾ ਬਰਕਰਾਰ ਰਹਿੰਦੀ ਹੈ। ਨਰ ਅਤੇ ਮਾਦਾ ਹਰੇਕ ਜੂਨੀਆਂ ਵਿੱਚ ਆਜ਼ਾਦ ਇਕੱਠੇ ਰਹਿੰਦੇ ਹਨ। ਪਰ ਮਨੁੱਖੀ ਸਮਾਜ ਨੇ ਇਨ੍ਹਾਂ ਦੇ ਇਕੱਠੇ ਰਹਿਣ ਦੇ ਕੁਝ ਸਲੀਕੇ (ਤੌਰ ਤਰੀਕੇ) ਬਣਾਏ ਹਨ। ਆਮ ਲੜਕੀ ਅਤੇ ਆਮ ਲੜਕੇ ਇਕੱਠੇ ਵਿਚਰਦੇ ਹੋਵਣ ਤਾਂ ਸਮਾਜ ਇਨ੍ਹਾਂ ਤੇ ਸ਼ੱਕ ਦੀ ਜਾਂ ਅਯੋਗਤਾ ਦੀ ਮੋਹਰ ਲਾਉਂਦਾ ਹੈ। ਮਨੁੱਖੀ ਸਮਾਜ ਵਿੱਚ ਇਸ ਤਰ੍ਹਾਂ ਇਕੱਠੇ ਰਹਿਣ ਲਈ ਜਿਹੜੀ ਮੋਹਰ ਲਾ ਕੇ ਆਪਣੇ ਵਿੱਚ ਸ਼ਾਮਿਲ ਕਰ ਲੈਂਦਾ ਹੈ ਉਸ ਦਾ ਨਾਂ ਵਿਆਹ ਹੈ। ਭਾਵੇਂ ਇਸ ਰੀਝ ਦੇ ਨਾਂ ਵੀ ਅਤੇ ਢੰਗ ਵੀ ਹਰੇਕ ਫਿਰਕੇ ਅਤੇ ਜਾਤੀ ਨੇ ਆਪੋ ਆਪਣੇ ਢੰਗ ਨਾਲ ਨਿਭਾਏ ਹਨ ਪਰ ਇਹ ਸਪੱਸ਼ਟ ਹੈ ਕਿ ਲੜਕਾ ਤੇ ਲੜਕੀ ਇਸ ਵਿਆਹ ਸ਼ਾਦੀ ਦੀ ਦਹਿਲੀਜ਼ ਨੂੰ ਪਾਰ ਕਰਕੇ ਹੀ ਸਮਾਜਿਕ ਇਜ਼ਤ ਤੇ ਯੋਗਤਾ ਦਾ ਧਾਰਨੀ ਹੋ ਸਕਦਾ ਹੈ।

ਸਿੱਖ ਧਰਮ ਅਨੁਸਾਰ ਇਸ ਗੀਤ ਦਾ ਨਾਂ ਅਨੰਦ ਕਾਰਜ ਰੱਖਿਆ ਗਿਆ ਹੈ। ਸਿੱਖ ਧਰਮ ਅਸਲ ਵਿੱਚ ਮਨੁੱਖਾ ਜ਼ਿੰਦਗੀ ਦਾ ਪ੍ਰਮੁੱਖ ਕਾਰਜ ਪ੍ਰਭੂ ਮਿਲਾਪ ਲਈ ਮਿਲੀ ਦੁਰਲਭ ਵਾਰੀ ਮੰਨਦਾ ਹੈ, ਜਿਸ ਕਰਕੇ ਮਨੁੱਖ ਨੇ ਜਿਥੇ ਸੰਸਾਰਿਕ ਜੀਵਨ ਜਿਉਣਾ ਹੈ ਉਥੇ ਆਪਣਾ ਨਾਲੋ ਨਾਲ ਪ੍ਰਮੁਖ ਕਾਰਜ ਭਾਵ ਪਰਮੇਸ਼ਰ ਦੀ ਪ੍ਰਾਪਤੀ ਵੀ ਕਰਨਾ ਹੈ। ਇਸ ਲਈ ਸਿੱਖ ਧਰਮ ਅਨੁਸਾਰ ਹਰ ਕਾਰਜ ਕੇਵਲ ਦੁਨੀਆਂ ਦੀ ਮੌਜ ਮਸਤੀ ਹੀ ਨਹੀਂ ਬਲਕਿ ਹਰ ਕਾਰਜ ਨਾਲ ਪ੍ਰਭੂ ਦੀ ਨੇੜਤਾ ਵੀ ਹੋਵੇ। ਅਸਲ ਵਿਚ ਮਨੁੱਖ ਨੂੰ ਜ਼ਰੂਰਤ ਹੀ ਅਜਿਹੇ ਧਰਮ ਦੀ ਸੀ ਜਿਹੜਾ ਸੰਸਾਰ ਵਿੱਚ ਰਹਿਣਾ ਸਿਖਾਵੇ ਤੇ ਪ੍ਰਭੂ ਪਰਮੇਸ਼ਰ ਨਾਲ ਮਿਲਾਵੇ। ਸਿੱਖੀ ਨੇ ਇਹ

ਦੋਵੇਂ ਕਾਰਜ ਬਹੁਤ ਸੌਖੇ ਢੰਗ ਨਾਲ ਨਿਭਾਹੇ ਹਨ। ਸਿੱਖ ਧਰਮ ਜਗਤ ਵਿਚ ਰਹਿਣਾ ਵੀ ਸਿਖਾਉਂਦਾ ਹੈ ਅਤੇ ਨਾਲ ਹੀ ਪਰਮੇਸ਼ਰ ਵੀ ਮਿਲਾਉਂਦਾ ਹੈ।

ਭਾਵੇਂ ਕਿ ਸੰਸਾਰ ਦੇ ਇਤਿਹਾਸ ਵਿੱਚ ਇਸਤ੍ਰੀ ਤੇ ਅਨੇਕਾਂ ਤਸ਼ੱਦਦ ਹੀ ਹੋਏ ਹਨ ਪਰ ਫਿਰ ਵੀ ਇਸ ਨੇ ਮਨੁੱਖੀ ਜ਼ਿੰਦਗੀ ਦੀ ਝੋਲੀ ਵਿੱਚ ਸੁੱਖ ਹੀ ਪਾਏ ਹਨ। ਅੱਜ ਦਾਨੇ ਪੁਰਖਾਂ ਦੀ ਜ਼ਬਾਨ ਤੋਂ ਕਈ ਵਾਰੀ ਅਜਿਹੇ ਬਚਨ ਸੁਣਨ ਨੂੰ ਆਮ ਮਿਲ ਜਾਂਦੇ ਹਨ ਕਿ ਹਰ ਸਫਲਤਾ ਦੀ ਚੋਟੀ ਤੇ ਪਹੁੰਚੇ ਬਹੁਤੇ ਮਨੁੱਖਾਂ ਦੀ ਜ਼ਿੰਦਗੀ ਪਿਛੇ ਕਿਸੇ ਨਾ ਕਿਸੇ ਔਰਤ ਦਾ ਹੱਥ ਜ਼ਰੂਰ ਹੁੰਦਾ ਹੈ। ਇਸਤ੍ਰੀ ਦੇ ਪੰਜ ਰੂਪ ਸੰਸਾਰ ਦੀ ਅੱਖ ਦੇ ਸਾਹਮਣੇ ਹਨ। ਸਭ ਤੋਂ ਪਹਿਲਾ ਰੂਪ ਮਾਂ ਦਾ, ਦੂਜਾ ਰੂਪ ਭੈਣ, ਤੀਜਾ ਰੂਪ ਪਤਨੀ ਦਾ, ਚੌਥਾ ਰੂਪ ਧੀ ਅਤੇ ਪੰਜਵਾਂ ਰੂਪ ਪ੍ਰੇਮਿਕਾ ਦਾ ਹੈ। ਇਸ ਮਨੁੱਖ ਨੇ ਬਹੁਤ ਵਾਰੀ ਇਨ੍ਹਾਂ ਰੂਪਾਂ ਤੇ ਕਹਿਰ ਹੀ ਕੀਤਾ ਹੈ। ਜਦੋਂ ਕਿਸੇ ਕਵੀ ਦੀ ਜਾਂ ਲਿਖਾਰੀ ਦੀ ਕਲਮ ਚੱਲੀ ਤਾਂ ਉਸਨੇ ਇਸਤ੍ਰੀ ਦੇ ਸ਼ੁਭ ਗੁਣਾਂ ਦੀ ਗੱਲ ਕਰਨ ਦੀ ਬਜਾਇ ਇਸ ਦੀ ਤਸਵੀਰ ਕੇਵਲ ਇਕ ਕਾਮ ਪੂਰਤੀ ਦੀ ਪੁਤਲੀ ਬਣਾ ਕੇ ਹੀ ਪੇਸ਼ ਕੀਤੀ। ਕਿਸੇ ਗਾਇਕ ਨੇ ਗਾਇਆ ਤਾਂ ਉਸ ਨੇ ਵੀ ਪੂਰਾ ਤਾਣ ਜ਼ੋਰ ਇਸੇ ਪਾਸੇ ਹੀ ਲਾਇਆ। ਇਥੋਂ ਤੱਕ ਕਿ ਧਾਰਮਿਕ ਦੁਨੀਆਂ ਵਿੱਚ ਵੀ ਜੇ ਮਨੁੱਖ ਨੂੰ ਸਵਰਗ ਦੇ ਝੂਠੇ ਲਾਰੇ ਲਾਏ ਤਾਂ ਉਨ੍ਹਾਂ ਲਾਰਿਆਂ ਵਿੱਚ ਜਿਹੜੇ ਸੁੱਖ ਬਿਆਨ ਕੀਤੇ, ਉਹ ਵੀ 16 ਸਾਲਾਂ ਦੀ ਉਮਰ ਦੀਆਂ ਅਪੱਛਰਾਂ ਮਿਲਣਗੀਆਂ ਹੀ ਕਿਹਾ ਹੈ। ਕਿਸੇ ਨੇ ਅਜਿਹਾ ਨਹੀਂ ਕਿਹਾ ਕਿ ਸਵਰਗ ਵਿੱਚ ਤੈਨੂੰ ਮਾਂ ਦੀ ਬੁੱਕਲ ਮਿਲੇਗੀ ਜਿਥੋਂ ਅਨੇਕਾਂ ਸੁੱਖ ਮਿਲਦੇ ਹਨ, ਭੈਣ ਦੀ, ਲੋਰੀਆਂ ਜਾਂ ਧੀ ਦਾ ਨਿੱਘਾ ਪਿਆਰ ਮਿਲੇਗਾ। ਬੱਸ ਇਹੋ ਕਿਹਾ ਕਿ ਉਥੇ 16 ਸਾਲ ਦੀਆਂ ਅਪੱਛਰਾਂ ਮਿਲਣਗੀਆਂ। ਲਿਖਣ ਤੋਂ ਮੁਰਾਦ ਸੀ ਕਿ ਇਥੇ ਤਾਂ ਮਨ ਭਾਉਂਦੀਆਂ ਕਰਦਾ ਹੀ ਰਿਹਾ, ਅੱਗੇ ਵੀ ਆਪਣੀਆਂ ਹੀ ਅਧੂਰੀਆਂ ਭਾਵਨਾਵਾਂ ਦੀ ਪੂਰਤੀ ਲਈ ਸੁੱਖ ਸਮਝ ਲਿਆ, ਇਸਤ੍ਰੀ ਦਾ ਹੋਰ ਰੂਪ ਨਜ਼ਰ ਨਹੀਂ ਆਇਆ। ਅਜਿਹੀ ਹੀ ਕਠੋਰ ਭਾਵਨਾ ਕਾਰਨ ਪਹਿਲੇ ਸਮੇਂ ਦੇ ਵਿਆਹ ਵੀ ਕੁਝ ਅਜਿਹੇ ਢੰਗ ਦੇ ਹੀ ਸਨ। ਇਨ੍ਹਾਂ ਵਿਚੋਂ ਅਜਿਹੇ ਖੁਸ਼ੀ ਦੇ ਮੌਕਿਆਂ ਨੂੰ ਵੀ ਕਠੋਰਤਾ ਨਾਲ ਹੀ ਨਿਭਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਸੀ। ਭਾਈ ਕਾਹਨ ਸਿੰਘ ਨਾਭਾ ਜੀ ਨੇ ਮਹਾਨ ਕੋਸ਼ ਵਿੱਚ 8 ਤਰ੍ਹਾਂ ਦੇ ਵਿਆਹ ਦਾ ਜ਼ਿਕਰ ਕੀਤਾ ਹੈ। ਪਰ ਇਹ ਸਾਰੇ ਦੇ ਸਾਰੇ ਇਸ ਸਮਾਜ ਦੀ ਜਨਨੀ ਤੇ ਤਸੱਦਦ ਹੀ ਸਨ।

ਪਹਿਲਾ ਬ੍ਰਾਹਮ

ਵਰ ਨੂੰ ਘਰ ਬੁਲਾ ਕੇ ਗਹਿਣਿਆਂ ਅਤੇ ਕਪੜਿਆਂ ਸਮੇਤ ਧੀ ਨੂੰ ਵੀ ਦਾਨ ਕਰਨਾ। ਭਾਵ ਇਸ ਬਾਲੜੀ ਨੂੰ ਵੀ ਇਕ ਵਸਤੂ ਸਮਝ ਕੇ ਹੀ ਵਿਆਹ ਦਾ

ਨਾਂ ਦੇ ਕੇ ਅਸਲ ਵਿਚ ਦਾਨ ਕਰਨਾ ਇਕ ਕਿਸਮ ਦਾ ਕਹਿਰ ਹੀ ਸੀ।

ਦੂਜਾ ਦੇਵ

ਯੱਗ ਕਰਵਾਉਣ ਵਾਲੇ ਰਿਤਿਜ਼ ਨੂੰ ਕੰਨਯਾ ਦਾਨ ਕਰਨੀ। ਇਥੇ ਵੀ ਦਾਨ ਦੀ ਹੀ ਕਿਰਿਆ ਸੀ।

ਤੀਜਾ ਆਸ਼ੰ

ਵਰ ਤੋਂ ਦੋ ਬੈਲ ਲੈ ਕੇ ਉਨ੍ਹਾਂ ਦੇ ਬਦਲੇ ਕੰਨਯਾ ਦੇਣੀ। ਇਹ ਵੀ ਸਮਾਜ ਦੀ ਕੋਈ ਬਹੁਤੀ ਸਤਿਕਾਰੀ ਹੋਈ ਰੀਤੀ ਨਹੀਂ ਸੀ।

ਚੌਥਾ ਪ੍ਰਜਾਪਤਯਾ

ਸੰਤਾਨ ਦੀ ਪ੍ਰਾਪਤੀ ਲਈ ਰਜ਼ਾਮੰਦੀ ਨਾਲ ਸ਼ਾਦੀ ਕਰਨਾ। ਇਹ ਵੀ ਇਕ ਅਜਿਹੀ ਰਸਮ ਸੀ, ਜਦੋਂ ਪਤਨੀ ਵਿਚੋਂ ਪੁੱਤਰ ਨਾ ਮਿਲੇ ਤਾਂ ਪਤਨੀ ਦੀ ਭੈਣ ਜਾਂ ਕਿਸੇ ਹੋਰ ਨਾਲ ਸ਼ਾਦੀ ਕਰਕੇ ਔਲਾਦ ਪੈਦਾ ਕਰਨਾ।

ਪੰਜਵਾਂ ਅਸੁਰ

ਇਹ ਤਾਂ ਸਪੱਸ਼ਟ ਹੀ ਸੀ ਕਿ ਪੈਸਾ ਲੈ ਕੇ ਲੜਕੀ ਦੇਣੀ।

ਛੇਵਾਂ ਗਾਂਧਰਵ

ਸ਼ਾਦੀ ਤੋਂ ਪਹਿਲਾਂ ਹੀ ਲੜਕਾ ਲੜਕੀ ਦੀ ਪ੍ਰੀਤ ਨੂੰ ਸ਼ਾਦੀ ਦਾ ਰੂਪ ਦੇ ਦੇਣਾ। ਪਰ ਅਜਿਹਾ ਰਿਸ਼ਤਾ ਬਹੁਤ ਤਸ਼ੱਦਦ ਸਹਿ ਕੇ ਹੀ ਸ਼ਾਦੀ ਦਾ ਰੂਪ ਲੈਂਦਾ ਸੀ। ਜਿਸ ਵਿਚੋਂ ਬਹੁਤੀ ਵਾਰੀ ਇਹ ਕਹਿਰ ਵੀ ਲੜਕੀ ਦੇ ਹਿੱਸੇ ਹੀ ਆਉਂਦਾ ਸੀ।

ਸੱਤਵਾਂ ਰਾਕਸ਼

ਜੰਗ ਯੁੱਧ ਦੇ ਨਾਲ ਕਿਸੇ ਲੜਕੀ ਨੂੰ ਲੜਾਈ ਕਰਕੇ ਜਿੱਤ ਲੈਣਾ।

ਅੱਠਵਾਂ ਪੈਸ਼ਾਚ

ਜ਼ੁਲਮ ਨਾਲ ਰੋਂਦੀ ਕੁਰਲਾਉਂਦੀ ਲੜਕੀ ਖੋਹ ਲੈ ਜਾਣੀ। ਗੁਰਮਤਿ ਨੇ ਜਿਥੇ ਸਮਾਜ ਵਿੱਚ ਇਸ ਜਣਨੀ ਦਾ ਮੁਕਾਮ ਉੱਚਾ ਕੀਤਾ ਉਥੇ ਨਾਲ ਹੀ ਅਜਿਹੀ ਖੁਸ਼ੀਆਂ ਭਰੀ ਰੀਤ ਨੂੰ ਅਨੰਦ ਕਾਰਜ ਦੇ ਨਾਮ ਨਾਲ ਸਤਿਕਾਰਿਆ। ਇਥੇ ਇਸਤ੍ਰੀ ਜੀਵਨ ਰੂਪ ਗੱਡੀ ਦਾ ਦੂਜਾ ਪਹੀਆ ਕਿਹਾ ਹੈ। ਗ੍ਰਿਹਸਥੀ ਜੀਵਨ ਮਾਨੋ ਇਕ ਅਜਿਹੀ ਗੱਡੀ ਹੈ, ਜਿਸ ਦਾ ਇਕ ਪਹੀਆ ਪਤੀ ਤੇ ਦੂਜਾ ਪਤਨੀ ਹੁੰਦਾ ਹੈ, ਜਿਨ੍ਹਾਂ ਸਹਿਮਤੀ ਅਤੇ ਪ੍ਰਸਪਰ ਚੱਲਦਿਆਂ ਆਪਣੀ ਮੰਜ਼ਲੇ-ਮਕਸੂਦ ਦੀ ਵੀ ਪ੍ਰਾਪਤੀ ਕਰਨੀ ਹੈ। ਜ਼ਿੰਦਗੀ ਦੇ ਮਾਰਗ ਤੇ ਕਦੇ ਪਤੀ ਡੋਲ ਜਾਵੇ ਤਾਂ ਇਸਤ੍ਰੀ ਸਹਾਰਾ ਦੇਵੇ, ਕਦੇ ਪਤਨੀ ਦਾ ਕਦਮ ਥਿੜਕ ਜਾਵੇ ਤਾਂ ਪਤੀ ਸਹਾਰਾ ਬਣੇ।

ਪੰਡਰਪੁਰ ਦੱਖਣ ਵਿੱਚ ਇਕ ਅਜਿਹੇ ਸੁਚੱਜੇ ਪਤੀ ਪਤਨੀ ਹੋਏ ਹਨ, ਜੋ

ਧਰਮ ਦੇ ਮਾਰਗ ਤੇ ਤੁਰਦਿਆਂ ਇਕ ਦੂਜੇ ਦਾ ਸਹਾਰਾ ਬਣੇ ਸਨ। ਭਾਈ ਕਾਨ੍ਹ ਸਿੰਘ ਜੀ ਨੇ ਮਹਾਨ ਕੋਸ਼ ਦੇ ਪੰਨਾ 1051 ਤੇ ਅਜਿਹੀ ਘਟਨਾ ਦਾ ਜ਼ਿਕਰ ਕੀਤਾ ਹੈ ਕਿ ਰੰਕਾਂ ਪਤਨੀ ਸੀ ਤੇ ਬੰਕਾਂ ਪਤੀ ਸੀ। ਇਕ ਵਾਰੀ ਰਾਹ ਤੇ ਚੱਲਦਿਆਂ ਰਸਤੇ ਵਿਚ ਕੁਝ ਸੋਨੇ ਦੀਆਂ ਮੋਹਰਾਂ ਪਈਆਂ ਦੇਖ ਕੇ ਪਤਨੀ ਨੇ ਬਹਾਨੇ ਨਾਲ ਪੈਰ ਨਾਲ ਮਿੱਟੀ ਪਾਉਣੀ ਸ਼ੁਰੂ ਕਰ ਦਿੱਤੀ। ਰੰਕਾਂ ਨੇ ਭਾਵੇਂ ਪਤੀ ਦੇ ਆਉਣ ਤੱਕ ਮੋਹਰਾਂ ਮਿੱਟੀ ਪਾ ਕੇ ਢੱਕਣ ਦੀ ਕੋਸ਼ਿਸ਼ ਕੀਤੀ ਪਰ ਬੰਕਾਂ ਕੋਲ ਆ ਕੇ ਜ਼ੋਰ ਜ਼ੋਰ ਦੀ ਹੱਸਣ ਲੱਗ ਪਿਆ। ਬੰਕੇ ਨੇ ਬੜੇ ਪਿਆਰ ਨਾਲ ਪੁੱਛਿਆ ਕਿ ਤੁਸੀ ਮੋਹਰਾਂ ਤੇ ਮਿਟੀ ਕਿਉਂ ਪਾਈ ? ਤਾਂ ਪਤਨੀ ਨੇ ਕਿਹਾ ਕਿ ਮੈਂ ਸੋਚਿਆ ਹੁਣ ਤੱਕ ਦਾ ਸੰਭਾਲ ਕੇ ਰੱਖਿਆ ਸੰਜਮ ਕਿਧਰੇ ਸੋਨੇ ਦੀ ਚਮਕ ਦਮਕ ਵਿੱਚ ਬਰਬਾਦ ਨਾ ਹੋ ਜਾਵੇ। ਪਤੀ ਨੇ ਪਿਆਰ ਨਾਲ ਸਮਝਾਇਆ ਕਿ ਬਾਹਰੋਂ ਕੋਈ ਵੀ ਪਾਪ ਆ ਕੇ ਅੰਦਰ ਉਦੋਂ ਪੁੰਗਰਦਾ ਹੈ ਜਦੋਂ ਜੀਵ ਦੇ ਅੰਦਰ ਦੀ ਭਾਵਨਾ ਪ੍ਰਵਾਨ ਕਰਦੀ ਹੈ। ਜੇ ਭਾਵਨਾ ਹੀ ਅਜਿਹੀ ਹੋ ਜਾਵੇ ਕਿ ਸੋਨਾ ਵੀ ਮਿੱਟੀ ਲੱਗਣ ਲੱਗ ਜਾਵੇ ਤਾਂ ਫਿਰ ਮਿੱਟੀ ਤੇ ਮਿੱਟੀ ਪਾਉਣ ਦੀ ਲੋੜ ਨਹੀਂ ਹੁੰਦੀ। ਪਤੀ ਦੇ ਮੁਖੋਂ ਅਜਿਹੀ ਵੀਚਾਰ ਸੁਣ ਕੇ ਪਤਨੀ ਗੱਦ-ਗੱਦ ਹੋ ਉਠੀ ਤੇ ਕਹਿਣ ਲੱਗੀ, ਅੱਜ ਮੈਂ ਅਸਲ ਵਿਚ ਧਰਮ ਨੂੰ ਜਾਣਿਆ ਹੈ। ਪਤੀ ਪਤਨੀ ਸੰਸਾਰਿਕ ਜੀਵਨ ਵਿੱਚ ਕੇਵਲ ਇਕ ਰਿਸ਼ਤਾ ਹੀ ਨਹੀਂ ਹਨ ਬਲਕਿ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਤਾਂ ਇਸਤ੍ਰੀ ਨੂੰ ਈਮਾਨ ਕਿਹਾ ਸੀ।

ਕੁਝ ਕੁ ਧਾਰਮਿਕ ਵੀਚਾਰਾਂ ਅਜਿਹੀਆਂ ਵੀ ਹਨ ਜਿਨ੍ਹਾਂ ਨੇ ਜ਼ਿੰਦਗੀ ਨੂੰ ਚਾਰ ਭਾਗਾਂ ਵਿੱਚ ਵੰਡਿਆ ਸੀ। ਪਹਿਲਾ ਹਿੱਸਾ 25 ਸਾਲ ਤੱਕ ਬ੍ਰਹਮਚਾਰੀ ਰਹਿਣਾ। ਦੂਜਾ ਹਿਸਾ 25 ਤੋਂ 50 ਤੱਕ ਗ੍ਰਹਿਸਥੀ ਰਹਿਣਾ। ਤੀਜਾ ਹਿਸਾ 50 ਸਾਲ ਤੋਂ 75 ਸਾਲਾਂ ਤੱਕ ਵਾਣਪ੍ਰਸਤ ਰਹਿਣਾ ਅਤੇ ਆਖਰੀ ਹਿੱਸੇ ਭਾਵ 75 ਸਾਲ ਤੋਂ 100 ਸਾਲ ਤੱਕ ਸੰਨਿਆਸੀ ਹੋਣਾ ਸੀ। ਸਿੱਖ ਧਰਮ ਨੇ ਇਸ ਪਾਸੇ ਵੀ ਅਤਿਅੰਤ ਪਿਆਰੀ ਅਗਵਾਈ ਬਖਸ਼ੀ। ਪਹਿਲੀ ਗੱਲ ਇਸ ਗੱਲ ਦਾ ਕੋਈ ਪੱਕਾ ਭਰੋਸਾ ਨਹੀਂ ਕਿ ਜ਼ਿੰਦਗੀ ਸੌ ਸਾਲ ਦਾ ਸਫਰ ਕਰੇਗੀ ਜਾਂ ਨਹੀਂ। ਇਥੇ ਤਾਂ ਰੱਬੀ ਕਿਰਸਾਣ ਦੀ ਖੇਤੀ ਹੈ। ਇਸ ਨੂੰ ਭਾਵ ਜ਼ਿੰਦਗੀ ਨੂੰ ਕਿਰਸਾਣ ਦਾ ਹੱਕ ਹੈ, ਜਦੋਂ ਮਰਜ਼ੀ ਵੀ ਵੱਢ ਸਕਦਾ ਹੈ ਅੰਮ੍ਰਿਤ ਬਚਨ ਹਨ :-

"ਜੈਸੇ ਕਿਰਸਾਣੁ ਬੋਵੈ ਕਿਰਸਾਨੀ ॥ ਕਾਚੀ ਪਾਕੀ ਬਾਢਿ ਪਰਾਨੀ ॥੧॥"

(ਪੰਨਾ ੩੭੫)

ਦੂਜੀ ਗੱਲ ਇਹ ਕਿ ਮਨੁੱਖ ਪਹਿਲੇ ਪੱਚੀ ਸਾਲ ਹੀ ਬ੍ਰਹਮਚਾਰੀ ਕਿਉਂ, ਇਹ ਤਾਂ ਸਗੋਂ ਸਾਰੀ ਜ਼ਿੰਦਗੀ ਹੀ ਨਿਜ-ਨਾਰੀ ਨਾਲ ਨੇਹੁ ਹੰਢਾ ਕੇ ਪਰ-ਨਾਰੀ ਪ੍ਰਤੀ

ਸਾਰੀ ਜ਼ਿੰਦਗੀ ਹੀ ਬ੍ਰਹਮਚਾਰੀ ਰਹਿੰਦਾ ਹੈ। ਗ੍ਰਹਿਸਥੀ ਜੀਵਨ ਦੇ ਵੀ ਪੱਝੀ ਸਾਲ ਹੀ ਕਿਉਂ ਬਲਕਿ ਸਾਰੀ ਜ਼ਿੰਦਗੀ ਵਿਚ ਹੀ ਗ੍ਰਹਿਸਥ ਉਦਾਸ ਰਹਿੰਦਾ ਹੈ। ਤੀਜੇ ਹਿਸੇ ਦੇ ਪੰਝੀ ਸਾਲ ਵਾਣਪ੍ਰਸਥੀ ਨਾਲ ਨਹੀਂ ਬਲਕਿ ਸਾਰੀ ਜ਼ਿੰਦਗੀ ਪ੍ਰੀਵਾਰ ਵਿੱਚ ਰਹਿੰਦਿਆਂ ਮੋਹ ਮਮਤਾ ਦੀਆਂ ਫਾਹੀਆਂ ਤੋੜਨੀਆਂ ਹਨ। ਚੌਥਾ ਸੰਨਿਆਸੀ ਹੋ ਕੇ ਜੰਗਲੀ ਭਟਕਣ ਦੀ ਬਜਾਇ "ਰੇ ਮਨ ਐਸੋ ਕਰਿ ਸੰਨਿਆਸਾ ॥ ਬਨ ਸੇ ਸਦਨ ਸਭੈ ਕਰਿ ਸਮਝਹੁ ਮਨ ਹੀ ਮਾਹਿ ਉਦਾਸਾ ॥" (ਸ਼ਬਦ ਹਜ਼ਾਰੇ ਪਾ:੧੦) ਬਣ ਜਿਊਣਾ ਹੈ।

ਸਿੱਖ ਧਰਮ ਅਨੁਸਾਰ ਇਸ ਕਾਰਜ ਦਾ ਨਾਂ ਅਨੰਦ ਕਾਰਜ ਹੈ ਕਿਉਂਕਿ ਮਨੁੱਖੀ ਜ਼ਿੰਦਗੀ ਵਿਚ ਇਹ ਅਤਿ ਦਾ ਖੁਸ਼ੀਆਂ ਭਰਿਆ ਕਾਰਜ ਹੈ। ਮਨੁੱਖਾ ਜ਼ਿੰਦਗੀ ਨਾਲ ਸਬੰਧਿਤ ਚਾਰ ਅਹਿਮ ਕਰਮ ਹਨ। ਪਹਿਲਾ ਜਨਮ, ਦੂਜਾ ਧਰਮ ਧਾਰਨ ਕਰਨਾ ਤੀਜਾ ਵਿਆਹ ਭਾਵ ਅਨੰਦ ਕਾਰਜ ਚੌਥਾ ਸੰਸਾਰਿਕ ਚਲਾਣਾ। ਚਾਰੇ ਕਾਰਜਾਂ ਵਿਚੋਂ ਕੇਵਲ ਇਕ ਅਨੰਦ ਕਾਰਜ ਹੀ ਹੈ ਜਿਸ ਵਿਚ ਸਾਰੇ ਪ੍ਰੀਵਾਰ ਦੇ ਮੈਂਬਰ, ਕਬੀਲਾ ਸ਼ਰੀਕਾ, ਆਂਢ ਗੁਆਂਢ ਅਤੇ ਖੁਦ ਜਿਨ੍ਹਾਂ ਕਰਕੇ ਖੁਸ਼ੀ ਮਨਾਈ ਜਾ ਰਹੀ ਹੈ ਉਹ ਆਪ ਵੀ ਸ਼ਾਮਿਲ ਹੁੰਦੇ ਹਨ।

ਵਿਆਹ ਤਾਂ ਅਸਲ ਵਿੱਚ ਇਕ ਬਹੁਤ ਛੋਟਾ ਜਿਹਾ ਹੀ ਕਾਰਜ ਹੈ। ਇਹ ਤਾਂ ਸਿਰਫ ਇਕ ਦਿਨ ਵਿੱਚ ਹੀ ਸੰਪੂਰਨ ਹੋ ਜਾਂਦਾ ਹੈ। ਪਰ ਨਿਰਬਾਹ ਸਾਰੀ ਜ਼ਿੰਦਗੀ ਲਈ ਹੈ। ਨਿਰਬਾਹ ਹੀ ਵਿਆਹ ਦੀ ਕੀਮਤ ਪ੍ਰਗਟ ਕਰਦਾ ਹੈ। ਸਤਿਗੁਰੂ ਜੀ ਨੇ ਵੀ ਉਤਨੀ ਸਿਖਿਆ ਵਿਆਹ ਦੀ ਦਿਤੀ ਜਿਤਨੀ ਨਿਰਬਾਹ ਦੀ ਦਿੱਤੀ ਹੈ। ਨਿਰਬਾਹ ਵਿਚੋਂ ਹੀ ਸਭ ਕੁਝ ਪੈਦਾ ਹੁੰਦਾ ਹੈ। ਮਨੁੱਖਾਂ ਜਿੰਦਗੀ ਦੇ ਤਿੰਨ ਜਰੂਰੀ ਹਿੱਸਿਆ ਤੇ ਨਜ਼ਰ ਮਾਰਿਆਂ ਸਪੱਸ਼ਟ ਹੋ ਜਾਂਦਾ ਹੈ। ਇਹ ਤਿੰਨ ਹਿੱਸੇ ਹਨ ਪ੍ਰੀਵਾਰ, ਸੰਸਾਰ ਅਤੇ ਨਿਰੰਕਾਰ। ਜਿਸਦਾ ਪ੍ਰੀਵਾਰ ਨਾਲ ਨਿਰਬਾਹ ਹੋ ਗਿਆ ਉਸਦਾ ਸੰਸਾਰ ਨਾਲ ਨਿਰਬਾਹ ਹੋ ਜਾਇਏਗਾ ਅਤੇ ਜਿਸ ਦਾ ਸੰਸਾਰ ਨਾਲ ਨਿਰਬਾਹ ਹੋ ਜਾਵੇ ਉਹ ਨਿਰੰਕਾਰ ਨਾਲ ਵੀ ਪ੍ਰੀਤ ਗੰਢ ਲੈਂਦਾ ਹੈ ਕਿਉਂਕਿ

"ਇਹੁ ਜਗੁ ਸਚੈ ਕੀ ਕੋਠੜੀ ਸਚੇ ਕਾ ਵਿਚਿ ਵਾਸੁ ॥"

(ਪੰਨਾ ੪੬੩)

ਸੰਸਾਰ ਵਿੱਚ ਹੀ ਤਾਂ ਨਿਰੰਕਾਰ ਵਸਿਆ ਹੋਇਆ ਹੈ। ਜਿਸ ਦਿਨ ਮਨੁੱਖ ਨੇ ਪ੍ਰੀਵਾਰ ਨਾਲ ਨਿਰਬਾਹ ਕਰਨਾ ਸਿੱਖ ਲਿਆ ਉਸ ਦਿਨ ਸੰਸਾਰ ਵਿਚ ਵੀ ਅਮਨ ਚੈਨ ਹੋ ਜਾਇਏਗਾ, ਫਿਰ ਸਾਰੇ ਪ੍ਰੇਮ ਗੱਲਵਕੜੀ ਪਾ ਕੇ ਰਹਿਣਗੇ। ਅੱਜ ਦੀ ਤਰ੍ਹਾਂ ਹਰ ਦੇਸ਼ ਬਰੂਦ ਦੀ ਢੇਰੀ ਤੇ ਬੈਠਾ ਨਜ਼ਰ ਨਹੀਂ ਆਇਏਗਾ। ਸੰਸਾਰ ਵੀ ਇੱਕ ਵੱਡਾ ਪ੍ਰੀਵਾਰ ਹੀ ਹੈ। ਜਦੋਂ ਮਨੁੱਖ ਕਿਸੇ ਦੀ ਗੱਲ ਸਹਾਰ ਕੇ, ਆਪ ਵੀਚਾਰ

ਕੇ ਪਿਆਰ ਨਾਲ ਸਮਝਾਉਣ ਜੋਗਾ ਹੋ ਜਾਂਦਾ ਹੈ ਬੱਸ ਇਸਨੂੰ ਹੀ ਨਿਰਬਾਹ ਆਖਦੇ ਹਨ। ਸਮਾਜ ਅਤੇ ਇਨਸਾਨੀਅਤ ਦੀ ਸਭ ਤੋਂ ਵੱਡੀ ਦੁਸ਼ਮਣ ਹੀ ਖੁਦਗਰਜ਼ੀ ਹੈ। ਖੁਦਗਰਜ਼ੀ ਹੀ ਖੁਦਾ ਤੋਂ ਦੂਰ ਕਰਦੀ ਹੈ। ਖੁਦਗਰਜ਼ੀ ਹੀ ਦੂਜਿਆਂ ਨੂੰ ਪੈਰਾਂ ਥੱਲੇ ਲਿਤਾੜ ਕੇ ਆਪ ਵੱਡਾ ਬਣਨ ਦੀ ਪ੍ਰੇਰਨਾ ਦਿੰਦੀ ਹੈ।

ਸੰਸਾਰ ਵਿਚ ਭਾਵੇਂ ਹੋਰ ਵੀ ਅਨੇਕਾਂ ਜੂਨੀਆਂ ਹਨ, ਪਰ ਧਰਤੀ ਤੇ ਬਹੁਤ ਕੁਝ ਚੰਗਾ ਜਾਂ ਮਾੜਾ ਮਨੁੱਖ ਕਰਕੇ ਹੀ ਹੁੰਦਾ ਹੈ। ਜਿਤਨੇ ਪਾਪ, ਪੁੰਨ, ਸੱਚ, ਝੂਠ, ਚੰਗਾ, ਮੰਦਾ, ਸਭ ਮਨੁੱਖ ਦੀ ਹੀ ਦੇਣ ਹਨ। ਦੇਸ਼ਾਂ ਦੀਆਂ ਹੱਦ ਬੰਨੀਆਂ, ਪੁਲੀਸ, ਫੌਜ, ਘਰਾਂ, ਦੁਕਾਨਾਂ ਨੂੰ ਜਿੰਦਰੇ ਇਸ ਸਭ ਕੁਝ ਦਾ ਕਾਰਨ ਮਨੁੱਖ ਹੀ ਹੈ। ਸੋ ਜੇਕਰ ਮਨੁੱਖ ਵਿੱਚ ਪਿਆਰ ਅਤੇ ਕਿਰਦਾਰ ਪੈਦਾ ਹੋ ਜਾਵੇ ਤਾਂ ਇਹ ਧਰਤੀ ਸਵਰਗ ਬਣ ਸਕਦੀ ਹੈ। ਪਿਆਰ ਅਤੇ ਕਿਰਦਾਰ ਪ੍ਰੀਵਾਰ ਵਿੱਚ ਰਹਿ ਕੇ ਨਿਰਬਾਹ ਕਰਿਆਂ ਹੀ ਪ੍ਰਾਪਤ ਹੁੰਦਾ ਹੈ। ਸ਼ਾਇਦ ਅਜਿਹਾ ਹੀ ਕਾਰਨ ਹੋਵੇਗਾ ਜਿਹੜੇ ਲੋਕ ਗ੍ਰਿਹਸਥ ਤੋਂ ਭੱਜ ਕੇ ਜੰਗਲਾਂ ਵਿੱਚ ਸਮਾਧੀਆਂ ਲਾ ਬੈਠੇ ਤਾਂ ਉਨ੍ਹਾਂ ਸਾਹਮਣੇ ਕਿਸੇ ਨੇ ਨਿੱਕੀ ਜਿਹੀ ਗਲਤੀ ਵੀ ਕਰ ਲਈ ਤਾਂ ਉਨ੍ਹਾਂ ਨੇ ਅਤਿਅੰਤ ਬਿਖੜੇ ਸਰਾਪ ਦੇ ਦਿੱਤੇ। ਅਸਲ ਵਿੱਚ ਅਜਿਹੇ ਲੋਕਾਂ ਦੇ ਹਿਰਦਿਆਂ ਵਿੱਚ ਵੱਸਦੇ ਚੰਡਾਲ ਨਾਲ ਹੀ ਰਹਿੰਦੇ ਰਹੇ। ਛੱਡਣੇ ਤਾਂ ਚੰਡਾਲ ਸਨ, ਛੱਡਣੇ ਤਾਂ ਵਿਕਾਰ ਸਨ, ਪਰ ਛੱਡ ਬੈਠਾ ਪ੍ਰੀਵਾਰ, ਇਸੇ ਲਈ ਹਜ਼ੂਰ ਦਾ ਫੁਰਮਾਨ ਹੈ :-

ਦੇਸੁ ਛੋਡਿ ਪਰਦੇਸਹਿ ਧਾਇਆ ॥ ਪੰਚ ਚੰਡਾਲ ਨਾਲੇ ਲੈ ਆਇਆ ॥੪॥

(ਪੰਨਾ ੧੩੪੮)

ਨਿਰਬਾਹ ਵਿਚੋਂ ਹੀ ਚੰਗੇ ਪਤੀ ਪਤਨੀ, ਪੁੱਤਰ ਧੀਆਂ, ਮਾਤਾ ਪਿਤਾ, ਆਂਢ-ਗੁਆਂਢ, ਨੇਕ ਇਨਸਾਨ ਅਤੇ ਚੰਗੇ ਨਾਗਰਿਕ ਪੈਦਾ ਹੋ ਸਕਦੇ ਹਨ। ਇਸ ਲਈ ਹੀ ਸਤਿਗੁਰੂ ਜੀ ਨੇ ਕਿਰਪਾ ਕੀਤੀ ਕਿ ਪ੍ਰੀਵਾਰ ਵਿੱਚ ਰਹਿ ਕੇ ਵਿਆਹ ਅਤੇ ਨਿਰਬਾਹ ਸਿੱਖ, ਫਿਰ ਹਰੇਕ ਜ਼ਿੰਦਗੀ ਦਾ ਸੁੱਖ ਤੇਰੇ ਦਾਮਨ ਦਾ ਸ਼ਿੰਗਾਰ ਹੋਵੇਗਾ। ਅੱਜ ਸੰਸਾਰ ਭਾਵੇਂ ਏਕੇ ਵਿੱਚ ਬਰਕਤਾਂ ਦੇ ਨਾਅਰੇ ਜ਼ਰੂਰ ਲਾਉਂਦਾ ਹੈ ਪਰ ਇਸ ਏਕੇ ਦੇ ਮੂਲ ਨੂੰ ਨਹੀਂ ਸਮਝਦਾ। ਏਕੇ ਦਾ ਮੂਲ ਵੀ ਅਸਲ ਵਿੱਚ ਨਿਰਬਾਹ ਹੀ ਹੈ। ਨਿਰਬਾਹ ਹੀ ਸਾਰਿਆਂ ਨੂੰ ਅੰਦਰੋਂ ਇਕ ਕਰਕੇ ਦੂਜੇ ਦੇ ਸੁੱਖਾਂ-ਦੁੱਖਾਂ ਵਿੱਚ ਭਾਈਵਾਲ ਬਣਨਾ ਸਿਖਾਉਂਦਾ ਹੈ। ਦਾਨਿਆਂ ਪੁਰਖਾਂ ਦੀ ਜ਼ਿੰਦਗੀ ਦੇ ਨਿਚੋੜ ਹਨ ਕਿ ਜਿਸ ਨੇ ਕਦੇ ਆਪਣੇ ਪੁੱਤਰ ਦਾ ਦੁੱਖ ਨਹੀਂ ਦੇਖਿਆ ਉਹ ਸੰਸਾਰ ਦਾ ਦੁੱਖ ਕਿਵੇਂ ਸਮਝ ਸਕਦਾ ਹੈ? ਜਿਸ ਨੇ ਕਦੇ ਆਪਣੀ ਔਲਾਦ ਦੇ ਅੱਥਰੂ ਨਹੀਂ ਪੂੰਝੇ ਉਹ ਹੋਰ ਕਿਸੇ ਦਾ ਮੁਖੜਾ ਕੀ ਸਵਾਰ ਸਕਦਾ ਹੈ? ਇਸ ਲਈ ਤਾਂ ਹਜ਼ੂਰ ਆਖਦੇ ਹਨ ਕਿ :-

ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ ॥
ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ ॥੭੮॥

(ਪੰਨਾ ੧੩੮੨)

ਫਿਰ ਦੁਨੀਆਂ ਬਿਗਾਨਿਆਂ ਦੀ ਨਹੀਂ ਬਲਕਿ ਆਪਣਿਆਂ ਦੀ ਲਗੇਗੀ ਕਿਉਂਕਿ ਹੁਣ ਤਾਂ ਵੈਰੀ ਬਿਗਾਨਾ ਦਿੱਸਦਾ ਹੀ ਕੋਈ ਨਹੀਂ।

"ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ ॥੧॥"

(ਪੰਨਾ ੧੨੯੯)

ਵਿਆਹ ਦੇ ਨਾਲ ਹੀ ਨਿਰਬਾਹ ਦੀ ਵੀਚਾਰ ਵੀ ਸਿੱਖ ਲਈਏ, ਫਿਰ ਸਾਡੀ ਜ਼ਿੰਦਗੀ ਦੇ ਵਿਹੜੇ ਵਿਚੋਂ ਤਲਾਕ ਨਹੀਂ ਬਲਕਿ ਇਖਲਾਕ ਦਾ ਬੂਟਾ ਪੈਦਾ ਹੋਵੇਗਾ, ਜਿਸ ਦੀ ਠੰਡੀ ਮਿੱਠੀ ਛਾਂ ਅਤੇ ਖੁਸ਼ਬੋ ਨਾਲ ਸਾਰਾ ਸੰਸਾਰ ਅਨੰਦ ਵਿੱਚ ਝੂਮ ਉਠੇਗਾ। ਅਜਿਹਾ ਅਨੰਦ ਕਾਰਜ ਕੇਵਲ ਇਕ ਲੜਕਾ ਲੜਕੀ ਜਾਂ ਪ੍ਰੀਵਾਰ ਖੁਸ਼ੀਆਂ ਦਾ ਹੀ ਕਾਰਨ ਨਹੀਂ ਹੋਵੇਗਾ, ਅਜਿਹਾ ਅਨੰਦ ਕਾਰਜ ਤਾਂ ਸਗੋਂ ਸਮੁੱਚੇ ਸੰਸਾਰ ਲਈ ਖੁਸ਼ੀਆਂ ਦੀ ਆਮਦ ਦਾ ਸੁਨੇਹਾ ਹੋਵੇਗਾ।

ਵਿਆਹ ਅਤੇ ਨਿਰਬਾਹ ਦੀ ਸਫਲਤਾ ਲਈ ਜਗਤ ਗੁਰੂ ਬਾਬੇ ਵਲੋਂ ਦਿੱਤੇ ਪ੍ਰੇਮ ਭਿੱਜੇ ਸਨੇਹਿਆਂ ਵਿਚੋਂ ਕੁਝ ਕੁ ਜ਼ਰੂਰੀ ਨੁਕਤੇ ਚੁਣੇ ਹਨ, ਜਿਨ੍ਹਾਂ ਦੀ ਇਕ ਇਕ ਕਰਕੇ ਵੀਚਾਰ ਕਰੀਏ।

ਨਿਰਬਾਹ ਜ਼ਿੰਦਗੀ ਦੇ ਹਰ ਖੇਤਰ ਵਿੱਚ ਲੋੜੀਂਦਾ ਹੈ। ਨਿਰਬਾਹ ਹੀ ਮਾਲਿਕ, ਨੌਕਰ, ਪਿਤਾ, ਪੁੱਤਰ, ਰਾਜਾ, ਪਰਜਾ, ਦੁੱਖੀ ਸੁੱਖੀ, ਅਮੀਰ ਗਰੀਬ, ਗੁਰੂ ਅਤੇ ਸਿੱਖ ਭਾਵ ਹਰ ਖੇਤਰ ਵਿੱਚ ਅੰਦਰੂਨੀ ਸਾਂਝ ਪੈਦਾ ਕਰਦਾ ਹੈ। ਬੱਸ, ਨਿਰਬਾਹ ਕਰਨਾ ਆ ਜਾਏ ਤਾਂ ਫਿਰ ਕਦੇ ਵੀ ਮਿਲਾਪ ਵਰਗੇ ਰੁੱਖ ਨੂੰ ਵਿਛੋੜੇ ਵਰਗਾ ਦੁਖਦਾਈ ਫਲ ਨਹੀਂ ਲੱਗਦਾ, ਸਗੋਂ ਸਦੀਵ ਖੁਸ਼ੀਆਂ ਦੇ ਫੁੱਲ ਖਿੜੇ ਰਹਿੰਦੇ ਹਨ।

*

ਪਰਵਿਰਤੀ ਕਰਮ

ਗੁਰਬਾਣੀ ਜਗਿਆਸੂ ਨੂੰ ਲੋਕ ਦੇ ਸੁਖਾਂ ਨਾਲ ਮਾਲਾ-ਮਾਲ ਕਰਦੀ ਹੋਈ ਪ੍ਰਲੋਕ ਵਿੱਚ ਰੱਬੀ ਗੋਦ ਵਿੱਚ ਪਹੁੰਚਾ ਦਿੰਦੀ ਹੈ। ਜਿਥੇ ਗੁਰਬਾਣੀ ਪ੍ਰਭੂ ਮਿਲਾਪ ਦਾ ਉਤਮ ਵਸੀਲਾ ਹੈ, ਉਥੇ ਸੰਸਾਰਿਕ ਜੀਵਨ ਜੁਗਤਿ ਵੀ ਕਮਾਲ ਦੀ ਬਖਸ਼ਿਸ ਕਰਦੀ ਹੈ। ਇਸ ਲਈ ਸਭ ਤੋਂ ਪਹਿਲਾਂ ਧੰਨ ਗੁਰੂ ਰਾਮਦਾਸ ਮਹਾਰਾਜ ਦੀ ਪਵਿੱਤਰ ਬਖਸ਼ਿਸ ਚਾਰ ਲਾਵਾਂ ਦੀ ਵੀਚਾਰ ਕਰਦੇ ਹਾਂ। ਇਸ ਲਾਵਾਂ ਦੀ ਪਾਵਨ ਬਾਣੀ ਨਾਲ ਹੀ ਸਿੱਖ ਜਗਤ ਵਿਆਹ ਦੀ ਮਰਿਯਾਦਾ ਪੂਰੀ ਕਰਦਾ ਹੈ। ਇਨ੍ਹਾਂ ਲਾਵਾਂ ਵਿਚ ਵੀ ਕੇਵਲ ਗੱਲ ਵਿਆਹ ਦੀ ਹੀ ਨਹੀਂ ਬਲਕਿ ਨਿਰਬਾਹ ਦੀ ਵੀ ਹੈ। ਇਨ੍ਹਾਂ ਲਾਵਾਂ ਦਾ ਪਾਠ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀ ਪਾਵਨ ਬਾਣੀ, ਸੂਹੀ ਰਾਗ ਅੰਦਰ ਪਾਵਨ ਅੰਗ 773 ਤੇ 774 ਤੇ ਸ਼ੁਭਾਇਮਾਨ ਹੈ।

ਹਰਿ ਪਹਿਲੜੀ ਲਾਵ ਪਰਵਿਰਤੀ ਕਰਮ ਦ੍ਰਿੜਾਇਆ ਬਲਿ ਰਾਮ ਜੀਉ॥
ਬਾਣੀ ਬ੍ਰਹਮਾ ਵੇਦੁ ਧਰਮੁ ਦ੍ਰਿੜਹੁ ਪਾਪ ਤਜਾਇਆ ਬਲਿ ਰਾਮ ਜੀਉ॥
ਧਰਮੁ ਦ੍ਰਿੜਹੁ ਹਰਿ ਨਾਮੁ ਧਿਆਵਹੁ ਸਿਮ੍ਰਿਤਿ ਨਾਮੁ ਦ੍ਰਿੜਾਇਆ॥
ਸਤਿਗੁਰੁ ਗੁਰੁ ਪੂਰਾ ਆਰਾਧਹੁ ਸਭਿ ਕਿਲਵਿਖ ਪਾਪ ਗਵਾਇਆ॥
ਸਹਜ ਅਨੰਦੁ ਹੋਆ ਵਡਭਾਗੀ ਮਨਿ ਹਰਿ ਹਰਿ ਮੀਠਾ ਲਾਇਆ॥
ਜਨੁ ਕਹੈ ਨਾਨਕੁ ਲਾਵ ਪਹਿਲੀ ਆਰੰਭੁ ਕਾਜੁ ਰਚਾਇਆ॥੧॥

(ਪੰਨਾ ੭੭੩-੭੪)

ਇਸ ਪਹਿਲੀ ਲਾਂਵ ਵਿੱਚ ਸਾਹਿਬ ਜੀ ਨੇ ਉਪਦੇਸ਼ ਬਖਸ਼ਿਆ ਹੈ ਕਿ ਅੱਜ ਤੋਂ ਜਿਹੜਾ ਪਰਵਿਰਤੀ ਕਾਰਜ ਸ਼ੁਰੂ ਹੋਇਆ ਹੈ ਉਹ ਇਹੋ ਹੀ ਹੈ ਕਿ ਪਾਪਾਂ ਤੋਂ ਬਚਣ ਲਈ ਧਰਮ ਧਾਰਨ ਕਰੋ, ਜਿਸ ਦਾ ਮੂਲ ਭਾਵ ਗੁਰਬਾਣੀ ਦੁਆਰਾ ਮਨ ਨੂੰ ਸਾਧਣਾ ਹੀ ਬ੍ਰਹਮਾ ਦਾ ਗਿਆਨ ਹੈ, ਇਹੋ ਸਿਮ੍ਰਤੀ ਆਦਿਕ ਦਾ ਭਾਵ ਹੈ। ਅਜਿਹਾ ਕਰਨ ਨਾਲ ਜਿਥੇ ਮਨ ਪਾਪਾਂ ਤੋਂ ਬਚੇਗਾ ਉਥੇ ਹਰੀ ਨਾਮ ਮਿੱਠਾ ਲਗਣ ਲੱਗ ਜਾਵੇਗਾ। ਜਿਸ ਨਾਲ ਮਨ ਅੰਦਰ ਸਹਿਜ ਅਤੇ ਅਨੰਦ ਪੈਦਾ ਹੋ ਜਾਵੇਗਾ। ਕਾਹਲਾ ਮਨ ਹੀ ਸੰਸਾਰ ਵਿਚ ਅਤੇ ਨਿਰੰਕਾਰ ਦੇ ਦਰ ਠੋਕਰਾਂ ਖਾਂਦਾ ਹੈ। ਪਰ ਪ੍ਰਭੂ ਜਪਣ ਵਾਲਾ ਸਦਾ ਆਤਮਿਕ ਅਨੰਦੁ ਵਿਚ ਰਹਿੰਦਾ ਹੈ ਤੇ ਇਹ ਅੰਤਰੀਵ ਭਾਵ ਹੈ।

ਨਿਰਬਾਹ ਲਈ ਸਭ ਤੋਂ ਜ਼ਰੂਰੀ ਹੈ ਕਿ ਮਨੁੱਖ ਵਿਹਲੜ ਨਾ ਹੋਵੇ, ਕਿਉਂਕਿ ਦੁਨਿਆਵੀ ਸੁਖਾਂ ਦੀ ਪ੍ਰਾਪਤੀ ਲਈ ਉਦਮੀ ਹੋਣਾ ਅਤੇ ਕ੍ਰਿਤੀ ਹੋਣਾ ਲਾਜ਼ਮੀ

ਹੈ। ਸਤਿਗੁਰੂ ਜੀ ਦਾ ਪਾਵਨ ਬਚਨ ਹੈ ਕਿ :

"ਉਦਮੁ ਕਰੇਦਿਆ ਜੀਉ ਤੂੰ ਕਮਾਵਦਿਆ ਸੁਖ ਭੁੰਚੁ ॥
ਧਿਆਇਦਿਆ ਤੂੰ ਪ੍ਰਭੂ ਮਿਲੁ ਨਾਨਕ ਉਤਰੀ ਚਿੰਤਾ ॥੧॥"

(ਪੰਨਾ ੫੨੨)

ਸਿੱਖ ਜਗਤ ਅੰਦਰ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਨਿਰਮਲ ਉਦੇਸ਼ਾਂ ਦੇ ਸਾਰ ਨੂੰ ਅਤਿ ਸੰਖੇਪ ਕਰਕੇ ਵਿਦਵਾਨ ਪੁਰਸ਼ਾਂ ਪ੍ਰਚਾਰਦਿਆਂ ਪ੍ਰਗਟ ਕੀਤਾ ਸੀ ਕਿ ਕਿਰਤ ਕਰੋ, ਨਾਮ ਜਪੋ ਅਤੇ ਵੰਡ ਛਕੋ। ਕ੍ਰਿਤ ਕਰੋ ਸਭ ਤੋਂ ਪ੍ਰਥਮ ਹੋਇਆ ਸੀ। ਸਿੱਖ ਜਿਥੇ ਆਪ ਨੇਕ ਕਮਾਈ ਕਰਕੇ ਖਾਂਦਾ ਹੈ ਉਥੇ ਕਿਸੇ ਦੂਜੇ ਦੀ ਤਲੀ ਤੇ ਵੀ ਕੁਝ ਰੱਖ ਕੇ ਰੱਬੀ ਅਸੀਸਾਂ ਪ੍ਰਾਪਤ ਕਰਦਾ ਹੈ। ਗੁਰਬਾਣੀ ਨੇ ਤਾਂ ਸਪੱਸ਼ਟ ਕਰ ਦਿਤਾ ਕਿ ਰੱਬ ਦੇ ਘਰ ਨੂੰ ਜਾਣ ਵਾਲਾ ਰਸਤਾ ਹੀ ਉਹ ਮਨੁੱਖ ਪਹਿਚਾਣ ਸਕਦਾ ਹੈ ਜਿਹੜਾ ਕਿ ਆਪ ਮਿਹਨਤੀ ਹੋ ਕੇ ਕਿਸੇ ਦੂਸਰੇ ਦੀ ਵੀ ਔਖ ਸੌਖ ਵੇਲੇ ਮਦਦ ਕਰ ਸਕਦਾ ਹੋਵੇ। ਨਿਰਮਲ ਬਚਨ ਹਨ :

"ਘਾਲਿ ਖਾਇ ਕਿਛੁ ਹਥਹੁ ਦੇਇ ॥ ਨਾਨਕ ਰਾਹੁ ਪਛਾਣਹਿ ਸੇਇ ॥੧॥"

(ਪੰਨਾ ੧੨੪੫)

ਪਹਿਲੜੀ ਲਾਂਵ ਜ਼ਿੰਦਗੀ ਦੇ ਨਿਰਬਾਹ ਲਈ ਜਗਿਆਸੂ ਨੂੰ ਪ੍ਰੇਰਨਾ ਕਰਦੀ ਹੈ ਕਿ ਅੱਜ ਤੋਂ ਜ਼ਿੰਦਗੀ ਦਾ ਦੂਜਾ ਪੜਾਅ ਸ਼ੁਰੂ ਹੁੰਦਾ ਹੈ। ਪਹਿਲਾ ਪੜਾਅ ਬਾਲ ਬਰੇਸ ਦਾ ਸੀ ਪਰ ਹੁਣ ਦੂਜਾ ਪੜਾਅ ਜੁਆਨੀ ਦਾ ਸ਼ੁਰੂ ਹੁੰਦਾ ਹੈ। ਬਾਲ ਅਵਸਥਾ ਵਿੱਚ ਕੀਤੇ ਹੋਏ ਕੰਮ ਮਾਫ ਕਰਨ ਯੋਗ ਹੁੰਦੇ ਹਨ। ਕਿਉਂਕਿ ਬਾਲ ਅਵਸਥਾ ਹੁੰਦੀ ਹੀ ਅਜਿਹੀ ਹੈ ਜਿਸ ਵਿੱਚ :

"ਹੋਇ ਇਆਣਾ ਕਰੇ ਕੰਮੁ ਆਣਿ ਨ ਸਕੈ ਰਾਸਿ ॥
ਜੇ ਇਕ ਅਧ ਚੰਗੀ ਕਰੇ ਦੂਜੀ ਭੀ ਵੇਰਾਸਿ ॥੫॥"

(ਪੰਨਾ ੪੭੪)

ਹੁੰਦੀ ਹੈ। ਜਿਸ ਕਰਕੇ ਬੱਚੇ ਦੀ ਜ਼ਿੰਦਗੀ ਦੇ ਹਰ ਕਰਮ ਨੂੰ ਮਾਫ ਕਰ ਦਿੱਤਾ ਜਾਂਦਾ ਹੈ। ਇਥੋਂ ਤੱਕ ਕਿ ਧਾਰਮਿਕ ਦੁਨੀਆਂ ਵਿਚ ਵੀ ਜੇਕਰ ਜਗਿਆਸੂ ਬਾਲ ਬੁਧਿ ਬਣਾ ਕੇ ਵਿਚਰਦਾ ਹੈ ਤਾਂ ਰੱਬੀ ਦਰਬਾਰ ਵਿੱਚ ਇਸ ਦੇ ਔਗੁਣ ਹੀ ਮਾਫ ਨਹੀਂ ਕੀਤੇ ਜਾਂਦੇ, ਬਲਕਿ ਬਖਸ਼ ਵੀ ਲਿਆ ਜਾਂਦਾ ਹੈ।

"ਜੈਸਾ ਬਾਲਕੁ ਭਾਇ ਸੁਭਾਈ ਲਖ ਅਪਰਾਧ ਕਮਾਵੈ ॥
ਕਰਿ ਉਪਦੇਸੁ ਝਿੜਕੇ ਬਹੁ ਭਾਤੀ ਬਹੁੜਿ ਪਿਤਾ ਗਲਿ ਲਾਵੈ ॥
ਪਿਛਲੇ ਅਉਗੁਣ ਬਖਸਿ ਲਏ ਪ੍ਰਭੁ ਆਗੈ ਮਾਰਗਿ ਪਾਵੈ ॥੨॥"

(ਪੰਨਾ ੬੨੪)

ਪਰ ਅੱਜ ਤੋਂ ਬਾਅਦ ਹਰ ਕਰਮ ਜ਼ਿੰਮੇਵਾਰੀ ਨਾਲ ਕਰਨਾ ਹੈ, ਕਿਉਂਕਿ ਹੁਣ ਦੇ ਕਰਮ ਸੰਸਾਰ ਮਾਫ ਨਹੀਂ ਕਰੇਗਾ ਬਲਕਿ ਇਨ੍ਹਾਂ ਕਰਮਾਂ ਨਾਲ ਹੀ ਇਕ ਨਵਾਂ ਨਾਮ ਮਿਲਦਾ ਹੈ

"ਜੋ ਧਰਮੁ ਕਮਾਵੈ ਤਿਸੁ ਧਰਮ ਨਾਉ ਹੋਵੈ ਪਾਪਿ ਕਮਾਣੈ ਪਾਪੀ ਜਾਣੀਐ ॥

(ਪੰਨਾ ੧੩੮)

ਸਾਧ ਨਾਮ ਨਿਰਮਲ ਤਾ ਕੇ ਕਰਮ ॥

(ਪੰਨਾ ੨੯੬)

ਗੁਰਬਾਣੀ ਨੇ ਸਰਬ ਸ੍ਰੇਸ਼ਟਤਾ ਉਸ ਹੀ ਧਰਮ ਨੂੰ ਬਖਸ਼ੀ ਹੈ, ਜਿਸ ਅੰਦਰ ਪ੍ਰਭੂ ਦੀ ਯਾਦ ਦੇ ਨਾਲ ਨਾਲ ਨਿਰਮਲ ਕਰਮ ਵੀ ਹੋਵੇ :

"ਸਰਬ ਧਰਮ ਮਹਿ ਸ੍ਰੇਸਟ ਧਰਮੁ ॥ ਹਰਿ ਕੋ ਨਾਮੁ ਜਪਿ ਨਿਰਮਲ ਕਰਮੁ ॥

(ਪੰਨਾ ੨੬੬)

ਇਸੇ ਲਈ ਸਿੱਖ ਜਗਤ ਅੰਦਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਗੱਦੀ ਬਖਸ਼ਦਿਆਂ ਕਲਗੀਧਰ ਸਤਿਗੁਰੂ ਜੀ ਨੇ ਪੰਥ ਨੂੰ ਨਾਲ ਤਾਬਿਆ ਕੀਤਾ, ਕਿਉਂਕਿ ਸਰੀਰਕ ਕਰਮ ਪੰਥ ਕਰਦਾ ਹੈ। ਕਰਮ ਨਾਲ ਹੀ ਪਾਪ ਪੁੰਨ ਪੈਦਾ ਹੁੰਦੇ ਹਨ। ਕਰਮ ਹੀ ਹੁਣ ਤਕ ਸੰਸਾਰਿਕ ਹੋ ਗੁਜ਼ਰੇ ਬੰਦਿਆਂ ਦਾ ਇਤਿਹਾਸ ਸਿਰਜ ਕੇ ਆਉਣ ਵਾਲੇ ਸਮੇਂ ਲਈ ਅਗਵਾਈ ਕਰਦਾ ਹੈ। ਜੇਕਰ ਥੋੜਾ ਜਿਹਾ ਹੋਰ ਧਿਆਨ ਨਾਲ ਵੀਚਾਰੀਏ ਤਾਂ ਹਰ ਥਾਂ ਤੋਂ ਮਨੁੱਖ ਨੂੰ ਸੁਚੱਜਾ ਜੀਵਨ ਗੁਜ਼ਾਰਨ ਲਈ ਚੀਜ਼ਾਂ ਹੀ ਦੋ ਮਿਲਦੀਆਂ ਹਨ। ਪਹਿਲੀ ਕਿ ਇਹ ਕੁਝ ਕਰਨਾ ਹੈ, ਦੂਜੀ ਇਹ ਕੁਝ ਨਹੀਂ ਕਰਨਾ। ਦੁਨਿਆਵੀ ਵਿਦਿਆ, ਮਾਪਿਆਂ ਦੀ ਸਿਖਿਆ, ਧਾਰਮਿਕ ਉਪਦੇਸ਼ ਸਭ ਕੁਝ ਇਹੋ ਹੀ ਦੱਸਦੇ ਹਨ ਕਿ ਕੀ ਕਰਨਾ ਹੈ ਅਤੇ ਕੀ ਕੁਝ ਨਹੀਂ ਕਰਨਾ। ਕੁਝ ਕੁ ਰੱਬੀ ਉਪਦੇਸ਼ :

ਫਰੀਦਾ ਜਿਨੀ ਕੰਮੀ ਨਾਹਿ ਗੁਣ ਤੇ ਕੰਮੜੇ ਵਿਸਾਰਿ ॥
ਮਤੁ ਸਰਮਿੰਦਾ ਥੀਵਹੀ ਸਾਂਈ ਦੈ ਦਰਬਾਰਿ ॥੫੯॥

ਜਾਂ ਫਿਰ

"ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ ॥

(ਪੰਨਾ ੯੧੮)

ਖੇਤ ਰੂਪ ਸਰੀਰ ਵਿਚ ਬੀਜਿਆ ਹੋਇਆ ਕਰਮ ਰੂਪ ਬੀਜ ਦਾ ਫਲ ਕੱਲ੍ਹ ਆਪ ਵੱਢਣਾ ਪੈਣਾ ਹੈ, ਇਸ ਲਈ ਅੱਜ ਹੀ ਅਜਿਹਾ ਬੀਜਣਾ ਚਾਹੀਦਾ ਹੈ ਜਿਸ ਨਾਲ ਕੱਲ੍ਹ ਜ਼ਿੰਦਗੀ ਦਾ ਵਿਹੜਾ ਖੁਸ਼ੀਆਂ ਨਾਲ ਭਰ ਜਾਵੇ।

ਕ੍ਰਿਤੀ ਪੁਰਖ ਹੀ ਜਿਥੇ ਆਪਣੇ ਪ੍ਰੀਵਾਰ ਦਾ ਨਿਰਬਾਹ ਕਰ ਸਕਦਾ ਹੈ ਉਥੇ

ਆਪਣੇ ਮਾਪਿਆਂ, ਸਮਾਜ ਜਾਂ ਲੋੜਵੰਦਾਂ ਦੀ ਸੇਵਾ ਕਰ ਸਕਦਾ। ਹੈਰਾਨ ਹੋ ਜਾਈਦਾ ਹੈ ਕਿ ਜਿਹੜੀ ਉਮਰ ਨੂੰ ਮਨੁੱਖ ਨੇ ਬੇਲੋੜੀ ਜਿਹੀ ਸਮਝ ਕੇ ਵਕਤ ਗੁਜ਼ਾਰਾ ਕਰਨਾ ਸਮਝ ਲਿਆ ਸੀ ਪਰ ਧੰਨ ਗੁਰੂ ਨਾਨਕ ਸਾਹਿਬ ਜੀ ਨੇ ਉਸ ਆਖਰੀ ਭਾਵ ਬ੍ਰਿਧ ਅਵਸਥਾ ਵਿੱਚ ਵੀ ਖੇਤੀ ਕਰਕੇ ਭਾਵ ਮਿਹਨਤ ਕਰਕੇ ਖਾਣ ਦਾ ਕਿਤਨਾ ਸੋਹਣਾ ਨਿਰਮਲ ਉਪਦੇਸ਼ ਬਖਸ਼ਿਆ ਜੀ। ਸਤਿਗੁਰੂ ਜੀ ਦੀ ਬਾਣੀ ਵਿੱਚ ਵੀ ਉਹਨਾਂ ਹੀ ਭਗਤਾਂ ਦੀ ਬਾਣੀ ਦਰਜ ਹੋਈ ਜਿਹੜੇ ਕ੍ਰਿਤ-ਕਾਰ ਕਰਦਿਆਂ ਪ੍ਰਭੂ ਯਾਦ ਵਿੱਚ ਅਭੇਦ ਹੋਏ ਸਨ। ਐਸੀਆਂ ਅਨੇਕਾਂ ਉਦਾਹਰਣਾਂ ਸਹਿਜੇ ਹੀ ਮਿਲ ਜਾਂਦੀਆਂ ਹਨ, ਜਿਥੇ ਜਗਿਆਸੂ ਨੂੰ ਕ੍ਰਿਤ-ਕਾਰ ਕਰਦਿਆਂ ਹੀ ਰੱਬੀ ਸਨੇਹ ਪੱਕਾ ਕਰਨ ਲਈ ਪਾਵਨ ਉਪਦੇਸ਼ ਮਿਲਦਾ ਹੈ। ਜਿਵੇਂ ਬੱਚੇ ਦੇ ਪਤੰਗ ਉਡਾਉਂਦਿਆਂ ਆਪਣਾ ਧਿਆਨ ਡੋਰ ਵਿੱਚ ਰੱਖ ਕੇ ਸਾਥੀਆਂ ਨਾਲ ਗੱਲਾਂ ਕਰਨਾ, ਲੜਕੀਆਂ ਦਾ ਕੁਝ ਭਾਰ ਸਿਰ ਤੇ ਟਿਕਾ ਕੇ ਹੱਥ ਛੱਡ ਕੇ ਗੱਲਾਂ-ਬਾਤਾਂ ਕਰਦਿਆਂ ਵੀ ਭਾਰ ਨਾ ਡਿੱਗਣ ਦੇਣਾ, ਸੁਨਿਆਰੇ ਦੀ ਦੁਕਾਨ ਦਾ ਦ੍ਰਿਸ਼ਟਾਂਤ ਇਤਿਆਦਿਕ ਅਨੇਕਾਂ ਅਜਿਹੇ ਨਿਰਮਲ ਉਪਦੇਸ਼ ਹਨ ਜਿਹੜੇ ਜੀਵ ਨੂੰ ਕ੍ਰਿਤ ਦੀ ਮਹਾਨਤਾ ਦਰਸਾ ਰਹੇ ਹਨ।

ਇਕ ਵਾਰੀ ਕਲਗੀਧਰ ਪਿਤਾ ਜੀ ਵਿਚਰਦਿਆਂ ਕੁਝ ਸਿੰਘਾਂ ਸਮੇਤ ਬਹਿਬਲ ਨਗਰ ਵਿੱਚ ਆਏ। ਇਥੇ ਪਹੁੰਚਦਿਆਂ ਵਕਤ ਵੀ ਪ੍ਰਸ਼ਾਦ ਪਾਣੀ ਛਕਣ ਦਾ ਹੋ ਗਿਆ ਸੀ। ਪਰ ਅਚਾਨਕ ਹੀ ਆ ਜਾਣ ਕਾਰਨ ਇਕ ਥਾਂ ਤੇ ਲੰਗਰ ਦਾ ਪ੍ਰਬੰਧ ਉਸ ਵਕਤ ਹੀ ਕਰਨਾ ਔਖਾ ਸੀ ਜਿਸ ਕਰਕੇ ਸਤਿਗੁਰੂ ਜੀ ਨੇ ਦਰਸ਼ਨ ਦੀਦਾਰ ਕਰਨ ਆਏ ਕੁਝ ਕੁ ਗੁਰਸਿੱਖਾਂ ਨਾਲ ਸਿੰਘਾਂ ਨੂੰ ਘਰਾਂ ਘਰਾਂ ਵਿੱਚ ਹੀ ਭੇਜ ਦਿੱਤਾ ਕਿ ਜਿਵੇਂ ਕਿਵੇਂ ਕੋਈ ਲੰਗਰ ਛੱਕ ਲੈਣਾ। ਜਦੋਂ ਸਾਰੇ ਗੁਰਸਿਖਾਂ ਨੇ ਕੁਝ ਕੁਝ ਸਿੰਘਾਂ ਦੇ ਜੱਥੇ ਬਣਾ ਕੇ ਘਰ ਲੈ ਗਏ, ਤਦ ਹੀ ਇਕ ਗਰੀਬੜਾ ਜਿਹਾ ਸਿਖ ਕੋਲ ਆਇਆ, ਦਰਸ਼ਨ ਕਰਕੇ ਕਹਿਣ ਲੱਗਾ, ਪਾਤਿਸ਼ਾਹ ਜੀ ਮੈਨੂੰ ਵੀ ਸੇਵਾ ਬਖਸ਼ੋ ਜੀ, ਤਦ ਇਕ ਸਿੰਘ ਜਿਸਦਾ ਨਾਮ ਭਾਈ ਮਲਿਆਗਰ ਸਿੰਘ ਸੀ, ਨਾਲ ਭੇਜ ਦਿਤਾ। ਉਸ ਗਰੀਬੜੇ ਜਿਹੇ ਵੀਚਾਰੇ ਗੁਰਸਿਖ ਨੇ ਬੜੀ ਸ਼ਰਧਾ ਪ੍ਰੇਮ ਵਿਚ ਭਿੱਜ ਕੇ ਜਿਹੜੇ ਸੁੱਕੇ ਪੀਲੂ ਘਰ ਵਿਚ ਸਨ ਉਹੋ ਛਕਾ ਦਿੱਤੇ। ਜਦੋਂ ਸਾਰੇ ਸਿੰਘ ਪ੍ਰਸ਼ਾਦਾ ਛੱਕ ਕੇ ਫਿਰ ਇਕੱਠੇ ਹੋਏ ਤਾਂ ਸਤਿਗੁਰੂ ਮਹਾਰਾਜ ਜੀ ਨੇ ਪੁਛਿਆ ਕਿ ਭਾਈ ਕਿਹੜੇ ਜਥੇ ਨੇ ਕੀ ਕੀ ਛੱਕਿਆ ਹੈ ? ਤਦ ਸਾਰਿਆਂ ਨੇ ਜੋ ਜੋ ਛਕਿਆ ਸੀ ਦੱਸ ਦਿਤਾ, ਪਰ ਭਾਈ ਮਲਿਆਗਰ ਸਿੰਘ ਜੀ ਕਹਿਣ ਲੱਗੇ, ਮਹਾਰਾਜ ਆਪ ਜੀ ਦੀ ਸਵੱਲੀ ਨਦਰ ਦਾ ਸਦਕਾ ਨਿਹਾਲੋ-ਨਿਹਾਲ, ਸਿਖ ਨੇ ਤਾਂ ਦਾਸ ਨੂੰ 36 ਪ੍ਰਕਾਰ ਦੇ ਪਕਵਾਨ ਛਕਾਏ ਹਨ। ਸੱਚ ਜਾਣਿਓ ਸਤਿਗੁਰੂ

ਜੀ, ਮੈਂ ਇਤਨਾ ਅਨੰਦ ਹੋਰ ਥਾਵਾਂ ਤੇ ਨਹੀਂ ਮਾਣਿਆ। ਉਹ ਗਰੀਬੜਾ ਜਿਹਾ ਗੁਰਸਿੱਖ ਜਿਸ ਦੇ ਨੇਤਰ ਵੀ ਪ੍ਰੇਮ ਤੇ ਵੈਰਾਗ ਵਿੱਚ ਭਿੱਜ ਗਏ ਸਨ, ਹੱਥ ਜੋੜ ਅਰਜੋਈ ਕਰਨ ਲੱਗਾ ਕਿ ਮਹਾਰਾਜ ਜੀ ਮੈ ਤਾਂ ਪੀਲੂ ਹੀ ਛਕਾਏ ਹਨ ਪਰ ਧੰਨ ਹੋ ਆਪ ਜੀ ਅਤੇ ਧੰਨ ਹਨ ਆਪ ਦੇ ਸਿੰਘ ਪਿਆਰੇ ਜਿਹੜੇ ਮੇਰੇ ਵਰਗੇ ਗਰੀਬਾਂ ਦਾ ਵੀ ਪਰਦਾ ਕੱਜਦੇ ਹਨ। ਤਦ ਸਤਿਗੁਰੂ ਜੀ ਨੇ ਅਤੀ ਪ੍ਰਸੰਨ ਹੁੰਦਿਆਂ ਜਿਥੇ ਭਾਈ ਮਲਿਆਗਰ ਸਿੰਘ ਤੇ ਉਸ ਗੁਰਸਿਖ ਨੂੰ ਆਪਣੀ ਗੋਦ ਵਿਚ ਲਿਆ ਉਥੇ ਸਮਝਾਉਣ ਵੀ ਲੱਗੇ, ਭਾਈ ਦਸਾਂ ਨਹੁੰਆਂ ਦੀ ਕਮਾਈ ਦਾ ਰਸ ਹੀ ਅਜਿਹਾ ਹੁੰਦਾ ਹੈ। ਇਹ ਭਾਈ ਮਲਿਆਗਰ ਸਿੰਘ ਵੀ ਧੰਨ ਹੈ ਜਿਸ ਦੀ ਸੁਰਤਿ ਬਿਰਤੀ ਰੱਬੀ ਯਾਦ ਵਿੱਚ ਜੁੜੀ ਹੋਈ ਹੋਣ ਕਰਕੇ ਅਜਿਹਾ ਅਨੰਦ ਮਾਣ ਕੇ ਆਇਆ ਹੈ। ਅਸਲ ਵਿਚ ਸਿੱਖੀ ਦੀ ਸਾਂਝ ਹੀ ਅਜਿਹੀ ਹੈ। ਸਾਡੇ ਘਰ ਵਿੱਚ ਉਹ ਦੋਖੀ ਨਹੀਂ ਗਿਣਿਆ ਜਾਂਦਾ ਜਿਹੜਾ ਸਾਦਾ ਛਕਾਉਂਦਾ ਹੈ, ਬਲਕਿ ਉਹ ਦੋਖੀ ਹੈ ਜਿਸ ਕੋਲ ਹੋਵੇ ਪਰ ਛਕਾਵੇ ਨਾ। ਦੂਜੇ ਪਾਸੇ ਉਹ ਦੋਖੀ ਹੈ ਜਿਹੜਾ ਸੱਚੇ-ਸੁੱਚੇ ਕਿਰਤੀ ਕੋਲੋਂ ਜਬਰੀ ਖਾਣ ਲਈ ਕਹਿੰਦਾ ਹੈ। ਸਤਿਗੁਰੂ ਜੀ ਦੇ ਉਸ ਵੇਲੇ ਦੇ ਉਪਦੇਸ਼ ਨੂੰ ਕਵੀ ਸੰਤੋਖ ਸਿੰਘ ਜੀ ਨੇ ਆਪਣੇ ਖਿਆਲਾਂ ਦੀ ਰੰਗਤ ਵਿਚ ਰੰਗ ਕਲਮ ਦੀ ਜ਼ਬਾਨੋਂ ਪ੍ਰਗਟ ਕੀਤਾ ਹੈ।

ਸਿਖ ਢਿਗਾਂ ਹੋਇ ਅਚਵਾਹਿ ਨਾਹੀ ॥ ਤੌ ਦੋਖਨ ਜਾਨਹੁ ਤਿਸ ਮਾਹੀਂ ॥
ਨਿਰਧਨ ਸਿਖ ਤੇ ਜਾਚਹਿ ਨੀਕਾ ॥ ਦੋਸ਼ ਲਖਹੁ ਅਚਵਹਿ ਤਿਸਹੀ ਕਾ ॥

ਹਉਮੈ

ਅਨੰਦ ਕਾਰਜ ਵੇਲੇ ਵਿਆਹ ਦੀ ਮਰਿਯਾਦਾ ਪੂਰੀ ਕਰਨ ਵਾਸਤੇ ਪੜ੍ਹੀ ਜਾਣ ਵਾਲੀ ਦੂਜੀ ਲਾਵ ਵਿਚ ਵੀ ਸਤਿਗੁਰੂ ਜੀ ਨੇ ਨਿਰਬਾਹ ਕਰਨ ਲਈ ਇਕ ਅਤਿਅੰਤ ਜ਼ਰੂਰੀ ਨਿਰਮਲ ਉਪਦੇਸ਼ ਬਖਸ਼ਿਆ ਹੈ। ਪਹਿਲਾ ਪਾਠ ਅਤੇ ਅਧਿਆਤਮਿਕ ਉਪਦੇਸ਼ ਮਗਰੋਂ ਵੀਚਾਰ ਕਰਦੇ ਹਾਂ :

ਹਰਿ ਦੂਜੜੀ ਲਾਵ ਸਤਿਗੁਰੁ ਪੁਰਖੁ ਮਿਲਾਇਆ ਬਲਿ ਰਾਮ ਜੀਉ ॥
ਨਿਰਭਉ ਭੈ ਮਨੁ ਹੋਇ ਹਉਮੈ ਮੈਲੁ ਗਵਾਇਆ ਬਲਿ ਰਾਮ ਜੀਉ ॥
ਨਿਰਮਲੁ ਭਉ ਪਾਇਆ ਹਰਿ ਗੁਣ ਗਾਇਆ ਹਰਿ ਵੇਖੈ ਰਾਮੁ ਹਦੂਰੇ ॥
ਹਰਿ ਆਤਮ ਰਾਮੁ ਪਸਾਰਿਆ ਸੁਆਮੀ ਸਰਬ ਰਹਿਆ ਭਰਪੂਰੇ ॥
ਅੰਤਰਿ ਬਾਹਰਿ ਹਰਿ ਪ੍ਰਭੁ ਏਕੋ ਮਿਲਿ ਹਰਿ ਜਨ ਮੰਗਲ ਗਾਏ ॥
ਜਨ ਨਾਨਕ ਦੂਜੀ ਲਾਵ ਚਲਾਈ ਅਨਹਦ ਸਬਦ ਵਜਾਏ ॥੨॥

(ਪੰਨਾ ੭੭੪)

ਦੂਸਰੀ ਲਾਂਵ ਦਾ ਅੰਤਰੀਵ ਭਾਵ ਹੈ ਕਿ ਜਦੋਂ ਜੀਵ ਨਾਮ ਜਪਣ ਦੇ ਪਰਵਿਰਤੀ ਕਰਮ ਵਿਚ ਲੱਗ ਗਿਆ, ਫਿਰ ਰੱਬੀ ਬਖਸ਼ਿਸ਼ ਨਾਲ ਗੁਰੂ ਜੀ ਦਾ ਮਿਲਾਪ ਹੁੰਦਾ ਹੈ। ਗੁਰੂ ਮਿਲਾਪ ਕਾਰਨ ਪੈਦਾ ਹੋਈਆਂ ਤਬਦੀਲੀਆਂ ਇਹ ਹੁੰਦੀਆਂ ਹਨ ਕਿ ਜੀਵ ਰੱਬੀ ਅਦਬ ਵਿੱਚ ਜਿਉਂਦਿਆਂ ਹਉਮੈ ਦੀ ਮੈਲ ਉਤਾਰ ਲੈਂਦਾ ਹੈ। ਹਉਮੈ ਦੀ ਮੈਲ ਲੱਥ ਜਾਣ ਕਰਕੇ ਫਿਰ ਹਰ ਪਾਸੇ ਨਿਰੰਕਾਰ ਦਾ ਨਿਵਾਸ ਪ੍ਰਤੀਤ ਹੋਣ ਲੱਗ ਪੈਂਦਾ ਹੈ। ਧਰਮ ਦਾ ਅਸਲ ਮਕਸਦ ਹੀ ਇਹ ਹੈ ਰੱਬੀ ਦੀਦਾਰ ਹੋ ਜਾਣ, ਸੋ ਉਹ ਪੂਰਾ ਹੋ ਜਾਂਦਾ ਹੈ। ਆਪਣੇ ਅੰਦਰ ਵੀ, ਦੂਜਿਆਂ ਦੇ ਅੰਦਰ ਵੀ ਫਿਰ ਇਕੋ ਹੀ ਦਿੱਸਦਾ ਹੈ।

ਬਾਲੜੀ ਉਮਰ ਹੋਣ ਕਾਰਨ ਹੁਣ ਤੱਕ ਹਰ ਕੋਈ ਦੂਸਰਾ ਇਸ ਨਾਲ ਨਿਰਬਾਹ ਕਰਦਾ ਆਇਆ ਸੀ। ਹਰ ਕਰਮ ਬੱਚਾ ਸਮਝ ਮਾਫ ਕਰਵਾਉਣ ਵਾਲੇ ਨੂੰ ਹੁਣ ਦੂਜਿਆਂ ਨਾਲ ਨਿਰਬਾਹ ਕਰਨਾ ਹੈ। ਨਿਰਬਾਹ ਦੇ ਰਸਤੇ ਵਿਚ ਵੱਡੀ ਰੁਕਾਵਟ ਹਉਮੈ ਬਣਦੀ ਹੈ। ਹਉਮੈ ਦਾ ਅਰਥ ਹੀ ਇਹੋ ਹੈ "ਆਪਣੀ ਹੋਂਦ ਦਾ ਅਹਿਸਾਸ।" ਹਉਮੈ ਕਾਰਨ ਹੀ ਤਾਂ ਇਹ ਰੱਬ ਤੋਂ ਵਿਛੜਿਆ ਸੀ। ਜਿਹੜੀ ਹਉਮੈ ਰੱਬ ਤੋਂ ਵਿਛੋੜ ਸਕਦੀ ਹੈ ਉਹ ਭਲਾ ਪ੍ਰੀਵਾਰ ਨਾਲ ਜਾਂ ਸੰਸਾਰ ਨਾਲ ਕਿਵੇਂ ਨਿਰਬਾਹ ਕਰਨ ਦੇ ਸਕਦੀ ਹੈ ?

ਮੈਂ ਜੋ ਕੁਝ ਕਰਦਾ ਹਾਂ ਜਾਂ ਦੂਜੇ ਸ਼ਬਦਾਂ ਵਿਚ ਕਰਮਾਂ ਦਾ ਮਾਣ ਹੀ ਹਉਮੈ ਦੀ ਖੁਰਾਕ ਬਣਦਾ ਹੈ। ਅਸਲ ਵਿਚ ਕਰਮ ਅਤੇ ਹਉਮੈ ਦੀ ਬਹੁਤ ਗਹਿਰੀ ਨੇੜਤਾ ਹੈ। ਕਿਸੇ ਵੀ ਕਿਸਮ ਦਾ ਕੀਤਾ ਹੋਇਆ ਦਾਹਵਾ ਹਉਮੈ ਦੀ ਨੀਂਹ ਨੂੰ ਪੱਕਿਆਂ ਕਰਦਾ ਹੈ, ਉਹ ਦਾਹਵਾ ਭਾਵੇਂ ਧਾਰਮਿਕ ਕਿਰਿਆ ਦਾ ਵੀ ਕਿਉਂ ਨਾ ਹੋਵੇ।

"ਜਬ ਇਹੁ ਮਨ ਮਹਿ ਕਰਤ ਗੁਮਾਨਾ ॥
ਤਬ ਇਹੁ ਬਾਵਰੁ ਫਿਰਤ ਬਿਗਾਨਾ ॥"

(ਪੰਨਾ ੨੩੫)

"ਜਬ ਇਨਿ ਅਪੁਨੀ ਅਪਨੀ ਧਾਰੀ ॥ ਤਬ ਇਸ ਕਉ ਹੈ ਮੁਸਕਲੁ ਭਾਰੀ ॥"

(ਪੰਨਾ ੨੩੫)

ਕਰਮ ਨੇ ਹੀ ਬਦਲ ਕੇ ਬਖਸ਼ਿਸ਼ ਦਾ ਰੂਪ ਵਟਾਉਣਾ ਹੈ। ਜੇਕਰ ਕਰਮ ਕਰਦਿਆਂ ਨਿਹਕਰਮੀ ਹੋਣ ਦੀ ਜਾਚ ਸਿੱਖ ਲਵੇ ਤਾਂ ਫਿਰ ਉਹ ਕਿਸੇ ਕੰਮ ਨੂੰ ਇਹ ਨਹੀਂ ਕਹਿੰਦਾ ਕਿ ਇਹ ਮੈਂ ਕੀਤਾ ਹੈ, ਬਲਕਿ ਫਿਰ ਤਾਂ ਕਹੇਗਾ ਕਿ—

"ਕਾਠ ਕੀ ਪੁਤਰੀ ਕਹਾ ਕਰੈ ਬਪੁਰੀ ਖਿਲਾਵਨਹਾਰੋ ਜਾਨੈ ॥"

(ਪੰਨਾ ੨੦੬)

ਚੰਗਿਆਂ ਕਰਮਾਂ ਦਾ ਸਦਕਾ ਜੀਵ ਰੱਬੀ ਬਖਸ਼ਿਸ਼ ਦਾ ਪਾਤਰ ਬਣ ਜਾਂਦਾ ਹੈ, ਜਿਸਦਾ ਸਦਕਾ ਇਸ ਦੀ ਜੀਵਨ ਰੂਪ ਬੇੜੀ ਵਿੱਚ ਪਰਮੇਸ਼ਰ ਸਤਿਗੁਰੂ ਮਲਾਹ ਬਿਠਾ ਦਿੰਦਾ ਹੈ। ਸਤਿਗੁਰੂ ਜੀ ਹਰ ਰੋਜ਼ ਪੈਰ-ਪੈਰ ਤੇ ਅਗਵਾਈ ਕਰਦੇ ਰਹਿੰਦੇ ਹਨ ਕਿ ਕੀ ਕਰਨਾ ਹੈ ਅਤੇ ਕੀ ਨਹੀਂ ਕਰਨਾ। ਇਸ ਦੇ ਨਾਲ ਹੀ ਸਤਿਗੁਰੂ ਜੀ ਕਿਰਪਾ ਕਰਕੇ ਕਰਮਾਂ ਕਾਰਨ ਲਗਦੀ ਹਉਮੈ ਦੀ ਮੈਲ ਵੀ ਨਾਲੋ-ਨਾਲ ਧੋਈ ਜਾਂਦੇ ਹਨ। ਅਸਲ ਵਿਚ ਹਉਮੈ ਦੀ ਮੈਲ ਕੋਈ ਆਮ ਮੈਲ ਵਰਗੀ ਨਹੀਂ ਹੁੰਦੀ। ਇਹ ਤਾਂ ਇਸ ਤਰ੍ਹਾਂ ਦੀ ਹੈ ਜਿਵੇਂ ਕਿਸੇ ਬਰਤਨ ਨੂੰ ਥਿੰਦਾ ਭਾਵ ਘਿਉ ਆਦਿਕ ਦੀ ਮੈਲ ਲਗ ਜਾਏ। ਕਿਉਂਕਿ ਬਾਕੀ ਮੈਲ ਤਾਂ ਸੌਖਿਆਂ ਉਤਰ ਜਾਂਦੀ ਹੈ, ਪਰ ਥਿੰਦੇ ਦੀ ਮੈਲ ਬਹੁਤ ਔਖੀ ਉਤਰਦੀ ਹੈ। ਆਮ ਜ਼ਿੰਦਗੀ ਵਿੱਚ ਵੀ ਦੇਖਦੇ ਹਾਂ ਕਿ ਥਿੰਦੇ ਦੀ ਮੈਲ ਉਤਾਰਨ ਵਾਸਤੇ ਪਾਣੀ ਵੀ ਗਰਮ ਚਾਹੀਦਾ ਹੈ। ਸਾਬਣ ਵੀ ਚੰਗਾ ਹੋਵੇ ਤਾਂ ਕਿਧਰੇ ਜਾ ਕੇ ਇਹ ਮੈਲ ਉਤਰਦੀ ਹੈ। ਸਾਹਿਬਾਂ ਦੇ ਪਾਵਨ ਬਚਨ ਹਨ :

ਅਹੰਬੁਧਿ ਮਨ ਪੂਰਿ ਥਿਧਾਈ ॥ ਸਾਧ ਧੂਰਿ ਕਰਿ ਸੁਧ ਮੰਜਾਈ ॥੧॥

(ਪੰਨਾ ੨੦੦)

ਹੰਕਾਰ ਕਦੇ ਨਿਰਬਾਹ ਨਹੀਂ ਕਰਨ ਦਿੰਦਾ। ਇਹ ਤਾਂ ਸਗੋਂ ਹਮੇਸ਼ਾ ਅਹਿਸਾਸ ਕਰਵਾਉਂਦਾ ਰਹਿੰਦਾ ਹੈ ਕਿ ਜੇਕਰ ਮੈਂ ਕੰਮ ਕਰਦਾ ਹਾਂ ਤਾਂ ਹੀ ਸਾਰਾ ਪ੍ਰੀਵਾਰ

ਰੋਟੀ ਖਾਂਦਾ ਹੈ। ਇਹ ਸਾਰੇ ਪ੍ਰੀਵਾਰ ਦੇ ਜੀ ਮੇਰੇ ਆਸਰੇ ਹਨ। ਕਿਉਂਕਿ ਖੁਦ ਦਾ ਪਰਦਾ ਖੁਦਾ ਨਜ਼ਰ ਨਹੀਂ ਆਉਣ ਦਿੰਦਾ, ਜਿਸ ਕਰਕੇ ਆਪ ਹੀ ਰਿਜਕ ਦਾਤਾ ਸਮਝ ਬੈਠਦਾ ਹੈ। ਅਜਿਹੀ ਅਵਸਥਾ ਹੀ ਪਤੀ ਪਤਨੀ ਦੇ ਰਿਸ਼ਤੇ ਵਿਚ ਜ਼ਹਿਰ ਦਾ ਬੀਜ ਘੋਲਦੀ ਹੈ। ਜੇਕਰ ਇਹ ਅਹਿਸਾਸ ਹੋ ਜਾਵੇ ਕਿ ਪ੍ਰੀਵਾਰਕ ਕਾਰਜ ਤਾਂ ਅਸਲ ਵਿੱਚ ਇਕ ਟੀਮ ਵਰਕ ਭਾਵ ਇਕੱਠਾ ਕੰਮ ਹੈ, ਇਸ ਵਿਚ ਕੋਈ ਥੋੜਾ ਕਰਦਾ ਹੈ ਕੋਈ ਜ਼ਿਆਦਾ ਕਰਦਾ ਹੈ ਤਾਂ ਹਰ ਇਕ ਦਾ ਨਿਰਬਾਹ ਹੋ ਸਕਦਾ ਹੈ। ਪਰ ਆਪਣੀ ਆਪਣੀ ਕ੍ਰਿਤ ਦਾ ਮਾਣ ਘਰ ਵਿਚ ਦੀਵਾਰਾਂ ਖੜੀਆਂ ਕਰਵਾ ਦਿੰਦਾ ਹੈ। ਹੈਰਾਨੀ ਦੀ ਗੱਲ ਹੈ ਕਿ ਜੋ ਕੁਝ ਮਾਪਿਆਂ ਨੇ ਇਸਨੂੰ ਪਾਲਣ ਲਈ ਕੀਤਾ ਉਹ ਸਭ ਕੁਝ ਅੱਖੋਂ ਪਰੋਖੇ ਕਰਕੇ ਆਪਣੇ ਵੱਲੋਂ ਕੀਤੀ ਮਾਤਾ ਪਿਤਾ ਦੀ ਸੇਵਾ ਇਕ ਮਾਪਿਆਂ ਤੇ ਉਪਕਾਰ ਕੀਤਾ ਪ੍ਰਗਟ ਕਰਦਾ ਹੈ। ਸਿੱਖੀ ਇਤਿਹਾਸ ਦੀਆਂ ਸਾਖੀਆਂ ਵੀ ਜੀਵ ਨੂੰ ਇਸ ਪਾਸੇ ਬਹੁਤ ਸੁੰਦਰ ਉਪਦੇਸ਼ ਕਰਦੀਆਂ ਹਨ। ਭਾਈ ਕੇ ਚੱਕ ਮਾਲਵੇ ਦੇ ਇਲਾਕੇ ਵਿੱਚ ਭਾਈ ਭਗਤੂ ਜੀ ਦੀ ਕੁਲ ਵਿਚੋਂ ਭਾਈ ਰਾਮ ਸਿੰਘ ਰਹਿੰਦਾ ਸੀ। ਪੁਰਾਣਾ ਬਜ਼ੁਰਗਾਂ ਦਾ ਸੰਬੰਧ ਗੁਰੂ ਨਾਲ ਚਲਿਆ ਆ ਰਿਹਾ ਸੀ। ਇਕ ਵਾਰੀ ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਇਧਰੋਂ ਦੀ ਵਿਚਰੇ ਤਦ ਇਸਨੇ ਘਰੇ ਪ੍ਰਸ਼ਾਦੇ ਪਾਣੀ ਦਾ ਪ੍ਰਬੰਧ ਕਰਕੇ ਸਤਿਗੁਰੂ ਜੀ ਨੂੰ ਘਰੇ ਸੱਦਿਆ। ਜਦੋਂ ਸਾਹਿਬ ਜੀ ਗਏ ਤਾਂ ਅੰਤਰਜਾਮੀ ਪਾਤਸ਼ਾਹ ਜੀ ਉਧਰੋਂ ਦੀ ਗਏ ਜਿਧਰੋਂ ਰਸਤੇ ਵਿਚ ਇਕ ਮਾਤਾ ਵੀ ਦਰਸ਼ਨਾਂ ਦੀ ਤਾਂਘ ਲਈ ਬੈਠੀ ਸੀ। ਭਾਵੇਂ ਰਾਮ ਸਿੰਘ ਕਹਿੰਦਾ ਰਿਹਾ ਪਰ ਫਿਰ ਵੀ ਸਤਿਗੁਰੂ ਜੀ ਨੇ ਇਸ ਮਾਤਾ ਦੀ ਦਰਸ਼ਨ ਬਖਸ਼ ਕੇ ਪਿਆਸ ਬੁਝਾਈ, ਨਾਲ ਹੀ ਮਾਤਾ ਕੋਲੋਂ ਸੀਤਲ ਜਲ ਛਕਿਆ। ਭਾਈ ਰਾਮ ਸਿੰਘ ਜੀ ਦੇ ਘਰ ਪਹੁੰਚ ਕੇ ਵੀ ਸਾਹਿਬ ਜੀ ਦਾ ਆਸਣ ਚਉਬਾਰੇ ਵਿੱਚ ਕੀਤਾ ਹੋਇਆ ਸੀ ਪਰ ਇਕੋ ਵਿਹੜੇ ਵਿੱਚ ਇਕ ਛੱਤ ਨੂੰ ਦੋ ਪੌੜੀਆਂ ਲੱਗੀਆਂ ਹੋਈਆਂ ਸਨ, ਸਾਹਿਬ ਜੀ ਇਕ ਪੌੜੀ ਰਾਹੀਂ ਚਉਬਾਰੇ ਵਿੱਚ ਬਿਰਾਜ ਗਏ। ਅਚਾਨਕ ਹੀ ਉਸ ਵਕਤ ਗੁਆਂਢੀਆਂ ਦਾ ਇਕ ਬੱਚਾ ਸਤਿਗੁਰੂ ਜੀ ਦੀ ਗੋਦ ਵਿਚ ਆ ਕੇ ਬੈਠ ਗਿਆ। ਸਾਹਿਬ ਜੀ ਪਿਆਰ ਕਰਦਿਆਂ ਕਰਦਿਆਂ ਅਸੀਸਾਂ ਵੀ ਬਖਸ਼ਿਸ਼ ਕਰੀ ਜਾਣ। ਭਾਈ ਰਾਮ ਸਿੰਘ ਸਭ ਕੁਝ ਦੇਖ ਦੇਖ ਕੇ ਬਹੁਤ ਖੁਸ਼ ਹੋਣ ਦੀ ਬਜਾਇ ਦੁਖੀ ਹੋ ਰਿਹਾ ਸੀ। ਅਖੀਰ ਬੇਨਤੀ ਕਰਨ ਲੱਗਾ ਕਿ ਕਿਰਪਾ ਕਰਕੇ ਪ੍ਰਸ਼ਾਦਾ ਛਕੋ, ਤਿਆਰ ਹੈ। ਪਰ ਸਤਿਗੁਰੂ ਜੀ ਨੇ ਮਨ੍ਹਾਂ ਕਰ ਦਿਤਾ। ਭਾਈ ਰਾਮ ਸਿੰਘ ਜੀ ਹੈਰਾਨ ਹੋ ਗਏ ਕਿ ਇਹ ਕਿਵੇਂ ਹੋ ਸਕਦਾ ਹੈ, ਪ੍ਰਸ਼ਾਦਾ ਪਾਣੀ ਤਿਆਰ ਕੀਤਾ ਹੈ, ਆਪ ਜੀ ਨੇ ਹੀ ਰਹਿਮਤ ਕਰਕੇ ਦਾਸਰਿਆਂ ਦੀ ਬੇਨਤੀ ਨੂੰ ਪਰਵਾਨ ਕੀਤਾ ਸੀ, ਪਰ ਹੁਣ ਅਚਾਨਕ ਇਹ ਸਭ ਕੁਝ ਕਿਵੇ ਹੋ ਗਿਆ ?

ਤਾਂ ਸਤਿਗੁਰੂ ਜੀ ਨੇ ਆਖਿਆ ਕਿ ਭਾਈ ਪ੍ਰਸ਼ਾਦਾ ਵੀ ਤਿਆਰ ਹੈ, ਅਸੀਂ ਵੀ ਤਿਆਰ ਹਾਂ ਪਰ ਛਕਾਉਣ ਵਾਲਾ ਹੀ ਤਿਆਰ ਨਹੀਂ। ਭਾਈ ਰਾਮ ਸਿੰਘ ਕਹਿਣ ਲੱਗਾ ਕਿ ਸਤਿਗੁਰੂ ਜੀ ਮੈ ਤਾਂ ਸਗੋਂ ਬੇਨਤੀਆਂ ਕਰਦਾ ਹਾਂ, ਤਾਂ ਗਰੀਬ ਨਿਵਾਜ਼ ਨੇ ਆਖਿਆ ਸੀ ਕਿ ਭਾਈ ਜਿਸ ਮਾਤਾ ਕੋਲੋਂ ਮੈਂ ਜਲ ਛਕ ਕੇ ਆਇਆ ਹਾਂ ਉਹ ਕੌਣ ਸੀ ? ਕਹਿਣ ਲੱਗਾ ਪਾਤਸ਼ਾਹ ਜੀ ਅਸਲ ਵਿੱਚ ਉਹ ਮੇਰੀ ਮਾਤਾ ਸੀ। ਦੂਜਾ ਇਸ ਇਕੋ ਵਿਹੜੇ ਵਿੱਚ ਇਕ ਛੱਤ ਨੂੰ ਦੋ ਪਉੜੀਆਂ ਕਿਉਂ ਹਨ ? ਤਦ ਫਿਰ ਬੇਨਤੀ ਕੀਤੀ ਕਿ ਇਹ ਨਾਲ ਮੇਰਾ ਭਰਾ ਹੀ ਹੈ ਪਰ ਮੇਰੇ ਵਿਚਾਰਾਂ ਦੀ ਸ਼ਾਂਝ ਨਹੀਂ ਰਲਦੀ। ਤਦ ਸਾਹਿਬ ਆਖਣ ਲੱਗੇ ਕਿ ਇਹ ਬੱਚਾ ਜਿਹੜਾ ਸਾਡੀ ਗੋਦ ਵਿਚ ਸੀ ਜਿਸ ਨੂੰ ਦੇਖ ਦੇਖ ਕੇ ਤੇਰਾ ਮਨ ਸੁਖੀ ਹੋਣ ਦੀ ਬਜਾਇ ਦੁਖੀ ਹੋ ਰਿਹਾ ਸੀ, ਇਹ ਕੌਣ ਸੀ ? ਫਿਰ ਭਾਈ ਰਾਮ ਸਿੰਘ ਨੇ ਕਿਹਾ ਕਿ ਇਹ ਸਾਡੇ ਗੁਆਢੀਆਂ ਦਾ ਬੱਚਾ ਹੈ। ਪਰ ਇਨ੍ਹਾਂ ਨਾਲ ਵੀ ਸਾਡੀ ਬਣਦੀ ਨਹੀ। ਪਰ ਤੁਸੀਂ ਪ੍ਰਸ਼ਾਦਾ ਪਾਣੀ ਛਕੋ ਜੀ। ਮਿਹਰਾਂ ਦੇ ਸਾਂਈਂ ਨੇ ਕਿਹਾ ਸੀ ਕਿ ਤਦ ਹੀ ਤਾਂ ਅਸੀਂ ਕਿਹਾ ਕਿ ਪ੍ਰਸ਼ਾਦਾ ਨਹੀਂ ਛਕਣਾ, ਕਿਉਕਿ ਜਿਸ ਦੀ ਜਨਮ ਦੇ ਕੇ ਪਾਲਣ ਵਾਲੀ ਮਾਤਾ ਨਾਲ ਨਹੀਂ ਬਣੀ, ਬਰਾਬਰ ਦੇ ਭਰਾ ਨਾਲ ਨਹੀਂ ਬਣੀ, ਫਿਰ ਗੁਆਢੀਆਂ ਨਾਲ ਵੀ ਨਹੀਂ ਬਣੀ, ਫਿਰ ਉਸਦੀ ਸਾਡੇ ਨਾਲ ਵੀ ਨਹੀਂ ਬਣਨੀ। ਇਸ ਲਈ ਇਥੇ ਹੀ ਬੱਸ ਕਰਦੇ ਹਾਂ। ਭਾਈ ਰਾਮ ਸਿੰਘ ਦੀਆਂ ਅੱਖਾਂ ਖੁੱਲ੍ਹ ਗਈਆਂ, ਸਾਹਿਬ ਜੀ ਕੋਲੋਂ ਖਿਮਾਂ ਮੰਗਣ ਲੱਗਾ। ਤਾਂ ਸਤਿਗੁਰੂ ਜੀ ਨੇ ਆਖਿਆ ਕਿ ਖਿਮਾਂ ਮੇਰੇ ਕੋਲੋਂ ਮੰਗਣ ਦੀ ਥਾਂ ਇਨ੍ਹਾਂ ਕੋਲੋਂ ਹੀ ਮੰਗ। ਪਹਿਲਾਂ ਮਾਤਾ ਜੀ ਨੂੰ ਬੁਲਾ, ਫਿਰ ਭਰਾ ਨੂੰ ਅਤੇ ਨਾਲ ਹੀ ਗੁਆਢੀਆਂ ਨੂੰ ਬੁਲਾ, ਆਪਾਂ ਰਲ ਕੇ ਪ੍ਰਸ਼ਾਦਾ ਛਕੀਏ। ਭਾਈ ਰਾਮ ਸਿੰਘ ਜੀ ਨੇ ਅਜਿਹਾ ਹੀ ਕੀਤਾ। ਇਨ੍ਹਾਂ ਇਤਿਹਾਸਕ ਪੰਨਿਆਂ ਤੇ ਉੱਕਰੇ ਅੱਖਰਾਂ ਦਾ ਅਰਥ ਹੈ ਕਿ ਨਿਰਬਾਹ ਗੁਰੂ ਨਾਲ ਵੀ, ਰੱਬ ਨਾਲ ਵੀ, ਸਮਾਜ ਨਾਲ ਵੀ, ਪ੍ਰੀਵਾਰ ਨਾਲ ਵੀ ਉਹੋ ਕਰ ਸਕਦਾ ਹੈ, ਜਿਹੜਾ ਹੰਕਾਰੀ ਨਹੀਂ ਬਲਕਿ ਆਗਿਆਕਾਰੀ ਹੋਵੇ।

ਇਕ ਵਿਦਵਾਨ ਪੁਰਸ਼ ਦਾ ਬਚਨ ਹੈ ਕਿ ਪਰਮੇਸ਼ਰ ਦੇ ਬਚਨਾਂ ਨਾਲ ਸਾਰੀ ਸ੍ਰਿਸ਼ਟੀ ਬਣੀ, ਫਿਰ ਰੱਬ ਨੇ ਦਰਬਾਰ ਲਗਾਇਆ ਅਤੇ ਭਰੇ ਦਰਬਾਰ ਵਿੱਚ ਹਰ ਇੱਕ ਨੂੰ ਆਪੋ ਆਪਣੇ ਵਿਚਾਰ ਪ੍ਰਗਟ ਕਰਨ ਲਈ ਕਿਹਾ। ਹਰ ਇਕ ਨੇ ਅਜਿਹਾ ਹੀ ਕੀਤਾ। ਆਪੋ ਆਪਣੀ ਬੋਲੀ ਵਿੱਚ ਆਪਣੇ ਵੀਚਾਰ ਪ੍ਰਗਟ ਕੀਤੇ, ਪਰ ਇਸ ਸਾਰੇ ਦਰਬਾਰ ਵਿਚੋਂ ਇਕ ਅਜਿਹਾ ਸੀ ਜਿਹੜਾ ਰੱਬ ਨੂੰ ਵੀ ਚੰਗਾ ਨਾ ਲੱਗਾ। ਦੂਜਾ ਉਹ ਸੀ ਜਿਹੜਾ ਜੀਵ ਰੱਬੀ ਬਖਸ਼ਿਸ਼ ਦਾ ਹੋਰ ਪਾਤਰ ਬਣ ਗਿਆ। ਫਰਕ ਸਿਰਫ ਇਤਨਾ ਸੀ ਕਿ ਇਕ ਦੀ ਬੋਲੀ ਵਿਚ ਮੈਂ ਪ੍ਰਧਾਨ ਸੀ, ਜਦਕਿ ਦੂਜੇ ਦੀ

ਬੋਲੀ ਵਿੱਚ ਮੈਂ ਨਹੀਂ, ਹਾਂ ਦੀ ਪ੍ਰਧਾਨਤਾ ਸੀ। ਕਿਸੇ ਆਲਿਮ ਦੇ ਬੋਲ ਹਨ:

"ਕਨੁ ਕਹਿਆ ਕੁਲ ਆਲਿਮ ਹੋਇਆ ਫੁਰ ਮਾਇਆ ਕੁਝ ਗਾਉ।
ਆਪਣੀ ਆਪਣੀ ਬੋਲੀ ਅੰਦਰ ਦਿਲ ਦਾ ਹਾਲ ਸੁਣਾਉ।
ਕੋਈ ਉਚੀ ਕੋਈ ਹੌਲੀ ਬੋਲੇ ਇਕ ਬੱਕਰੇ ਮੈਂ ਕੀਤੀ।
ਹੋਇਆਂ ਹੁਕਮ ਕੁਸਾਬਾਂ ਤਾਈਂ ਇਸ ਮੈਂ ਤੇ ਛੁਰੀ ਟਿਕਾਉ।
ਮੈਂ ਮੈਂ ਦਾ ਤੱਕ ਗਲਾ ਕਟੀਂਦਾ ਇਕ ਨਿਕੜੀ ਜਿੰਦ ਭੋਲੀ।
ਡਰਗੀ ਖੌਫ ਇਲਾਹੀ ਕੋਲੋਂ ਮੈ-ਨਾ ਮੈ-ਨਾ ਬੋਲੀ।
ਹੋਇਆ ਹੁਕਮ ਮੈਨਾ ਦੇ ਤਾਈਂ ਬਾਦਸ਼ਾਹਾਂ ਹੱਥ ਖੋਲ੍ਹੋ,
ਦਰਗਹ ਮਾਣ ਨਿਮਾਣਾ ਪਾਵੇ ਸੰਤਾਂ ਇਹ ਗੱਲ ਖੋਲ੍ਹੀ।"

ਜਿਸ ਜੀਵ ਦੀ ਸਤਿਗੁਰੂ ਜੀ ਨੇ ਕ੍ਰਿਪਾ ਕਰਕੇ ਹਉਮੈ ਦੂਰ ਕਰ ਦਿੱਤੀ ਉਹ ਤਾਂ ਸਗੋਂ ਅਦਬ ਨਾਲ ਜੀਉਣਾ ਸਿੱਖ ਜਾਂਦਾ ਹੈ। ਰੱਬੀ ਅਦਬ ਵਿੱਚ ਜ਼ਿੰਦਗੀ ਗੁਜ਼ਾਰਦਿਆਂ ਭਾਵ ਰੱਬੀ ਹੁਕਮਾਂ ਦੀ ਰੋਸ਼ਨੀ ਵਿਚ ਜ਼ਿੰਦਗੀ ਬਸਰ ਕਰਨਾ ਭਾਵ ਉਸ ਦੀ ਯਾਦ ਵਿੱਚ ਜਿਉਣਾ ਹੀ ਤਾਂ ਸਿਮਰਨ ਕਹਾਉਂਦਾ ਹੈ। "ਹਰਿ ਸਿਮਰਨਿ ਮਹਿ ਆਪਿ ਨਿਰੰਕਾਰਾ ॥" (ਪੰਨਾ ੨੬੩) ਹੋਣ ਕਰਕੇ ਹਰ ਪਾਸੇ ਰੱਬੀ ਨੂਰ ਹੀ ਨਜ਼ਰ ਆਉਂਦਾ ਹੈ। ਐਸਾ ਪੁਰਖ ਸਾਰੇ ਸੰਸਾਰ ਨੂੰ ਹੀ ਆਪਣਾ ਪ੍ਰੀਵਾਰ ਸਮਝ ਕੇ ਰੱਬੀ ਦਰਬਾਰ ਵਿੱਚ ਉਸ ਦੇ ਸੁਖਾਂ ਲਈ ਅਰਦਾਸਾਂ ਕਰਦਾ ਹੈ।

"ਸੁਖੀ ਬਸੈ ਮੋਰੋ ਪਰਿਵਾਰਾ ॥ ਸੇਵਕ ਸਿਖ ਸਭੈ ਕਰਤਾਰਾ ॥"

(ਪਾ: ੧੦)

ਖੁਦਗਰਜ਼ੀ ਖੁਦਾ-ਪ੍ਰਸਤੀ ਬਣ ਜਾਂਦੀ ਹੈ। ਐਸੇ ਜੀਵ ਨੂੰ ਆਪਣੇ ਅੰਦਰ ਵੀ ਤੇ ਦੂਸਰਿਆਂ ਦੇ ਅੰਦਰ ਵੀ ਇਕ ਨਿਰੰਕਾਰ ਹੀ ਵੱਸਦਾ ਨਜ਼ਰ ਆਉਂਦਾ ਹੈ। ਵਿਤਕਰੇ ਦਾ ਜਨਮ ਹੀ ਦੂਜੇ ਭਾਵ ਤੋਂ ਪ੍ਰਗਟ ਹੁੰਦਾ ਹੈ। ਆਪਣੇ ਨਾਲ ਵਿਤਕਰਾ ਨਹੀਂ ਬਲਕਿ ਪਿਆਰ ਹੁੰਦਾ ਹੈ। ਪਿਆਰ ਹੀ ਨਿਰਬਾਹ ਦਾ ਮੂਲ ਹੈ। ਮੂਲ ਕਦੇ ਦੂਰ ਨਹੀਂ ਬਲਕਿ ਨੇੜੇ ਕਰਦਾ ਹੈ।

ਜ਼ਿੰਦਗੀ ਫੁੱਲਾਂ ਵਾਂਗ ਬਸਰ ਕਰਨ ਵਾਸਤੇ ਵਿਆਹ ਵੇਲੇ ਹੀ ਸਾਹਿਬ ਜੀ ਇਹ ਸਮਝਾ ਦਿੰਦੇ ਹਨ ਕਿ ਭਾਈ ਅੱਜ ਤੋਂ ਬਾਅਦ ਕਿਸੇ ਦੂਜੇ ਨਾਲ ਨਿਰਬਾਹ ਕਰਕੇ ਗ੍ਰਿਹਸਥੀ ਜੀਵਨ ਦੇ ਸਿਖਰ ਨੂੰ ਛੂਹਣਾ ਹੈ। ਇਹ ਸਿਖਰ ਹੈ

"ਧਨ ਪਿਰੁ ਏਹਿ ਨ ਆਖੀਅਨਿ ਬਹਨਿ ਇਕਠੇ ਹੋਇ॥
ਏਕ ਜੋਤਿ ਦੁਇ ਮੂਰਤੀ ਧਨ ਪਿਰੁ ਕਹੀਐ ਸੋਇ॥"

(ਪੰਨਾ ੭੮੮)

ਹੰਕਾਰ ਕੀ ਹੈ ? ਜਿਹੜਾ ਧੰਨ ਪਿਰ ਦੇ ਪੀਡੀ ਤੋਂ ਪੀਡੀ ਗੰਢ ਵਾਲੇ ਰਿਸ਼ਤੇ

ਵਿੱਚ ਵੀ ਦੀਵਾਰ ਖੜੀ ਕਰ ਦਿੰਦਾ ਹੈ, ਪਰ ਪੂਰਾ ਸਤਿਗੁਰੂ ਇਹ ਦੀਵਾਰ ਤੋੜ ਕੇ ਜੀਵ ਨੂੰ ਇਕ ਦੂਜੇ ਦੀ ਜਿੰਦ ਜਾਨ ਬਣਾ ਦਿੰਦੇ ਹਨ। ਅਜਿਹਾ ਗ੍ਰਿਹਸਤੀ ਸੰਸਾਰ ਲਈ ਮਿਸਾਲ ਬਣ ਜਾਂਦਾ ਹੈ।

"ਧਨ ਪਿਰ ਕਾ ਇਕ ਹੀ ਸੰਗਿ ਵਾਸਾ ਵਿਚਿ ਹਉਮੈ ਭੀਤਿ ਕਰਾਰੀ ॥
ਗੁਰਿ ਪੂਰੈ ਹਉਮੈ ਭੀਤਿ ਤੋਰੀ ਜਨ ਨਾਨਕ ਮਿਲੇ ਬਨਵਾਰੀ ॥"

(ਪੰਨਾ ੧੨੬੩)

ਅਜਿਹੇ ਪੁਰਖ ਦੀ ਜਿਸ ਦੀ ਹਉਮੈ ਭੀਤ ਗੁਰੂ ਜੀ ਨੇ ਤੋੜ ਦਿੱਤੀ ਹੋਵੇ, ਫਿਰ ਪ੍ਰੀਵਾਰ ਨਾਲ ਹੀ ਨਹੀਂ ਸੰਸਾਰ ਨਾਲ ਹੀ ਨਹੀਂ ਬਲਕਿ ਨਿਰੰਕਾਰ ਨਾਲ ਵੀ ਪ੍ਰੀਤ ਬਣ ਜਾਂਦੀ ਹੈ। ਕਿਉਂਕਿ ਉਸ ਨੇ ਵਿਆਹ ਅਤੇ ਨਿਰਬਾਹ ਦੇ ਗੁੱਝੇ ਭੇਦ ਨੂੰ ਸਮਝ ਲਿਆ ਹੁੰਦਾ ਹੈ।

*

ਚਾਉ ਅਤੇ ਬੈਰਾਗ

ਸਫਰ ਦੀ ਅਰੰਭਤਾ ਅਤੇ ਮੰਜ਼ਿਲ ਦੀ ਪ੍ਰਾਪਤੀ ਵਿਚਕਾਰ ਇਕ ਬਹੁਤ ਵੱਡਾ ਪੰਧ ਹੁੰਦਾ ਹੈ। ਪੰਧ ਦੇ ਦਰਮਿਆਨ ਅਨੇਕਾਂ ਨਵੀਆਂ ਤੋਂ ਨਵੀਆਂ ਜੀਵਨ ਦੀਆਂ ਘਟਨਾਵਾਂ ਨਾਲ ਰਾਹੀ ਦਾ ਵਾਸਤਾ ਪੈਣਾ ਹੁੰਦਾ ਹੈ। ਜ਼ਿੰਦਗੀ ਦੇ ਇਸ ਨਵੇਂ ਅਰੰਭੇ ਸਫਰ ਵਿੱਚ ਕਾਮਯਾਬੀ ਪ੍ਰਾਪਤ ਹੋ ਜਾਵੇ, ਇਸ ਲਈ ਸਤਿਗੁਰੂ ਜੀ ਜੀਵ ਨੂੰ ਤੀਸਰੀ ਲਾਂਵ ਦੁਆਰਾ ਉਪਦੇਸ਼ ਕਰਦੇ ਹਨ ਕਿ

ਹਰਿ ਤੀਜੜੀ ਲਾਵ ਮਨਿ ਚਾਉ ਭਇਆ ਬੈਰਾਗੀਆ ਬਲਿ ਰਾਮ ਜੀਉ ॥
ਸੰਤ ਜਨਾ ਹਰਿ ਮੇਲੁ ਹਰਿ ਪਾਇਆ ਵਡਭਾਗੀਆ ਬਲਿ ਰਾਮ ਜੀਉ ॥
ਨਿਰਮਲੁ ਹਰਿ ਪਾਇਆ ਹਰਿ ਗੁਣ ਗਾਇਆ ਮੁਖਿ ਬੋਲੀ ਹਰਿ ਬਾਣੀ ॥
ਸੰਤ ਜਨਾ ਵਡਭਾਗੀ ਪਾਇਆ ਹਰਿ ਕਥੀਐ ਅਕਥ ਕਹਾਣੀ ॥
ਹਿਰਦੈ ਹਰਿ ਹਰਿ ਹਰਿ ਧੁਨਿ ਉਪਜੀ ਹਰਿ ਜਪੀਐ ਮਸਤਕਿ ਭਾਗੁ ਜੀਉ ॥
ਜਨੁ ਨਾਨਕੁ ਬੋਲੇ ਤੀਜੀ ਲਾਵੈ ਹਰਿ ਉਪਜੈ ਮਨਿ ਬੈਰਾਗੁ ਜੀਉ ॥੩॥

(ਪੰਨਾ ੭੭੪)

ਨਾਮ ਜਪਣ ਅਤੇ ਪਾਪਾਂ ਦੀ ਮੈਲ ਤੋਂ ਨਜ਼ਾਤ ਪਾ ਕੇ ਸਤਿਗੁਰੂ ਦਾਤੇ ਦੀ ਕ੍ਰਿਪਾ ਲੈ ਕੇ ਅਜਿਹਾ ਪੁਰਖ ਫਿਰ ਬੈਰਾਗੀ ਬਣ ਜਾਂਦਾ ਹੈ। ਇਹ ਬੈਰਾਗੀ ਉਦਾਸੀ ਨਹੀਂ ਬਲਕਿ ਚਾਉ ਪੈਦਾ ਕਰਦਾ ਹੈ। ਅਜਿਹੇ ਮਨ ਚਾਉ ਦੀ ਪੂਰਤੀ ਲਈ ਜੀਵ ਪ੍ਰਭੂ ਪਿਆਰ ਵਿੱਚ ਖੀਵੇ ਹੋਏ ਸੰਤ ਜਨਾਂ ਦੀ ਸੰਗਤ ਵਿੱਚ ਜਾਂਦਾ ਹੈ, ਜਿਥੋਂ ਫਿਰ ਪ੍ਰਭੂ ਮਿਲਾਪ ਦੀ ਅਕਥ ਕਹਾਣੀ ਨੂੰ ਵਿਚਾਰਿਆ ਜਾਂਦਾ ਹੈ। ਜਗਿਆਸੂ ਦੇ ਹਿਰਦੇ ਵਿੱਚ ਦਿਨ ਰਾਤ ਕੇਵਲ ਇਕ ਹਰੀ ਨਾਮ ਦੀ ਹੀ ਧੁਨ ਵੱਜਦੀ ਰਹਿੰਦੀ ਹੈ। ਪਰ ਇਥੇ ਪਹੁੰਚ ਕੇ ਵੀ ਜਗਿਆਸੂ ਇਹੋ ਸਮਝਦਾ ਹੈ ਕਿ ਇਹ ਸਭ ਕੁਝ ਚੰਗੇ ਭਾਗਾਂ ਨਾਲ ਮਿਲਦਾ ਹੈ, ਕਿਸੇ ਜੀਵ ਉਦਮ ਦਾ ਨਿਰਾ ਵਸੀਲਾ ਨਹੀਂ, ਬਲਕਿ ਰੱਬੀ ਰਹਿਮਤ ਹੈ। ਸੰਸਾਰ ਦੇ ਬਹੁਤੇ ਉਹ ਲੋਕ ਸਨ ਜਿਨ੍ਹਾਂ ਨੇ ਕਿਸੇ ਨਾ ਕਿਸੇ ਤਰ੍ਹਾਂ ਗ੍ਰਿਹਸਤੀ ਜੀਵਨ ਨੂੰ ਨਿੰਦਿਆ ਸੀ। ਉਨ੍ਹਾਂ ਲੋਕਾਂ ਨੇ ਗ੍ਰਿਹਸਤ ਨੂੰ ਅਤਿ ਦੁੱਖਾਂ ਦਾ ਘਰ ਕਹਿ ਕਹਿ ਕੇ ਇਸ ਵੀਚਾਰੇ ਜਗਿਆਸੂ ਨੂੰ ਅਤਿ ਦਾ ਨਿਰਾਸ਼ ਕਰ ਦਿੱਤਾ ਸੀ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਜੇਕਰ ਗ੍ਰਿਹਸਤੀ ਹੋ ਕੇ ਸਭ ਨਾਲ ਨਿਰਬਾਹ ਵੀ ਕਰਨਾ ਹੈ ਤਾਂ ਕਈ ਤਰ੍ਹਾਂ ਦੇ ਦੁੱਖ ਸੁੱਖ ਵੀ ਝੱਲਣੇ ਪੈਂਦੇ ਹਨ। ਸਿਆਣੇ ਲੋਕਾਂ ਅਜਿਹੇ ਅਖਾਣ ਬਣਾ ਦਿੱਤੇ ਕਿ ਗ੍ਰਿਹਸਤੀ ਦੀ ਇੱਕ ਅੱਖ

ਹੱਸਦੀ ਤੇ ਦੂਜੀ ਰੋਂਦੀ ਹੈ। ਪਰ ਧਰਤੀ ਦੇ ਤਖ਼ਤੇ ਤੇ ਕੋਈ ਅਜਿਹਾ ਜੀਵ ਨਹੀਂ ਜਿਸਨੂੰ ਕਦੇ ਸੁੱਖ ਤੇ ਕਦੇ ਦੁੱਖ ਨਾਲ ਵਾਸਤਾ ਨਾ ਪਿਆ ਹੋਵੇ। ਇਹ ਤਾਂ ਸਗੋਂ ਜ਼ਿੰਦਗੀ ਦੇ ਕੱਪੜੇ ਹਨ। ਜਿਵੇਂ ਸਰੀਰ ਲਈ ਕਦੇ ਗਰਮੀ ਦੇ ਕਪੜੇ, ਕਦੇ ਸਰਦੀ ਦੇ ਕਪੜੇ ਆਦਿਕ ਪਹਿਣਦੇ ਹਾਂ, ਇਸੇ ਤਰ੍ਹਾਂ ਜ਼ਿੰਦਗੀ ਵੀ ਕਦੇ ਦੁੱਖ ਦੇ ਅਤੇ ਕਦੇ ਸੁੱਖ ਦੇ ਕਪੜੇ ਪਹਿਣਦੀ ਹੈ।

ਸੁਖੁ ਦੁਖੁ ਦੁਇ ਦਰਿ ਕਪੜੇ ਪਹਿਰਹਿ ਜਾਇ ਮਨੁਖ ॥

(ਪੰਨਾ ੧੪੯)

ਇਨ੍ਹਾਂ ਦੁੱਖਾਂ ਸੁੱਖਾਂ ਤੋਂ ਘਬਰਾਏ ਲੋਕਾਂ ਨੇ ਹੀ ਗ੍ਰਹਿਸਤੀ ਜੀਵਨ ਨੂੰ ਦੁੱਖਾਂ ਦਾ ਘਰ ਕਹਿ ਦਿਤਾ ਸੀ। ਫਿਰ ਇਸ ਤੋਂ ਬਚਣ ਲਈ ਬੈਰਾਗੀ ਬਣ ਕੇ ਬਾਹਰ ਜੰਗਲਾਂ ਵਿਚ ਜਾ ਕੇ ਭਟਕਣ ਲੱਗ ਪਏ। ਸਤਿਗੁਰੂ ਜੀ ਨੇ ਤਾਂ ਕਿਰਪਾ ਕਰਕੇ ਸੰਸਾਰ ਤੋਂ ਭੱਜਣਾਂ ਜਾਂ ਪ੍ਰੀਤਾਂ ਤੋੜ ਕੇ ਭੱਜ ਜਾਣ ਵਾਲੇ ਨਹੀਂ ਬਲਕਿ ਹਰ ਇਕ ਨਾਲ ਨਿਰਬਾਹ ਕਰਨ ਵਾਲੇ ਸੱਚ ਧਰਮੀ ਪੈਦਾ ਕੀਤੇ ਹਨ। ਬੈਰਾਗ ਤਾਂ ਇਥੇ ਵੀ ਪੈਦਾ ਹੁੰਦਾ ਹੈ, ਕਿਉਕਿ ਬਿਨਾਂ ਬੈਰਾਗ ਤੋਂ ਜੀਵ ਤੇ ਮਾਇਆ ਦਾ ਪ੍ਰਭਾਵ ਖਤਮ ਨਹੀਂ ਹੁੰਦਾ। ਗੁਰਬਾਣੀ ਅੰਦਰ ਪਾਵਨ ਬਚਨ ਹਨ :

ਬਿਨੁ ਬੈਰਾਗ ਨ ਛੂਟਸਿ ਮਾਇਆ ॥੧॥ *(ਪੰਨਾ ੩੨੯)*

ਪਰ ਗੁਰਮਤਿ ਅਸੂਲਾਂ ਅੰਦਰ ਅਜਿਹਾ ਬੈਰਾਗ ਨਹੀਂ ਜਿਹੜਾ ਘਰ-ਗ੍ਰਹਿਸਤੀ ਤਿਆਗ ਦੇਵੇ। ਇਥੇ ਤਾਂ ਬਲਕਿ ਗ੍ਰਹਿਸਤੀ ਵਿੱਚ ਰਹਿੰਦਿਆਂ ਹੀ ਉਦਾਸ ਹੋਣਾ ਹੈ। ਕਲਗੀਧਰ ਜੀ ਨੇ ਬਚਨ ਬਖਸ਼ਿਸ਼ ਕੀਤੇ ਸਨ ਕਿ

"ਰੇ ਮਨ ਐਸੋ ਕਰਿ ਸੰਨਿਆਸਾ ॥
ਬਨ ਸੇ ਸਦਨ ਸਭੈ ਕਰਿ ਸਮਝਹੁ ਮਨ ਹੀ ਮਾਹਿ ਉਦਾਸਾ ॥"

(ਦਸਮ ਗ੍ਰੰਥ, ਪੰਨਾ ੭੦੯)

'ਜਤ ਕੀ ਜਟਾ ਜੋਗ ਜੋ ਮੱਜਨੁ ਨੇਮ ਕੇ ਨਖਨ ਬਢਾਓ ॥
ਗਿਆਨ ਗੁਰੂ ਆਤਮ ਉਪਦੇਸਹੁ ਨਾਮ ਬਿਭੂਤ ਲਗਾਓ ॥੧॥

(ਸ਼ਬਦ ਹਜ਼ਾਰੇ ਪਾ: ੧੦)

ਸੰਸਾਰ ਵਿੱਚ ਰਹਿੰਦਿਆਂ ਹੀ ਸੰਸਾਰ ਤੋਂ ਨਿਰਲੇਪ ਰਹਿਣਾ ਹੈ। ਸੰਸਾਰ ਤਨ ਕਰਕੇ ਨਹੀ ਮਨ ਕਰਕੇ ਛੱਡਣਾ ਹੈ। ਜਿਨ੍ਹਾਂ ਨੇ ਸੰਸਾਰ ਤਨ ਕਰਕੇ ਤਿਆਗਿਆ ਸੀ ਪਰ ਮਨ ਦਾ ਗ੍ਰਹਿਸਤੀ ਸੀ, ਉਹ ਫਿਰ ਘਰ-ਬਾਰ ਤਿਆਗ ਕੇ ਵੀ ਡੇਰੇਦਾਰੀਆਂ ਵਸਾ ਕੇ ਗ੍ਰਹਿਸਤੀ ਦਾ ਹੀ ਦੂਜਾ ਰੂਪ ਅਪਣਾ ਬੈਠੇ ਜਿਸ ਨਾਲ ਅੱਜ ਆਮ ਵੇਖੀਦਾ ਹੈ ਕਿ ਉਤਨੇ ਲੜਾਈ ਝਗੜੇ ਗ੍ਰਹਿਸਤੀਆਂ ਦੇ ਘਰ ਨਹੀਂ ਜਿਤਨੇ ਅੱਜ-ਕੱਲ੍ਹ ਇਨ੍ਹਾਂ ਡੇਰੇਦਾਰਾਂ ਦੇ ਸੁਣੀਂਦੇ ਹਨ। ਗੁਰਮਤਿ ਵਿੱਚ ਬੈਰਾਗ ਮਨ ਚਾਉ ਵਾਲਾ ਹੁੰਦਾ ਹੈ।

ਮਨ ਵਿਚ ਖੇੜਾ ਹੋਵੇ, ਜ਼ਿੰਦਗੀ ਵਿੱਚ ਆਇਆ ਹਰ ਦੁੱਖ ਸੁੱਖ ਵੀ ਰੱਬੀ ਭਾਣਾ ਸਮਝ ਕੇ ਜੀਵ ਖੁਸ਼ੀ ਖੁਸ਼ੀ ਕੱਟ ਲੈਂਦਾ ਹੈ, ਕਿਉਂਕਿ ਮਾਨਸਿਕ ਖੇੜਾ ਕਦੇ ਨਿਰਾਸਤਾ ਨਹੀਂ ਦਿੰਦਾ ਬਲਕਿ ਉਤਸ਼ਾਹ ਦਿੰਦਾ ਹੈ। ਭਾਈ ਗੁਰਦਾਸ ਜੀ ਦੇ ਬਚਨਾਂ ਮੁਤਾਬਿਕ ਜਿਵੇਂ ਇਕ ਦਰੱਖਤ ਕਦੇ ਬਸੰਤ ਰੁੱਤ ਹੋਵੇ ਤਾਂ ਅਤਿ ਦਾ ਫਲਾਂ, ਫੁਲਾਂ, ਪੱਤਿਆਂ ਆਦਿਕ ਨਾਲ ਲੱਦਿਆ ਹੋਇਆ ਹੁੰਦਾ ਹੈ, ਪਰ ਪੱਤਝੜ ਦੀ ਰੁੱਤ ਵਿੱਚ ਉਸ ਕੋਲ ਇਹ ਸਾਰਾ ਸਰਮਾਇਆ ਗੁਆਚ ਜਾਂਦਾ ਹੈ। ਪਰ ਹੈਰਾਨੀ ਦੀ ਗੱਲ ਹੈ ਕਿ ਉਸ ਦੀ ਆਪਣੀ ਅਵਸਥਾ ਇਕ ਸਾਰ ਹੈ। ਦੂਸਰੀ ਉਦਾਹਰਣ ਦਿੰਦੇ ਹਨ ਕਿ ਕਦੇ ਨਦੀ ਦਾ ਪਾਣੀ ਬਹੁਤ ਮਸਤ ਚਾਲ ਨਾਲ ਚਲਦਾ ਹੈ ਪਰ ਕਦੇ ਕਦਾਈਂ ਬਹੁਤ ਤਿੱਖੇ ਵੇਗ ਧਾਰਨ ਕਰ ਜਾਂਦਾ ਹੈ। ਅੱਗੇ ਜ਼ਿਕਰ ਕਰਦੇ ਹਨ ਕਿ ਜਿਵੇਂ ਹੀਰਾ ਕਦੇ ਪਾਟੀਆਂ ਪੁਰਾਣੀਆਂ ਲੀਰਾਂ ਵਿੱਚ ਲਪੇਟਿਆ ਹੋਇਆ ਹੁੰਦਾ ਹੈ ਪਰ ਕਦੇ ਉਹ ਸੋਨੇ ਦੀ ਜੜਤ ਵਿਚ ਜੜਿਆ ਜਾਂਦਾ ਹੈ, ਪਰ ਹੈ ਤਾਂ ਹੀਰਾ, ਪੁਰਾਣੇ ਕਪੜੇ ਵਿੱਚ ਲਪੇਟਿਆ ਵੀ ਹੀਰਾ ਅਤੇ ਸੋਨੇ ਵਿੱਚ ਜੜਿਆ ਵੀ ਹੀਰਾ। ਇਸ ਤਰ੍ਹਾਂ ਹੀ ਗੁਰੂ ਪਿਆਰ ਵਾਲਾ ਦੁਖ-ਸੁਖ, ਹਰਖ ਸੋਗ, ਖੁਸ਼ੀ-ਗਮੀ, ਅਮੀਰੀ ਗਰੀਬੀ, ਭਾਵ ਹਰ ਹਾਲ ਵਿਚ ਰੱਬੀ ਪ੍ਰੇਮ ਵਾਲਾ ਬਣਿਆ ਰਹਿੰਦਾ ਹੈ। ਮਾਇਆ ਦੀਆਂ ਖੇਡਾਂ ਖੇਡਦਾ ਹੋਇਆ ਵੀ ਗੁਰੂ ਜੀ ਵਲੋਂ ਬਖਸ਼ੀ ਜੁਗਤੀ ਦਾ ਸਦਕਾ ਸਦਾ ਪਰਮੇਸ਼ਰ ਦੇ ਮਿਲਾਪ ਦੀ ਤਾਂਘ ਵਿੱਚ ਭਾਵ ਜੁਗਤੀ ਵਿੱਚ ਜੁੜਿਆ ਰਹਿੰਦਾ ਹੈ।

ਜੈਸੇ ਏਕ ਸਮੇ ਦ੍ਰੁਮ ਸਫਲ ਸਪਤ੍ਰ ਪੁਨਿ,
ਏਕ ਸਮੈ ਫੂਲ ਫਲ ਪਤ੍ਰ ਗਿਰ ਜਾਤ ਹੈ॥
ਸਰਿਤਾ ਸਲਿਲ ਜੈਸੇ ਕਬਹੂੰ ਸਮਾਨੇ ਬ੍ਹੈ,
ਕਬਹੂੰ ਅਥਾਹ ਅਤਿ ਪ੍ਰਬਲ ਦਿਖਾਤ ਹੈ॥
ਏਕ ਸਮੈ ਜੈਸੇ ਹੀਰਾ ਹੋਤ ਜੀਰਨਾਂਬਰ ਮੈ,
ਏਕ ਸਮੈ ਕੰਚਨ ਜੜੇ ਜਗਮਗਾਤ ਹੈ॥
ਤੈਸੇ ਗੁਰਸਿਖ ਰਾਜ ਕੁਆਰ ਜੋਗੀਸੁਰ ਹੈ,
ਮਾਇਆ ਧਾਰੀ ਭਾਰੀ ਜੋਗ ਜੁਗਤਿ ਜੁਗਾਤ ਹੈ॥

(ਭਾ: ਗੁਰਦਾਸ, ਕਬਿੱਤ ੪੯੭)

ਇਕ ਪਿੰਡ ਵਿੱਚ ਇਕ ਬਜ਼ੁਰਗ ਰਹਿੰਦਾ ਸੀ, ਉਸਦੇ ਦੋ ਪੁੱਤਰ ਸਨ, ਦੋਵੇਂ ਥੋੜੇ ਜਿਹੇ ਸਾਲਾਂ ਦਾ ਹੀ ਫਰਕ ਹੋਣ ਕਰਕੇ ਜੁਆਨ ਹੋ ਗਏ। ਪਿਤਾ ਜੀ ਨੇ ਇਕ ਦਿਨ ਕੋਲ ਬਿਠਾ ਕੇ ਬੜੇ ਪਿਆਰ ਨਾਲ ਜ਼ਿੰਦਗੀ ਦੇ ਨਿਰਬਾਹ ਲਈ ਕੋਈ ਨਾ ਕੋਈ ਕੰਮ ਧੰਦਾ ਸਿੱਖ ਕੇ ਸ਼ੁਰੂ ਕਰਨ ਲਈ ਸਮਝਾਇਆ। ਛੋਟੇ ਪੁੱਤਰ ਨੇ ਹਾਂ ਕਰ ਦਿੱਤੀ ਪਰ ਵੱਡਾ ਪੁੱਤਰ ਸਗੋਂ ਸਭ ਕੁਝ ਤਿਆਗ ਕੇ ਬਾਹਰ ਜੰਗਲਾਂ

ਵਿਚ ਚਲਾ ਗਿਆ। ਕਈ ਤਰ੍ਹਾਂ ਦੇ ਤਸੀਹੇ ਝੱਲੇ, ਜਪ ਤਪ ਕੀਤੇ, ਤੀਰਥਾਂ ਆਦਿਕ ਦੀ ਯਾਤਰਾ ਕੀਤੀ। ਦੂਜੇ ਪਾਸੇ ਛੋਟੇ ਪੁੱਤਰ ਨੇ ਮਾਪਿਆਂ ਦੀ ਆਗਿਆ ਮੁਤਾਬਿਕ ਸ਼ਾਦੀ ਕਰਵਾਈ, ਆਪਣੀ ਘਰ ਗ੍ਰਹਿਸਤੀ ਨੂੰ ਪਾਲਿਆ, ਨਾਲ ਹੀ ਜਨਮ ਦੇ ਕੇ ਅਨੇਕਾਂ ਦੁੱਖ ਸੁੱਖ ਕੱਟ ਕੇ ਪਾਲਣ ਵਾਲੇ ਮਾਤਾ ਪਿਤਾ ਦੀ ਵੀ ਰੱਜ ਕੇ ਸੇਵਾ ਕਮਾ ਰਿਹਾ ਸੀ। ਅਚਾਨਕ ਇਹ ਗੱਲ ਸਾਰੇ ਫੈਲ ਗਈ ਕਿ ਫਲਾਣੇ ਦਾ ਲੜਕਾ ਜਿਹੜਾ ਜੋਗੀ ਬਣ ਗਿਆ ਸੀ ਉਹ ਆਪਣੇ ਕਈ ਚੇਲਿਆਂ ਆਦਿਕ ਨਾਲ ਪਿੰਡ ਤੋਂ ਬਾਹਰ ਡੇਰਾ ਲਾਈ ਬੈਠਾ ਹੈ, ਕਿਉਂਕਿ ਉਹ ਤੀਰਥਾਂ ਆਦਿਕ ਦੀ ਯਾਤਰਾ ਕਰਦਾ ਫਿਰ ਰਿਹਾ ਸੀ। ਨਗਰ ਦੇ ਕੁਝ ਪਤਵੰਤੇ ਲੋਕ ਜੋਗੀ ਜੀ ਨੂੰ ਮਿਲਣ ਗਏ ਤਾਂ ਕਿ ਐਸੇ ਮਹਾਤਮਾ ਦੇ ਬਚਨ ਸੁਣ ਕੇ ਅਸੀਂ ਵੀ ਲਾਹਾ ਖੱਟ ਸਕੀਏ ਜਿਸ ਨੇ ਅਨੇਕਾਂ ਘਾਲਣਾਂ ਘਾਲ ਕੇ ਇਥੋਂ ਤੱਕ ਜੀਵਨ ਨੂੰ ਪੁਚਾਇਆ ਹੈ। ਜੋਗੀ ਨੇ ਅਨੇਕਾਂ ਬਚਨ ਕੀਤੇ ਤੇ ਨਾਲ ਹੀ ਦੱਸਿਆ ਕਿ ਮੇਰੇ ਕੋਲ ਅੱਜ ਅਨੇਕਾਂ ਰਿਧੀਆਂ ਸਿਧੀਆਂ ਹਨ। ਮੈਂ ਤਾਂ ਆਪਣੇ ਭਰਾ ਨੂੰ ਜ਼ੋਰ ਲਾਇਆ ਸੀ ਕਿ ਛੱਡ ਦੁਨਿਆਵੀ ਜੰਜਾਲਾਂ ਨੂੰ ਤੇ ਇਧਰ ਜੰਗਲਾਂ ਨੂੰ ਚੱਲੀਏ ਪਰ ਇਹ ਨਾ ਮੰਨਿਆ, ਜਿਸ ਕਰਕੇ ਇਸ ਨੇ ਗ੍ਰਹਿਸਤੀ ਦੇ ਜੰਜਾਲਾਂ ਵਿੱਚ ਫਸ ਕੇ ਆਪਣਾ ਮਨੁੱਖੀ ਜੀਵਨ ਬਿਰਥਾ ਹੀ ਗੁਵਾ ਲਿਆ। ਲੋਕਾਂ ਨੇ ਹੱਥ ਜੋੜ ਬੇਨਤੀ ਕੀਤੀ ਕਿ ਸਾਨੂੰ ਵੀ ਕੁਝ ਦਿਖਾਉ। ਤਦ ਅਹੰਕਾਰ ਵਿੱਚ ਫੁੱਲੇ ਜੋਗੀ ਨੇ ਕਿਹਾ ਕਿ ਦੇਖੋ ਮੇਰੇ ਕੋਲ ਕਿੰਨੀਆਂ ਕਰਾਮਾਤਾਂ ਹਨ, ਇਕ ਡੰਡਾ ਵਗਾਹ ਕੇ ਪਰ੍ਹਾਂ ਸੁੱਟ ਦਿੱਤਾ, ਫਿਰ ਕੋਈ ਮੰਤਰ ਪੜ੍ਹਿਆ ਤੇ ਡੰਡਾ ਕੋਲ ਆ ਗਿਆ। ਇਹ ਸਭ ਕੁਝ ਵੇਖ ਲੋਕ ਹੈਰਾਨ ਹੋ ਰਹੇ ਸਨ ਪਰ ਛੋਟਾ ਭਰਾ ਉੱਠ ਕੇ ਕਹਿਣ ਲੱਗਾ ਕਿ ਵੀਰਾ ਜੇ ਇਹੋ ਕੁਝ ਸਿੱਖਿਆਂ ਹੈ ਤਾਂ ਇਹ ਕੁਝ ਤਾਂ ਮੈਂ ਘਰ ਬੈਠਾ ਹੀ ਸਿੱਖ ਗਿਆ ਹਾਂ। ਜੋਗੀ ਹੈਰਾਨ ਹੋ ਕੇ ਪੁੱਛਣ ਲੱਗਾ, ਗ੍ਰਹਿਸਤੀ ਨੇ ਦੱਸਿਆ ਕਿ ਤੁਸੀ ਡੰਡਾ ਸੁੱਟਿਆ, ਫਿਰ ਜ਼ਬਾਨ ਹਿਲਾ ਕੇ ਡੰਡਾ ਵਾਪਿਸ ਬੁਲਾ ਲਿਆ। ਇਹ ਕੁਝ ਤਾਂ ਮੈਂ ਵੀ ਕਰ ਸਕਦਾ ਹਾਂ। ਗ੍ਰਹਿਸਤੀ ਨੇ ਡੰਡਾ ਵਗਾਹ ਸੁੱਟਿਆ ਤੇ ਆਪਣੇ ਪੁੱਤਰ ਨੂੰ ਆਵਾਜ਼ ਮਾਰ ਕੇ ਡੰਡਾ ਵਾਪਿਸ ਮੰਗਵਾ ਲਿਆ। ਗ੍ਰਹਿਸਤੀ ਕਹਿਣ ਲੱਗਾ ਕਿ ਜੇ ਸਭ ਕੁਝ ਇਹੋ ਹੀ ਕੀਤਾ ਹੈ ਤਾਂ ਮੈਂ ਤੇਰੇ ਨਾਲੋਂ ਲੱਖਾਂ ਦਰਜੇ ਚੰਗਾ ਹਾਂ, ਜਿਸ ਨੇ ਘਰ ਰਹਿ ਕੇ ਮਾਤਾ ਪਿਤਾ ਦੀ ਸੇਵਾ ਕੀਤੀ, ਘਰ ਪ੍ਰੀਵਾਰ ਵਾਲਿਆਂ, ਸਮਾਜ ਦੀ ਝੋਲੀ ਵਿੱਚ ਪੁੱਤਰ ਭਾਵ ਔਲਾਦ ਪਾਈ ਜਿਹੜੀ ਜੱਗ ਤੇ ਨਿਸ਼ਾਨ ਹੁੰਦੀ ਹੈ। ਜੋਗੀ ਦੀਆਂ ਅੱਖਾਂ ਖੁੱਲ੍ਹ ਗਈਆਂ। ਗ੍ਰਹਿਸਤੀਆਂ ਨੂੰ ਨਿੰਦਣ ਵਾਲਾ ਉਠ ਕੇ ਮਗਰ ਟੁਰ ਗਿਆ ਕਿ ਸੱਚ ਹੈ ਜੀਵਨ ਤੂੰ ਨਹੀਂ ਬਲਕਿ ਮੈਂ ਹੀ ਬਿਰਥਾ ਗਵਾਇਆ ਸੀ, ਪਰ ਅੱਜ ਤੋਂ ਮੈਂ ਤੇਰੇ ਨਾਲ ਹੀ ਘਰ ਪ੍ਰੀਵਾਰ ਵਸਾ ਕੇ ਰਹਿਣਾ ਚਾਹੁੰਦਾ ਹਾਂ।

ਖ਼ੁਦਾ ਕੇ ਆਸ਼ਕ ਤੋ ਹੈਂ ਹਜ਼ਾਰੋਂ, ਬਨੋਂ ਮੇਂ ਫਿਰਤੇ ਹੈਂ ਮਾਰੇ ਮਾਰੇ,
ਮੈਂ ਉਸ ਕਾ ਬੰਦਾ ਬਨੂੰਗਾ, ਜਿਸ ਕੋ ਖ਼ੁਦਾ ਕੇ ਬੰਦੋਂ ਸੇ ਪਿਆਰ ਹੈ।

(ਇਕਬਾਲ)

ਸੱਚੀ ਸੁੱਚੀ ਕਿਰਤ ਕਰਕੇ ਪ੍ਰਸ਼ਾਦਾ ਪਾਣੀ ਛੱਕਣ ਵਾਲਾ ਫਿਰ ਸਤਿਗੁਰੂ ਜੀ ਦੀ ਰਹਿਮਤ ਦਾ ਪਾਤਰ ਬਣ ਕੇ ਹਉਮੈ ਦੇ ਰੋਗ ਤੋਂ ਮੁਕਤੀ ਪਾ ਲੈਣ ਵਾਲਾ ਅਜਿਹਾ ਬੈਰਾਗੀ ਸਦੀਵ ਮਨ ਚਾਉ ਪੈਦਾ ਕਰ ਰੱਖਦਾ ਹੈ, ਕਿਉਂਕਿ ਉਸ ਨੇ ਤਾਂ ਉਸ ਪਰਮੇਸ਼ਰ ਨੂੰ ਅਰਾਧਿਆ ਹੈ ਜਿਹੜਾ ਖ਼ੁਦ ਆਪ ਇਤਨੇ ਵੱਡੇ ਕੁਦਰਤ ਦੇ ਕਾਰਖਾਨੇ ਨੂੰ ਚਲਾਉਂਦਿਆਂ ਕਦੇ ਉਦਾਸ ਜਾਂ ਨਿਰਾਸ ਨਹੀਂ ਹੁੰਦਾ, ਬਲਕਿ "ਵੇਖੈ ਵਿਗਸੈ ਕਰਿ ਵੀਚਾਰੁ ॥" ਭਾਵ ਸਭ ਕੁਝ ਕਰਦਾ ਹੋਇਆਂ ਜੀਵਾਂ ਦੇ ਔਗੁਣ ਵੇਖਦਾ ਹੋਇਆ ਵੀ ਸਦਾ ਖੁਸ਼ੀ ਖੇੜੇ ਵਿੱਚ ਰਹਿੰਦਾ ਹੈ। ਐਸੇ ਚਾਉ-ਮੱਤੇ ਵੈਰਾਗੀ ਦੀ ਜ਼ਿੰਦਗੀ ਵਿੱਚ ਦੁੱਖ ਨਹੀਂ ਬਲਕਿ ਸਭ ਕੁਝ ਸੁੱਖ ਬਣ ਜਾਂਦਾ ਹੈ। ਰੱਬੀ ਯਾਦ ਕਦੇ ਤੱਤੀ ਹਵਾ ਵੀ ਨਹੀਂ ਲੱਗਣ ਦਿੰਦੀ। ਅਜਿਹਾ ਸੰਸਾਰ ਨੂੰ ਵੀ ਸੁੱਖ ਹੀ ਵੰਡਦਾ ਹੈ। ਕਿਸੇ ਵਿਦਵਾਨ ਪੁਰਸ਼ ਨੇ ਅਜਿਹੇ ਬੈਰਾਗੀ ਦੀ ਕਿੰਨੀ ਸੋਹਣੀ ਅੱਖਰੀ ਤਸਵੀਰ ਬਣਾਈ ਹੈ:

"ਕਮਲ ਜਿਉ ਜਲ, ਮਾਯਾ ਵਿਚ ਹੈ ਅਲੇਪ ਸਦਾ,
ਸਭ ਦਾ ਸਨੇਹੀ ਚਾਲ ਸਭ ਤੋਂ ਨਿਰਾਲੀ ਹੈ।
ਕਰਕੇ ਕਮਾਈ ਖਾਵੇ ਮੰਗਣਾ ਹਰਾਮ ਜਾਣੇ,
ਭਾਣੇ ਵਿੱਚ ਬਿਪਤਾ ਨੂੰ ਮੰਨੇ ਖੁਸ਼ਹਾਲੀ ਹੈ।
ਸੁਆਰਥ ਤੋਂ ਬਿਨਾਂ ਗੁਰਦੁਆਰਿਆਂ ਦਾ ਚੌਕੀਦਾਰ,
ਧਰਮ ਦੇ ਜੰਗ ਲਈ ਚੜ੍ਹੇ ਮੁਖ ਲਾਲੀ ਹੈ।
ਪੂਜੇ ਨਾ ਅਕਾਲ ਬਿਨ ਹੋਰ ਕੋਈ ਦੇਵੀ ਦੇਵ,
ਸਿੱਖ ਦਸਮੇਸ਼ ਕਹੀਅਤ ਸੋ ਅਕਾਲੀ ਹੈ।"

ਅਜਿਹੇ ਮਨ ਦਾ ਬੈਰਾਗੀ ਕਿਸੇ ਨੂੰ ਸੁਖ ਹੀ ਵੰਡਦਾ ਹੈ, ਕਿਉਂਕਿ ਉਸ ਕੋਲ ਸੁਖ ਹੀ ਸੁਖ ਤਾਂ ਹਨ। ਸੰਸਾਰ ਅਸਲ ਵਿੱਚ ਹੈ ਵੀ ਸੁੱਖਾ ਦਾ ਹੀ ਪੁਜਾਰੀ, ਦੁੱਖ ਵੇਲੇ ਤਾਂ ਜੀਵ ਭਾਵੇਂ ਇਕੱਲਾ ਰਹਿ ਜਾਏ ਪਰ ਸੁੱਖਾਂ ਦਾ ਤਾਂ ਹਰ ਕੋਈ ਸਾਂਝੀ ਹੁੰਦਾ ਹੈ। ਗੁਰਬਾਨੀ ਦਾ ਫੈਸਲਾ ਹੈ

"ਸੁਖ ਮੈ ਆਨਿ ਬਹੁਤੁ ਮਿਲਿ ਬੈਠਤ ਰਹਤ ਚਹੂ ਦਿਸਿ ਘੇਰੈ ॥
ਬਿਪਤਿ ਪਰੀ ਸਭ ਹੀ ਸੰਗੁ ਛਾਡਿਤ ਕੋਊ ਨ ਆਵਤ ਨੇਰੈ ॥"

(ਪੰਨਾ ੬੩੪)

ਪਰ ਅਜਿਹੇ ਵੈਰਾਗੀ ਨੇ ਟੇਕ ਹੀ ਉਸ ਤੇ ਰੱਖੀ ਹੋਈ ਹੁੰਦੀ ਹੈ। ਜਿਹੜਾ

ਸਗੋਂ ਉਦੋਂ ਵੀ ਸਹਾਰਾ ਨਹੀਂ ਛੱਡਦਾ ਜਦੋਂ ਜੀਵ ਨੂੰ ਦੁੱਖੀ ਵੇਖ ਸਾਰੇ ਛੱਡ ਜਾਂਦੇ ਹਨ। ਐਸਾ ਵੈਰਾਗੀ ਇਹ ਸਮਝ ਨਿਰਬਾਹ ਕਰਦਾ ਹੈ ਕਿ ਇਨ੍ਹਾਂ ਵਿਚੋਂ ਮੇਰਾ ਸਾਥੀ ਹੀ ਕੇਵਲ ਪਰਮੇਸ਼ਰ ਹੀ ਹੈ। ਹੋਰ ਤਾਂ ਹੋਰ ਸਾਰੇ ਹੀ ਸਾਥ ਛੱਡ ਜਾਣ ਵਾਲੇ ਹੁੰਦੇ ਹਨ। ਅਸਲ ਵਿੱਚ ਮਨੁੱਖ ਇਨ੍ਹਾਂ ਨੂੰ ਜਦੋਂ ਆਪਣੇ ਸਮਝ ਲੈਂਦਾ ਹੈ ਤਦ ਹੀ ਇਨ੍ਹਾਂ ਨਾਲ ਹਰਖ ਸੋਗ ਸਾਂਝੇ ਕਰਦਾ ਹੈ। ਪਰ ਜਿਸ ਵੈਰਾਗੀ ਨੇ ਆਪਣਾ ਸਮਝਿਆ ਹੀ ਕੇਵਲ ਰੱਬ ਹੈ, ਉਹ ਫਿਰ ਕਦੇ ਕਿਸੇ ਨਾਲ ਗਿਲੇ ਸ਼ਿਕਵੇ ਨਹੀਂ ਕਰਦਾ, ਕਿਉਂਕਿ ਗਿਲੇ ਸ਼ਿਕਵੇ ਨਿਰਬਾਹ ਦੇ ਰਸਤੇ ਦੀ ਰੁਕਾਵਟ ਬਣਦੇ ਹਨ। ਐਸੇ ਮਨੁੱਖ ਦੀ ਟੇਕ ਕੇਵਲ ਪਰਮੇਸ਼ਰ ਤੇ ਹੁੰਦੀ ਹੈ :

"ਸੰਗ ਸਖਾ ਸਭਿ ਤਜਿ ਗਏ ਕੋਊ ਨ ਨਿਬਹਿਓ ਸਾਥਿ ॥
ਕਹੁ ਨਾਨਕ ਇਹ ਬਿਪਤਿ ਮੈ ਟੇਕ ਏਕ ਰਘੁਨਾਥ ॥੫੫॥"

(ਪੰਨਾ ੧੪੨੯)

ਇਸ ਕਰਕੇ ਹੀ ਅਜਿਹੇ ਪ੍ਰੇਮੀ ਦੀ ਮੰਗ ਹੀ ਕੇਵਲ ਇਕ ਰੱਬੀ ਨਾਮ ਦੀ ਰਹਿ ਜਾਂਦੀ ਹੈ। ਮਨ ਵਿੱਚ ਇਕ ਹੀ ਚਾਅ ਠਾਠਾ ਮਾਰਦਾ ਹੈ।

ਵਿਸਰੁ ਨਾਹੀ ਦਾਤਾਰ ਆਪਣਾ ਨਾਮੁ ਦੇਹੁ ॥
ਗੁਣ ਗਾਵਾਂ ਦਿਨੁ ਰਾਤਿ ਨਾਨਕ ਚਾਉ ਇਹੁ ॥ *(ਪੰਨਾ ੭੬੨)*

ਅਜਿਹੇ ਚਾਅ ਮੱਤੇ ਪ੍ਰੇਮੀ ਦਾ ਦਿਲ ਗ੍ਰਹਿਸਤ ਵਿਚ ਰਹਿੰਦਿਆਂ ਕਦੇ ਉਦਾਸ ਜਾਂ ਨਿਰਾਸ ਨਹੀਂ ਹੁੰਦਾ, ਬਲਕਿ ਉਸ ਅੰਦਰ ਤਾਂ ਰੱਬੀ ਪ੍ਰੇਮ ਵੱਸਦਾ ਹੈ। ਹਰ ਪਾਸੇ ਝਾਤ ਮਾਰ ਕੇ ਆਨੰਦ ਹੀ ਆਨੰਦ ਮਾਣਦਾ ਰਹਿੰਦਾ ਹੈ। ਬਲਿਹਾਰ ਬਲਿਹਾਰ ਜਾਂਦਾ ਹੈ। ਜੇ ਕਿਧਰੇ ਸੰਗਤਾਂ ਵਿੱਚ ਵਿਚਰਦਾ ਹੈ ਤਾਂ ਕਹਿ ਉੱਠਦਾ ਹੈ ਕਿ :

"ਕੁਰਬਾਣੀ ਤਿਨ੍ਹਾਂ ਗੁਰਸਿਖਾਂ ਪਿਛਲ ਰਾਤੀ ਉਠਿ ਬਹੰਦੇ ॥
ਕੁਰਬਾਣੀ ਤਿਨ੍ਹਾਂ ਗੁਰਸਿਖਾਂ ਅੰਮ੍ਰਿਤੁ ਵੇਲੈ ਸਰਿ ਨਾਵੰਦੇ ॥"

(ਵਾਰ ੧੨/੨)

ਜਦ ਗੁਰੂ ਜੀ ਦਾ ਦਰਸ਼ਨ ਦੀਦਾਰ ਕਰਦਾ ਹੈ ਤਾਂ ਆਪ-ਮੁਹਾਰੇ ਹੀ ਨਿਕਲ ਜਾਂਦਾ ਹੈ

"ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ ॥"
ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ ॥੧॥ *(ਪੰਨਾ ੪੬੨)*
"ਐਸੇ ਗੁਰ ਕਉ ਬਲਿ ਬਲਿ ਜਾਈਐ ਆਪਿ ਮੁਕਤੁ ਮੋਹਿ ਤਾਰੈ ॥"

(ਪੰਨਾ ੧੩੦੧)

ਪ੍ਰਭੂ ਪ੍ਰੇਮ ਦਾ ਦੀਵਾਨਾ ਜਦੋਂ ਸੰਸਾਰ ਵਿੱਚ ਵਿਚਰਦਾ ਹੈ ਤਾਂ ਵੇਖ-ਵੇਖ ਵਿਗਸਦਾ ਹੈ :

ਬਲਿਹਾਰੀ ਕੁਦਰਤਿ ਵਸਿਆ ॥ ਤੇਰਾ ਅੰਤੁ ਨ ਜਾਈ ਲਖਿਆ ॥੧॥

(ਪੰਨਾ ੪੬੯)

ਜ਼ਿੰਦਗੀ ਵਿੱਚ ਕਦੇ ਇਕੱਲਿਆਂ ਵੀ ਵਿਚਰਨਾ ਪੈ ਜਾਏ ਤਾਂ ਵੀ ਪ੍ਰਭੂ ਦੀ ਯਾਦ ਵਿੱਚ ਜੁੜਿਆ ਗਾਉਂਦਾ ਰਹਿੰਦਾ ਹੈ ਕਿ :

ਹੰਉ ਬਲਿਹਾਰੈ ਜਾਉ ਸਾਚੇ ਤੇਰੇ ਨਾਮ ਵਿਟਹੁ॥
ਕਰਣ ਕਾਰਣ ਸਭਨਾ ਕਾ ਏਕੋ ਅਵਰੁ ਨ ਦੂਜਾ ਕੋਈ ॥

(ਪੰਨਾ ੬੬੬)

ਅਜਿਹੇ ਅਵਸਥਾ ਦੇ ਮਾਲਿਕ ਨੂੰ ਸੰਸਾਰ ਸੱਚੇ ਪਰਮੇਸ਼ਰ ਦੀ ਰਿਹਾਇਸ ਪ੍ਰਤੀਤ ਹੁੰਦਾ ਹੈ। ਹਰ ਕ੍ਰਿਤ ਕਰਤੇ ਨਾਲ ਜੋੜਦੀ ਹੈ, ਜਿਸ ਕਰਕੇ ਕੇਵਲ ਵਿਆਹ ਹੀ ਨਹੀਂ ਬਲਕਿ ਨਿਰਬਾਹ ਕਰਨਾ ਵੀ ਸਿੱਖ ਜਾਂਦਾ ਹੈ। ਬਿਨਾਂ ਨਿਰਬਾਹ ਤੋਂ ਹੀ ਦੁੱਖ ਨਿਕਲਦੇ ਹਨ। ਨਿਰਬਾਹ ਨਾਲ ਤਾਂ ਸਗੋਂ ਹਰ ਰੋਜ਼ ਨਵੇ ਸੁਖ ਨੂੰ ਜਨਮ ਦੇਣ ਵਾਲਾ ਬਣ ਜਾਂਦਾ ਹੈ।

*

ਮਨ ਚਿੰਦਿਆ

ਵਿਆਹ ਅਤੇ ਨਿਰਬਾਹ ਦੀ ਸੁਮਤਿ ਪ੍ਰਦਾਨ ਕਰਦਿਆਂ ਇਸ ਕਾਰਜ ਦੀ ਚੌਥੀ ਅਤੇ ਆਖਰੀ ਲਾਵ ਹੈ।

ਹਰਿ ਚਉਥੜੀ ਲਾਵ ਮਨਿ ਸਹਜੁ ਭਇਆ ਹਰਿ ਪਾਇਆ ਬਲਿ ਰਾਮ ਜੀਉ ॥
ਗੁਰਮੁਖਿ ਮਿਲਿਆ ਸੁਭਾਇ ਹਰਿ ਮਨਿ ਤਨਿ ਮੀਠਾ ਲਾਇਆ ਬਲਿ ਰਾਮ ਜੀਉ ॥
ਹਰਿ ਮੀਠਾ ਲਾਇਆ ਮੇਰੇ ਪ੍ਰਭ ਭਾਇਆ ਅਨਦਿਨੁ ਹਰਿ ਲਿਵ ਲਾਈ ॥
ਮਨ ਚਿੰਦਿਆ ਫਲੁ ਪਾਇਆ ਸੁਆਮੀ ਹਰਿ ਨਾਮਿ ਵਜੀ ਵਾਧਾਈ ॥
ਹਰਿ ਪ੍ਰਭਿ ਠਾਕੁਰਿ ਕਾਜੁ ਰਚਾਇਆ ਧਨ ਹਿਰਦੈ ਨਾਮਿ ਵਿਗਾਸੀ ॥
ਜਨੁ ਨਾਨਕੁ ਬੋਲੇ ਚਉਥੀ ਲਾਵੈ ਹਰਿ ਪਾਇਆ ਪ੍ਰਭੁ ਅਵਿਨਾਸੀ ॥

(ਪੰਨਾ ੭੭੪)

ਸੱਚੀ ਲਗਨ ਪ੍ਰਾਪਤੀ ਤੱਕ ਪਹੁੰਚਾ ਦਿੰਦੀ ਹੈ। ਜਦੋਂ ਜੀਵ ਅੰਦਰ ਸਹਿਜ ਆ ਗਿਆ ਤਾਂ ਪ੍ਰਭੂ ਪਤੀ ਦਾ ਵਰ ਵੀ ਮਿਲ ਗਿਆ। ਗੁਰੂ ਦੀ ਕ੍ਰਿਪਾ ਦਾ ਸਦਕਾ ਹਰੀ ਮਨ ਕਰਕੇ ਤਨ ਕਰਕੇ ਮਿੱਠਾ ਭਾਵ ਪਿਆਰਾ ਲੱਗਦਾ ਹੈ, ਇਸੇ ਕਰਕੇ ਬਾਕੀ ਕੂੜਾਵੇ ਪ੍ਰਤੀਤ ਹੁੰਦੇ ਹਨ। ਹੁਣ ਹਿਰਦੇ ਘਰ ਵਿਚ ਹਰੀ ਨਾਮ ਦੀ ਵਧਾਈ ਵੱਜਦੀ ਹੈ, ਕਿਉਕਿ ਮਨ ਚਿੰਦਿਅੜੇ ਦੀ ਪ੍ਰਾਪਤੀ ਹੋ ਗਈ। ਜੀਵ ਨੂੰ ਹਿਰਦੇ ਦੀ ਸੱਚੀ ਖੁਸ਼ੀ ਪ੍ਰਾਪਤ ਹੋ ਜਾਂਦੀ ਹੈ, ਕਿਉਂਕਿ ਹਰੀ ਪ੍ਰਭੂ ਪਤੀ ਦੀ ਕ੍ਰਿਪਾ ਨਾਲ ਜਿਹੜਾ ਕਾਰਜ (ਮੁੜ ਰੱਬੀ ਅਭਦੇਤਾ) ਉਹ ਸੰਪੂਰਨ ਹੋ ਗਿਆ ਹੈ।

ਭਗਤ ਫਰੀਦ ਸਾਹਿਬ ਜੀ ਦਾ ਪਾਵਨ ਕਥਨ ਹੈ ਕਿ ਬੰਦਾ ਆਉਂਦਾ ਹੀ ਦੁਨੀਆਂ ਵਿਚ ਆਸਾਂ ਦਾ ਬੱਧਾ ਹੈ। ਇਛਾਵਾਂ ਦੀ ਪੂਰਤੀ ਨਾ ਹੋਣਾ ਭਟਕਣਾ ਬਣਦੀ ਹੈ।

ਆਇਓ ਬੰਦਾ ਦੁਨੀ ਵਿਚਿ ਵਤਿ ਆਸੂਣੀ ਬੰਨਿ੍ ॥
ਮਲਕੁਲ ਮਉਤ ਜਾਂ ਆਵਸੀ ਸਭ ਦਰਵਾਜੇ ਭੰਨਿ ॥

(ਪੰਨਾ ੧੩੮੩)

ਭਾਈ ਗੁਰਦਾਸ ਜੀ ਵੀ ਆਖਦੇ ਹਨ ਕਿ ਜਗਤ ਅੰਦਰ ਜੀਵ ਦਾ ਜਨਮ ਮਰਨ ਦੀ ਕੈਦ ਵਿੱਚ ਰਹਿਣਾ ਅਸਲ ਵਿਚ ਵਾਸ਼ਨਾ ਦਾ ਬੰਨ੍ਹਿਆ ਹੋਣ ਕਰਕੇ ਹੀ ਹੈ।

"ਵਾਸਨਾ ਬਧਾ ਆਵੈ ਜਾਵੈ।"

ਜੀਵ ਆਉਂਦਾ ਵੀ ਭੁੱਖਾ ਹੈ, ਇਥੇ ਰਹਿੰਦਿਆਂ ਵੀ ਭੁੱਖ ਦੂਰ ਨਹੀਂ ਹੁੰਦੀ ਅਤੇ ਚਲਾਣੇ ਵੇਲੇ ਵੀ ਭੁੱਖਾ ਹੀ ਤੁਰ ਜਾਂਦਾ ਹੈ। ਭਾਈ ਗੁਰਦਾਸ ਜੀ ਦਾ ਬਚਨ ਹੈ ਕਿ ਜ਼ਿੰਦਗੀ ਦਾ ਸਫਰ ਤਾਂ ਖਤਮ ਹੋ ਜਾਂਦਾ ਹੈ ਪਰ ਭੁੱਖ ਖਤਮ ਨਹੀਂ ਹੁੰਦੀ। ਅਜਿਹੇ ਭੁੱਖੇ ਜੀਵ ਦੀ ਹਾਲਤ ਦਾ ਬਿਆਨ ਕੀਤਾ ਹੈ:

ਅਖੀਂ ਵੇਖਿ ਨ ਰਜੀਆ ਬਹੁ ਰੰਗ ਤਮਾਸੇ ॥
ਉਸਤਤਿ ਨਿੰਦਾ ਕੰਨਿ ਸੁਣਿ ਰੋਵਣਿ ਤੈ ਹਾਸੇ ॥
ਸਾਦੀ ਜੀਭ ਨ ਰਜੀਆ ਕਰਿ ਭੋਗ ਬਿਲਾਸੇ ॥
ਨਕ ਨ ਰਜਾ ਵਾਸੁ ਲੈ ਦੁਰਗੰਧ ਸੁਵਾਸੇ ॥
ਰਜਿ ਨ ਕੋਈ ਜੀਵਿਆ ਕੂੜੇ ਭਰਵਾਸੇ ।
ਪੀਰ ਮੁਰੀਦਾਂ ਪਿਰਹੜੀ ਸਚੀ ਰਹਰਾਸੇ ॥

(ਵਾਰ ੨੭/੯)

ਜ਼ਿੰਦਗੀ ਦੇ ਆਖਰੀ ਪਲਾਂ ਤੇ ਪਹੁੰਚੇ ਪੁਰਖ ਨੂੰ ਕੋਈ ਪੁੱਛ ਕੇ ਵੇਖੇ ਹਰ ਮਨੁੱਖ ਦੇ ਹਿਰਦੇ ਵਿੱਚ ਕੁਝ ਐਸੀਆਂ ਭੁੱਖਾਂ ਜ਼ਰੂਰ ਲੱਭ ਜਾਂਦੀਆਂ ਹਨ ਜਿਨਾਂ ਦੀ ਉਹ ਜ਼ਿੰਦਗੀ ਭਰ ਪੂਰਤੀ ਨਹੀਂ ਕਰ ਸਕਿਆ।

ਭੁੱਖ ਅਸਲ ਵਿੱਚ ਦੋ ਤਰ੍ਹਾਂ ਦੀ ਹੈ ਇਕ ਸਰੀਰਕ ਭੁੱਖ ਇਕ ਨੀਅਤ ਦੀ ਭੁੱਖ। ਭਾਵੇਂ ਅੱਜ ਸੰਸਾਰ ਵਿਚ ਸਰੀਰਕ ਭੁੱਖ ਦੇ ਸਤਾਏ ਲੋਕ ਵੀ ਬਹੁਤ ਹਨ ਪਰ ਫਿਰ ਵੀ ਬਹੁਤ ਲੋਕ ਉਹ ਵੀ ਹਨ ਜਿਨ੍ਹਾਂ ਕੋਲ ਸਰੀਰਕ ਭੁੱਖ ਦੂਰ ਕਰਨ ਦੇ ਬਹੁਤ ਸਾਧਨ ਹਨ ਭਾਵ ਧੰਨ ਪਦਾਰਥਾਂ ਦੀ ਕਮੀ ਨਹੀਂ ਹੁੰਦੀ। ਦੂਜੇ ਪਾਸੇ ਨੀਅਤ ਦੇ ਭੁਖਿਆਂ ਦੀ ਗਿਣਤੀ ਕਿਤੇ ਜਿਆਦਾ ਹੁੰਦੀ ਹੈ। ਸਰੀਰਕ ਭੁੱਖ ਦੀ ਪੂਰਤੀ ਤਾਂ ਬਹੁਤ ਜਲਦੀ ਹੋ ਜਾਂਦੀ ਹੈ, ਪਰ ਨੀਅਤ ਦਾ ਭੁੱਖਾਂ ਤਾਂ ਰੱਜਦਾ ਹੀ ਨਹੀਂ ਕਿਸੇ ਵਿਦਵਾਨ ਪੁਰਖ ਦਾ ਬਚਨ ਹੈ ਕਿ

ਜੋ ਦਸ ਵੀਸ ਪੰਚਾਸ ਭਏ ਸਤ, ਹੋਏ ਹਜ਼ਾਰ ਨ ਲਾਖ ਮੰਗੇਗੀ ।
ਅਰਬ ਜੋ ਖਰਬ ਦਰਬ ਭਏ ਹੈ, ਤ੍ਰਿਸ਼ਨਾ ਅਧਿਕ ਕੀ ਚਾਹ ਜਗੇਗੀ।
ਅਕਾਸ਼ ਪਾਤਾਲ ਕੋ ਰਾਜ ਮਿਲੈ, ਪ੍ਰਿਥਵੀ ਪਤਿ ਹੋਨੇ ਕੀ ਚਾਹ ਜਗੇਗੀ।
ਸੁੰਦਰ ਇਕ ਸੰਤੋਖ ਬਿਨਾਂ ਸਠ ਤੇਰੀ ਤੋ ਭੂਖ ਕਬੈ ਨ ਭਗੇਗੀ।

ਭੁੱਖ ਹੀ ਤਾਂ ਦੁੱਖ ਨੂੰ ਜਨਮ ਦਿੰਦੀ ਹੈ। ਭੁੱਖਾ ਬੰਦਾ ਹੀ ਕਿਸੇ ਤੋਂ ਕੁਝ ਖੋਹਣ ਦੀ ਕੋਸ਼ਿਸ਼ ਕਰੇਗਾ। ਇਹ ਕੋਸ਼ਿਸ਼ ਹੀ ਮਨੁੱਖ ਨੂੰ ਪਾਪਾਂ ਦਾ ਪਾਂਧੀ ਬਣਾ ਦਿੰਦੀ ਹੈ। ਸੰਸਾਰ ਅੰਦਰ ਦਾਨੀ ਅੱਖ ਨਾਲ ਵੇਖੀਏ ਤਾਂ ਹਰ ਅਪਰਾਧੀ ਅੰਦਰ ਕਿਸੇ ਨਾ ਕਿਸੇ ਭੁੱਖ ਨੇ ਹੀ ਭਿਆਨਕ ਰੂਪ ਧਾਰਨ ਕਰਕੇ ਉਸ ਕੋਲੋਂ ਅਪਰਾਧ ਕਰਵਾਇਆ ਹੁੰਦਾ ਹੈ। ਵਿਕਾਰਾਂ ਦਾ ਭੁੱਖਾ ਜੀਵਨ ਆਚਰਣ ਤੋਂ ਡਿਗਿਆ ਹੋਇਆ ਮਿਲ

ਜਾਵੇਗਾ। ਪਦਾਰਥਾਂ ਦਾ ਭੁੱਖਾ ਚੋਰ, ਡਾਕੂ, ਲੁਟੇਰਾ ਹੋਵੇਗਾ। ਆਲਿਮ ਪੁਰਸ਼ਾਂ ਦੇ ਕਈ ਵਾਰੀ ਬਚਨ ਆਪਾਂ ਪੜ੍ਹਦੇ ਸੁਣਦੇ ਰਹਿੰਦੇ ਹਾਂ ਕਿ ਆਮ ਕਰਕੇ ਲੜਾਈ ਦੇ ਤਿੰਨ ਹੀ ਕਾਰਨ ਹਨ, ਜ਼ਰ ਜ਼ੋਰੂ ਜ਼ਮੀਨ। ਪਰ ਕਦੀ ਅਜਿਹਾ ਸੋਚੀਏ ਕਿ ਮਨੁੱਖ ਦੀ ਨੀਅਤ ਵਿੱਚ ਵੀ ਤਾਂ ਇਹ ਤਿੰਨ ਤਰਾਂ ਦੀ ਭੁੱਖ ਬਹੁਤ ਪ੍ਰਬਲ ਰੂਪ ਵਿਚ ਰਹਿੰਦੀ ਹੈ। ਜਾਂ ਤਾਂ ਮਨੁੱਖ ਵਿੱਚ ਧੰਨ ਦੀ ਭੁੱਖ ਹੈ ਜਾਂ ਜ਼ਮੀਨ ਆਦਿਕ ਦੀ ਜਾਂ ਫਿਰ ਵਿਕਾਰਾਂ ਦੀ ਪੂਰਤੀ ਲਈ ਇਸਤ੍ਰੀ ਲਈ ਲੜਾਈਆਂ ਹਨ। ਅਸਲ ਵਿਚ ਇਹ ਲੜਾਈ ਦਾ ਕਾਰਨ ਮਨੁੱਖ ਦੀ ਨੀਅਤ ਦੀ ਭੁੱਖ ਦੀਆਂ ਹੀ ਪ੍ਰਤੱਖ ਤਸਵੀਰਾਂ ਹਨ।

ਨੀਅਤ ਦਾ ਭੁੱਖਾ ਤਬਾਹ ਤਾਂ ਕਰ ਸਕਦਾ ਹੈ ਪਰ ਨਿਰਬਾਹ ਨਹੀਂ ਕਰ ਸਕਦਾ। ਨਿਰਬਾਹ ਕੇਵਲ ਉਹੋ ਹੀ ਕਰਦਾ ਹੈ ਜਿਹੜਾ ਨੀਅਤ ਕਰਕੇ ਰੱਜਿਆ ਹੋਇਆ ਹੋਵੇ। ਇਕ ਰਾਜੇ ਨੂੰ ਦਿਨ ਰਾਤ ਪਰੇਸ਼ਾਨ ਵੇਖ ਕੇ ਉਸ ਦੇ ਇਕ ਅਤਿ ਦੇ ਵਫ਼ਾਦਾਰ ਵਜ਼ੀਰ ਨੇ ਰਾਜੇ ਦੀ ਪਰੇਸ਼ਾਨੀ ਦੇ ਕਈ ਤਰ੍ਹਾਂ ਦੇ ਇਲਾਜ ਕਰਵਾਏ ਪਰ ਕੋਈ ਵੀ ਕਾਰਗਰ ਸਿਧ ਨ ਹੋਇਆ। ਤਦ ਇਕ ਦਿਨ ਅਚਾਨਕ ਇਕ ਫਕੀਰ ਮਿਲ ਗਿਆ। ਜਿਸ ਦੇ ਬਚਨਾਂ ਵਿਚੋਂ ਵਜ਼ੀਰ ਨੂੰ ਲੱਗਿਆ। ਸ਼ਾਇਦ ਇਸ ਕੋਲ ਕੋਈ ਅਜਿਹੀ ਵਿਧੀ ਹੋਵੇ, ਜਿਹੜੀ ਰਾਜੇ ਦੀ ਪਰੇਸ਼ਾਨੀ ਨੂੰ ਖਤਮ ਕਰ ਸਕੇ। ਵਜ਼ੀਰ ਨੇ ਰਾਜੇ ਦਾ ਸਾਰਾ ਹਾਲ ਫਕੀਰ ਨੂੰ ਸੁਣਾਇਆ। ਫਕੀਰ ਰਾਜੇ ਨਾਲ ਗੱਲ ਕਰਨ ਲਈ ਰਜ਼ਾਮੰਦ ਹੋ ਗਿਆ। ਆਖਿਰ ਗੱਲ ਬਾਤ ਸ਼ੁਰੂ ਹੋਈ ਤਾਂ ਰਾਜਾ ਜਿਹੜਾ ਅਤਿ ਦਾ ਕਲਪਿਆ ਹੋਇਆ ਸੀ ਫਕੀਰ ਨੂੰ ਕਹਿਣ ਲੱਗਾ ਕਿ ਬਾਬਾ ਜੀ ਕਿਰਪਾ ਕਰੋ ਮੈਨੂੰ ਹਰ ਕੀਮਤ ਤੇ ਸ਼ਾਤੀ ਚਾਹੀਦੀ ਹੈ। ਫਕੀਰ ਨੇ ਹੱਸ ਕੇ ਕਿਹਾ ਕਿ ਭਾਈ ਫਿਰ ਤਾਂ ਬਹੁਤ ਸੌਖਾ ਇਲਾਜ ਹੈ। ਮੇਰੀ ਕੀਮਤ ਇਹ ਸਾਰਾ ਰਾਜ ਭਾਗ ਹੈ ਜੇ ਕਰ ਦੇ ਸਕਦਾ ਹੈ ਤਾਂ ਸ਼ਾਤੀ ਦੋ ਦਿਨਾਂ ਵਿਚ ਮਿਲ ਸਕਦੀ ਹੈ। ਰਾਜਾ ਮੰਨ ਗਿਆ। ਸਾਰਾ ਕੁਝ ਲਿਖਤੀ ਰੂਪ ਵਿੱਚ ਹੋ ਗਿਆ। ਫਕੀਰ ਕਹਿਣ ਲੱਗਾ ਕਿ ਰਾਜ ਹਾਲੇ ਤੈਨੂੰ ਹੀ ਕਰਨਾ ਪਵੇਗਾ ਕਿਉਂਕਿ ਮੇਰੀ ਜਿੰਦਗੀ ਦੇ ਕੁਝ ਖਾਸ ਰੁਝੇਵੇਂ ਹਨ, ਜਿਨਾਂ ਤੋਂ ਮੁਕਤ ਹੋ ਕੇ ਮੈਂ ਦੋ ਸਾਲਾਂ ਬਾਅਦ ਰਾਜ ਭਾਗ ਸੰਭਾਲ ਲਵਾਂਗਾਂ ਰਾਜਾ ਇਸ ਸ਼ਰਤ ਲਈ ਵੀ ਰਾਜ਼ੀ ਹੋ ਗਿਆ। ਦੋ ਸਾਲਾਂ ਦਾ ਸਮਾਂ ਬੀਤਦਿਆਂ ਪਤਾ ਨਾ ਲੱਗਾ। ਫਕੀਰ ਨੇ ਆ ਕੇ ਹਾਲ ਚਾਲ ਪੁੱਛਿਆ ਰਾਜਾ ਬਹੁਤ ਖੁਸ਼ ਸੀ। ਰੱਬੀ ਬੰਦਗੀ ਨੇ ਆਤਮਿਕ ਅਨੰਦ ਬਖਸ਼ ਦਿੱਤਾ ਸੀ। ਫਕੀਰ ਨੇ ਇਕ ਗੱਲ ਪੁੱਛੀ ਕਿ ਰਾਜਨ ਰਾਜ ਤੂੰ ਪਹਿਲਾਂ ਵੀ ਕਰਦਾ ਸੀ, ਰਾਜ ਤੂੰ ਹੁਣ ਵੀ ਕਰਦਾ ਹੈ, ਪਰ ਪਹਿਲਾਂ ਇਨਾਂ ਦੁਖੀ ਸੀ ਪਰ ਹੁਣ ਸੁਖੀ ਕਿਵੇਂ? ਤਾਂ ਰਾਜਾ ਸੋਚ ਕੇ ਕਹਿਣ ਲੱਗਾ ਕਿ ਅਸਲ ਕਾਰਨ ਹੈ, ਕਿ ਪਹਿਲਾ ਹਰ ਸਵਾਸ ਇਹੋ ਸੋਚ ਰਹਿੰਦੀ ਸੀ

ਕਿ ਹੋਰ ਕਿਵੇਂ ਵਧਾਵਾਂ ਤੇ ਵਧੇ ਹੋਏ ਨੂੰ ਕਿਵੇਂ ਬਚਾਵਾਂ? ਪਰ ਹੁਣ ਪਤਾ ਲੱਗ ਗਿਆ ਕਿ ਵੱਧਦਾ ਵੀ ਫਕੀਰ ਦਾ ਹੈ ਤੇ ਘਟਦਾ ਵੀ ਫਕੀਰ ਦਾ ਹੈ, ਮੈਂ ਤਾਂ ਸਿਰਫ ਡਿਊਟੀ ਕਰਦਾ ਹਾਂ ਬਸ ਇਸ ਕਰਕੇ ਮਨ ਬਹੁਤ ਖੁਸ਼ੀ ਖੇੜੇ ਵਿੱਚ ਰਹਿੰਦਾ ਹੈ। ਫਕੀਰ ਨੇ ਸਾਰੇ ਲਿਖਤ ਕਾਗਜ ਪਾੜ ਦਿੱਤੇ ਅਤੇ ਰਾਜੇ ਨੂੰ ਸਮਝਾਇਆ ਕਿ ਬਸ ਹੁਣ ਸਭ ਕੁਝ ਰੱਬ ਦਾ ਸਮਝ ਕੇ ਵਰਤਣਾ ਹੈ। ਇਹ ਰਾਜ ਮੇਰੇ ਕੋਲ ਰੱਬ ਦੀ ਅਮਾਨਤ ਹੈ। ਰਾਜਨ, ਰੱਬੀ ਬੰਦਗੀ ਨੇ ਤੈਨੂੰ ਨੀਅਤ ਕਰਕੇ ਰਜਾ ਦਿਤਾ ਹੈ। ਭਾਈ ਗੁਰਦਾਸ ਜੀ ਦਾ ਇਕ ਬੜਾ ਸੁੰਦਰ ਕਥਨ ਹੈ ਕਿ ਜਿਸ ਪੁਰਖ ਨੇ ਗੁਰੂ ਵਲੋਂ ਬਖਸੇ ਗਿਆਨ ਨਾਲ ਹਰੀ ਪਰਮੇਸ਼ਰ ਦੇ ਦੀਦਾਰ ਕਰ ਲਏ ਅਤੇ ਉਹ ਪ੍ਰਭੂ ਭਗਤੀ ਵਿੱਚ ਲੀਨ ਹੋ ਗਿਆ ਉਹ ਤਾਂ ਸਵਰਗਾਂ ਦੀ ਲਾਲਸਾ, ਨਰਕਾਂ ਦਾ ਡਰ, ਖੁਸ਼ੀਆਂ ਦੀ ਤਮੰਨਾ, ਬਿਪਤਾ, ਸੋਗ ਦਾ ਭੈ ਹਰ ਗੱਲੋਂ ਮੁਕਤ ਹੋ ਜਾਂਦਾ ਹੈ। ਇਥੋਂ ਤੱਕ ਕਿ ਜੀਵਨ ਜੀਉਣ ਦੀ ਖਾਹਿਸ਼ ਅਤੇ ਮੌਤ ਦਾ ਡਰ ਇਨ੍ਹਾਂ ਤੋਂ ਵੀ ਨਜ਼ਾਤ (ਮੁਕਤੀ) ਪਾ ਲੈਂਦਾ ਹੈ। ਪ੍ਰਭੂ ਪ੍ਰੇਮ ਵਿਚ ਮਸਤ ਰੱਬੀ ਰਜ਼ਾ ਵਿੱਚ ਰਾਜ਼ੀ ਰਹਿੰਦਾ ਹੈ।

ਬਾਂਛੈ ਨ ਸ੍ਵਰਗ ਬਾਸ ਮਾਨੈ ਨ ਨਰਕ ਤ੍ਰਾਸ,
ਆਸਾ ਨ ਕਰਤ ਚਿਤ ਹੋਨਹਾਰ ਹੁਇ ਹੈ ॥
ਸੰਪਤਿ ਨ ਹਰਖ ਬਿਪਤ ਮੇਂ ਨ ਸੋਗ ਤਾਹਿ,
ਸੁਖ ਦੁਖ ਸਮਸਰਿ ਬਿਹਸ ਨ ਰੋਇ ਹੈ ॥
ਜਨਮ ਜੀਵਨ ਮ੍ਰਿਤ ਮੁਕਤਿ ਨ ਭੇਦ ਖੇਦ
ਗੰਮਿਤਾ ਤ੍ਰਿਕਾਲ ਬਾਲ ਬੁਧਿ ਅਵਿਲੋਇ ਹੈ ॥
ਗਿਆਨ ਗੁਰ ਅੰਜਨ ਕੈ ਚੀਨਤ ਨਿਰੰਜਨਹਿ,
ਬਿਰਲੋ ਸੰਸਾਰ ਪ੍ਰੇਮ ਭਗਤਿ ਮਹਿ ਕੋਇ ਹੈ ॥

(ਭਾਈ ਗੁਰਦਾਸ, ਕਬਿੱਤ ੪੦੯)

ਉਤਨੀ ਵੱਡੀ ਗੱਲ ਵਿਆਹ ਦੀ ਨਹੀਂ ਜਿਤਨੀ ਨਿਰਬਾਹ ਦੀ ਹੈ। ਵਿਆਹ ਤਾਂ ਇਕ ਦਿਨ ਦੀ ਘਟਨਾ ਹੈ। ਪਰ ਨਿਰਬਾਹ ਸਾਰੀ ਜ਼ਿੰਦਗੀ ਦਾ ਗਹਿਣਾ ਹੈ। ਨਿਰਬਾਹ ਨੇ ਹੀ ਅਸਲ ਵਿਚ ਵਿਆਹ ਦੀ ਕੀਮਤ ਬਣਨਾ ਹੈ। ਨਿਰਬਾਹ ਲਈ ਨੀਅਤ ਦਾ ਰੱਜਿਆ ਹੋਣਾ ਅਤਿਅੰਤ ਜ਼ਰੂਰੀ ਹੈ। ਨੀਅਤ ਦੀ ਭੁਖ ਖਤਮ ਹੀ ਪ੍ਰਭੂ ਭਗਤੀ ਨਾਲ ਹੁੰਦੀ ਹੈ:

"ਆਸਾ ਵਿਚ ਅਤਿ ਦੁਖੁ ਘਣਾ ਮਨਮੁਖਿ ਚਿਤੁ ਲਾਇਆ॥
ਗੁਰਮੁਖਿ ਭਏ ਨਿਰਾਸ ਪਰਮ ਸੁਖੁ ਪਾਇਆ॥"

(ਪੰਨਾ ੧੨੪੯)

ਮਹਾਰਾਜਾ ਰਣਜੀਤ ਸਿੰਘ ਨੇ ਇਕ ਧਾੜਵੀ ਨੂੰ ਸੋਧ ਕੇ ਸਰਦਾਰ ਬਣਾਇਆ ਪਰ ਜਦੋਂ ਉਹ ਸਰਦਾਰ ਹੋ ਕੇ ਵੀ ਬਾਗੀ ਹੋ ਗਿਆ ਤਾਂ ਰਹੁਤਾਸ ਦੇ ਕਿਲੇ ਵਿਚ ਬੰਦ ਕਰ ਦਿੱਤਾ। ਇਥੇ ਵੀ ਕੈਦ ਦੇ ਦਿਨਾਂ ਵਿਚ ਕਦੇ ਪਰਮੇਸ਼ਰ ਨੂੰ ਕਦੇ ਮਹਾਰਾਜਾ ਰਣਜੀਤ ਸਿੰਘ ਨੂੰ ਗਾਲਾਂ ਕੱਢਦੇ ਰਹਿਣਾ। ਸਾਕਤਾਂ ਵਾਂਗੂੰ ਜੀਵਨ ਗੁਜ਼ਾਰ ਰਿਹਾ ਸੀ। ਇਸ ਤਰ੍ਹਾਂ ਦਾ ਹੋਣ ਕਰਕੇ ਕੋਈ ਜੇਲ ਕਰਮਚਾਰੀ ਵੀ ਉਸ ਦੀ ਕੋਠੜੀ ਦੇ ਨੇੜੇ ਨਾ ਜਾਇਆ ਕਰੇ। ਇਕ ਦਿਨ ਅਚਾਨਕ ਇਕਾਂਤ ਤੋਂ ਦੁਖੀ ਹੋਇਆ ਆਪਣੀ ਹੀ ਜੇਲ ਕੋਠੜੀ ਦੇ ਜਾਲੇ ਸਾਫ ਕਰਨ ਲੱਗ ਪਿਆ। ਸਾਫ ਕਰਦਿਆਂ ਅਚਾਨਕ ਇਕ ਪੋਥੀ (ਧਾਰਮਿਕ ਕਿਤਾਬ) ਦੇ ਕੁਝ ਪੰਨੇ ਮਿਲੇ, ਜਿਸ ਉਤੇ ਗੁਰਬਾਣੀ ਦੇ ਕੁਝ ਸ਼ਬਦ ਲਿਖੇ ਹੋਏ ਸਨ। ਪਹਿਲਾ ਸ਼ਬਦ ਹੀ ਇਹ ਸੀ ਕਿ

"ਸਦ ਬਖਸਿੰਦੁ ਸਦਾ ਮਿਹਰਵਾਨਾ ਸਭਨਾ ਦੇਇ ਅਧਾਰੀ ॥
ਨਾਨਕ ਦਾਸ ਸੰਤ ਪਾਛੈ ਪਰਿਓ ਰਾਖਿ ਲੇਹੁ ਇਹ ਬਾਰੀ ॥

(ਪੰਨਾ ੭੧੩)

ਦੁੱਖੀ ਹੋਈ ਜਿੰਦੜੀ ਨੂੰ ਇਨ੍ਹਾਂ ਅੰਮ੍ਰਿਤ ਬੋਲਾਂ ਨੇ ਰੇਗਿਸਤਾਨ ਵਿੱਚ ਭਟਕਦੇ ਪਾਣੀ ਦੀ ਤਲਾਸ਼ ਵਿੱਚ ਜਿਵੇਂ ਕਿਸੇ ਪੁਰਖ ਨੂੰ ਮਾਨੋ ਅਮ੍ਰਿਤ ਦਾ ਖਜ਼ਾਨਾ ਦੇ ਦਿਤਾ ਹੋਏ ਵਾਂਗੂੰ ਪ੍ਰਤੀਤ ਹੋਇਆ। ਪੜ੍ਹ ਕੇ ਹੈਰਾਨ ਹੋਇਆ ਕਿ ਰੱਬ ਸਦਾ ਬਖਸ਼ੰਦ ਹੈ। ਅੰਦਰ ਦੀ ਪੁਕਾਰ ਨੇ ਹੋਰ ਅੱਗੇ ਪੜਨ ਲਈ ਪ੍ਰੇਰਿਆ ਹੋਰ ਪੜਦਿਆਂ ਰੱਬੀ ਬਾਣੀ ਦੀਆਂ ਫਿਰ ਪੰਕਤੀਆਂ ਆ ਗਈਆਂ ਕਿ

"ਜਾ ਕਉ ਮੁਸਕਲੁ ਅਤਿ ਬਣੈ ਢੋਈ ਕੋਈ ਨ ਦੇਇ ॥
ਲਾਗੂ ਹੋਏ ਦੁਸਮਨਾ ਸਾਕ ਭਿ ਭਜਿ ਖਲੇ ॥
ਸਭੋ ਭਜੈ ਆਸਰਾ ਚੁਕੈ ਸਭੁ ਅਸਰਾਉ ॥
ਚਿਤਿ ਆਵੈ ਓਸੁ ਪਾਰਬ੍ਰਹਮੁ ਲਗੈ ਨ ਤਤੀ ਵਾਉ ॥

(ਪੰਨਾ ੭੦)

ਵਿਸ਼ਵਾਸ ਹੋਰ ਪੱਕਾ ਹੋ ਗਿਆ ਸ਼ਰਧਾ ਉਪਜ ਪਈ, ਸ਼ਾਤੀ ਨਸੀਬ ਹੋਈ ਰੱਬੀ ਪ੍ਰੇਮ ਜਾਗ ਪਿਆ, ਜਿਸ ਨਾਲ ਸੁਆਸ ਸੁਆਸ ਸ਼ੁਕਰਾਨਾ ਕਰਨ ਲੱਗ ਪਿਆ। ਜੀਵਨ ਸੁਧਰ ਗਿਆ ਇਨਾਂ ਹੀ ਦਿਨਾਂ ਵਿਚ ਅਚਾਨਕ ਕਿਧਰੇ ਮਹਾਰਾਜਾ ਰਣਜੀਤ ਸਿੰਘ ਜੀ ਵੀ ਆ ਗਏ। ਕਿਸੇ ਸਰੀਰਕ ਖੇਚਲ ਕਾਰਨ ਰਾਤੀਂ ਨੀਂਦ ਨ ਆਈ। ਜਿਹੜੀ ਦਵਾਦਾਰੂ ਕਰ ਸਕਦੇ ਸੀ ਕੀਤੀ, ਪਰ ਚੈਨ ਨਹੀਂ ਆਇਆ। ਅਚਾਨਕ ਖਿਆਲ ਆਇਆ ਕਿ ਦੁਨਿਆਵੀ ਵੈਦਾਂ ਦੀ ਗੱਲ ਛੱਡ ਕੇ ਵੈਦ ਗੋਬਿੰਦ ਨੂੰ ਬੇਨਤੀ ਕਰਾਂ। ਸਤਿਗੁਰੂ ਜੀ ਅੱਗੇ ਅਰਦਾਸ ਕੀਤੀ, ਸ਼ਾਤੀ ਆਈ। ਸਵੇਰੇ ਮਹਾਰਾਜੇ ਨੇ ਉਠ ਕੇ ਬਚਨ ਕੀਤਾ ਕਿ ਰਾਤ ਸਤਿਗੁਰੂ ਜੀ ਕਿਰਪਾ ਕਰਕੇ ਸ਼ਾਂਤੀ ਨਸੀਬ

ਹੋਈ ਹੈ, ਸੋ ਮੈਂ ਇਸ ਕਿਲੇ ਵਿੱਚ ਆਏ ਕਿਸੇ ਕੈਦੀ ਨੂੰ ਅੱਜ ਆਜ਼ਾਦ ਕਰ ਦਿਆਂ ਤਾਂ ਉਸੇ ਵਕਤ ਜੇਲ ਕਰਮਚਾਰੀਆਂ ਨੇ ਉਸ ਧਾੜਵੀ ਸਰਦਾਰ ਦੀ ਸਾਰੀ ਵਿਥਿਆਂ ਸੁਣਾਈ। ਮਹਾਰਾਜੇ ਨੇ ਅਜ਼ਾਦ ਕਰਕੇ ਆਪਣੇ ਕੋਲ ਬੁਲਾਇਆ ਕਿ ਦੱਸ ਤੈਨੂੰ ਕਿਹੜੀ ਪਦਵੀ ਦਿਆਂ ? ਕਿਉਂਕਿ ਤੇਰਾ ਜੀਵਨ ਬਹੁਤ ਸੁਧਰ ਗਿਆ ਹੈ ਅਤੇ ਅੱਜ ਮੇਰਾ ਮਨ ਵੀ ਬਹੁਤ ਪਰਸੰਨ ਹੈ। ਉਹ ਧਾੜਵੀ ਜਿਹੜਾ ਗਾਲਾਂ ਕੱਢਦਾ ਰਹਿੰਦਾ ਸੀ ਹੱਥ ਜੋੜ ਕਹਿਣ ਲੱਗਾ ਕਿ ਬਹੁਤ ਧੰਨਵਾਦ ਆਪ ਜੀ ਦਾ, ਪਰ ਹੁਣ ਮੈਨੂੰ ਕਿਸੇ ਦੁਨਿਆਵੀ ਪਦਵੀਆਂ ਦੀ ਭੁੱਖ ਨਹੀਂ, ਹੁਣ ਤਾਂ ਬੱਸ ਰਹਿੰਦੇ ਸੁਵਾਸ ਪ੍ਰਭੂ ਯਾਦ ਵਿੱਚ ਗੁਜ਼ਰ ਜਾਣ, ਇਹੋ ਅਰਦਾਸ ਕਰਨਾ। ਮਹਾਰਾਜਾ ਰਣਜੀਤ ਸਿੰਘ ਹੈਰਾਨ ਹੋ ਗਿਆ ਕਿ ਗੁਰਬਾਣੀ ਨਾਲ ਬੰਦੇ ਦੇ ਅੰਦਰ ਦੀ ਹਰੇਕ ਭੁੱਖ ਸ਼ਾਤ ਹੋ ਜਾਂਦੀ ਹੈ। ਅਸਲ ਵਿਚ ਨੀਅਤ ਦਾ ਰੱਜਿਆ ਪਾਰਖੂ ਹੀ ਰਾਜਾ ਹੁੰਦਾ ਹੈ।

ਹਰੀ ਪਰਮੇਸਰ ਨੂੰ ਪਾ ਲੈਣ ਵਾਲੇ ਦੀ ਕੋਈ ਇੱਛਾ ਅਧੂਰੀ ਨਹੀਂ ਰਹਿੰਦੀ। ਉਸ ਅੰਦਰ ਤਾਂ ਬਲਕਿ ਪੂਰਨ ਤ੍ਰਿਪਤੀ ਹੋ ਜਾਂਦੀ ਹੈ। ਲਾਲਚ ਅਧੀਨ ਹੋ ਕੇ ਭਟਕਣਾ ਤਾਂ ਦੂਰ ਦੀ ਗੱਲ ਹੈ ਉਹ ਤਾਂ ਫਿਰ ਰੋਜ਼ੀ ਰੋਟੀ ਲਈ ਵੀ ਕਦੇ ਚਿੰਤਾ ਨਹੀਂ ਕਰਦਾ ਉਸਨੂੰ ਤਾਂ ਰੋਜ਼ੀ ਦੀ ਚਿੰਤਾ ਦੀ ਥਾਂ ਰਾਜਿਕ (ਰਿਜਕ ਦੇਣ ਵਾਲੇ) ਦਾ ਚਿੰਤਨ ਚੰਗਾ ਲੱਗਦਾ ਹੈ। ਕਵੀ ਬਾਲਿਮ ਦਾ ਇਕ ਬਚਨ ਹੈ :

"ਜਿਸ ਰੋਜ਼ ਰਜ਼ਾਂ ਦੀ ਥੀ ਨਿਮਿਆਂ ਤੂੰ, ਰਾਜਿਕ ਉਦੋਂ ਤੋਂ ਕੀਤੀ ਤਿਆਰ ਰੋਜ਼ੀ॥
ਰੋਜ਼ੀ ਖਾਣ ਵਾਲੇ ਆਉਂਦੇ ਬਹੁਤ ਮਗਰੋਂ, ਪਹਿਲਾਂ ਕਰਦੀ ਹੈ ਇੰਤਜ਼ਾਰ ਰੋਜ਼ੀ॥
ਮਾਂ ਦੇ ਸੀਨੇ ਦੇ ਸੋਹਲ ਖਜ਼ਾਨਿਆਂ ਚੋਂ ਬਣਕੇ ਵਹਿੰਦੀ ਹੈ ਦੁਧ ਦੀ ਧਾਰ ਰੋਜ਼ੀ॥
ਤੈਨੂੰ ਰੋਜ਼ੀ ਦੀ ਕੀ ਪ੍ਰਵਾਹ ਬਾਲਿਮ, ਜਦ ਦੇਣਹਾਰ ਆਪ ਦਾਤਾਰ ਰੋਜ਼ੀ ॥

ਨੀਅਤ ਦਾ ਭੁੱਖਾ ਖੋਹਣਾ ਜਾਣਦਾ ਹੈ, ਪਰ ਨੀਅਤ ਦਾ ਰੱਜਿਆ ਦੇਣਾ ਜਾਣਦਾ ਹੈ। ਅਜਿਹੇ ਪੁਰਖ ਦੀ ਤਲੀ ਤੇ ਰੱਖਿਆ ਇਕ ਪ੍ਰਸ਼ਾਦਾ ਵੀ ਵੰਡ ਕੇ ਖਾਧਾ, ਹੋਰ ਦੀ ਵੀ ਭੁੱਖ ਮਿਟਾ ਦਿੰਦਾ ਹੈ। ਇਕ ਗੱਲ ਹੋਰ ਖਿਆਲ ਕਰਨ ਯੋਗ ਹੈ ਕਈ ਵਾਰੀ ਮਨੁੱਖ ਦੇ ਕੁਝ ਦੇਣ ਵਿੱਚ ਵੀ ਭੁੱਖ ਛੁਪੀ ਹੁੰਦੀ ਹੈ। ਕਦੇ ਅਜਿਹਾ ਪੁਰਖ ਹੰਕਾਰ ਦੀ ਭੁੱਖ ਲਈ ਦਾਨ ਕਰਦਾ ਹੈ, ਕਦੇ ਹੋਰ ਬਹੁਤੀ ਪ੍ਰਾਪਤੀ ਲਈ ਕਿਸੇ ਨੂੰ ਕੁਝ ਦਿੰਦਾ ਹੈ।

" ਦੇ ਦੇ ਮੰਗਹਿ ਸਹਸਾ ਗੂਣਾ ਸੋਭ ਕਰੇ ਸੰਸਾਰੁ ॥" (ਪੰਨਾ ੪੬੬) ਰੱਬੀ ਬਾਣੀ ਦਾ ਫੁਰਮਾਨ ਹੈ ਪਰ ਜਿਸ ਨੇ "ਸਭੇ ਇਛਾ ਪੂਰੀਆ ਜਾ ਪਾਇਆ ਅਗਮ ਅਪਾਰਾ ॥" (ਪੰਨਾ ੭੪੭ ਨੂੰ ਜਪ ਲਿਆ ਹੁੰਦਾ ਹੈ ਉਹ ਤਾਂ ਅੰਦਰੋ ਬਾਹਰੋਂ ਹਰ ਤਰ੍ਹਾਂ ਨਾਲ ਰੱਜਿਆ ਹੁੰਦਾ ਹੈ। ਕਿਸੇ ਨੂੰ ਕੁਝ ਦੇ ਕੇ ਵੀ ਸ਼ੁਕਰਾਨਾ ਹੀ ਕਰਦਾ

ਹੈ। ਕਿਸੇ ਇਕ ਧਨੀ ਪੁਰਖ ਨੂੰ ਦਾਨ ਕਰ ਦਿਆਂ ਦੇਖਕੇ ਹੀ ਕਿਸੇ ਜਗਿਆਸੂ ਨੇ ਇਕ ਸੁਆਲ ਕੀਤਾ ਸੀ ਕਿ ਸੇਠ ਜੀ ਕੀ ਕਾਰਨ ਹੈ ਦਾਨੀ ਪੁਰਖ ਦਾ ਚਿਹਰਾ ਜਾਂ ਗਰਦਨ ਹੰਕਾਰ ਨਾਲ ਆਕੜੀ ਤਾਂ ਆਮ ਵੇਖੀ ਹੈ ਪਰ ਤੁਹਾਡੇ ਵਾਂਗੂੰ ਨੀਵੀਂ ਪਾ ਕੇ ਕੋਈ ਦਾਨ ਕਰਦਾ ਨਹੀਂ ਦੇਖਿਆ ? ਤਦ ਉਸ ਦਾਨੀ ਪੁਰਖ ਨੇ ਜਵਾਬ ਦਿੱਤਾ ਸੀ ਕਿ ਭਾਈ ਅਸਲ ਗੱਲ ਇਹ ਹੈ ਕਿ ਦੇਣ ਵਾਲਾ ਤਾਂ ਕੋਈ ਹੋਰ ਹੈ, ਜਿਹੜਾ ਦਿਨ ਰਾਤ ਬਖਸ਼ਿਸ਼ਾਂ ਕਰ ਰਿਹਾ ਹੈ, ਮੈ ਤਾਂ ਸਿਰਫ ਵੰਡਦਾ ਹੀ ਹਾਂ ਪਰ ਲੋਕ ਮੇਰੇ ਹੱਥਾਂ ਦੀ ਹਰਕਤ ਵੇਖ ਕੇ ਮੈਨੂੰ ਹੀ ਦਾਤਾਰ ਸਮਝ ਲੈਂਦੇ ਹਨ, ਜਿਸ ਕਰਕੇ ਮੈਂ ਸ਼ਰਮਿੰਦਾ ਹੋ ਕੇ ਮੂੰਹ ਨੀਵਾਂ ਕਰ ਲੈਂਦਾ ਹਾਂ।

"ਸੀਖੇ ਕਹਾਂ ਸੁ ਸੇਖ ਜੀ, ਐਸੀ ਦੇਣੀ ਦੇਣ।
ਜਿਉ ਜਿਉ ਕਰ ਉਚਾ ਉਠੈ ਤਿਉ ਤਿਉ ਨੀਚੇ ਨੈਣ।

ਤਾਂ ਦਾਨੀ ਪੁਰਖ ਨੇ ਇਹ ਸੁਆਲ ਸੁਣ ਕੇ ਜਵਾਬ ਦਿਤਾ ਸੀ ਕਿ

"ਦੇਣਹਾਰ ਕੋਈ ਔਰ ਹੈ ਭੇਜਤ ਹੈ ਦਿਨ ਰੈਣਿ।
ਲੋਗ ਭਰਮ ਮੁਝ ਪਰ ਕਰੈ ਤਾਂ ਤੇ ਨੀਚੇ ਨੈਣ।

ਅਜਿਹੇ ਨੀਅਤ ਦੇ ਰੱਜੇ ਪੁਰਖ ਜਿਸਨੂੰ ਕੁਝ ਦੇ ਕੇ ਚਿਤਾਰਨ ਦੀ ਜਾਂ ਹੰਕਾਰ ਦੀ ਭਾਵਨਾ ਨਾ ਹੋਵੇ ਤਾਂ ਫਿਰ ਸਮਝ ਲੈਣਾ ਚਾਹੀਦਾ ਹੈ ਕਿ ਅਜਿਹਾ ਪੁਰਖ ਹੀ ਅਸਲ ਵਿੱਚ ਨਿਰਬਾਹ ਕਰਨ ਵਾਲਾ ਹੁੰਦਾ ਹੈ।

ਜਿਹ ਪ੍ਰਸਾਦਿ ਕਰਹਿ ਪੁੰਨ ਬਹੁ ਦਾਨ ॥
ਮਨ ਆਠ ਪਹਰ ਕਰਿ ਤਿਸ ਕਾ ਧਿਆਨ॥ *(ਪੰਨਾ ੨੭੦)*

ਬੰਦੇ ਦਾ ਬਾਲਪਨ ਕੁਝ ਲੈਣ ਵਿੱਚ ਗੁਜ਼ਰਦਾ ਹੈ। ਕਿ ਮਾਪੇ ਵੀ ਦਿੰਦੇ ਹਨ, ਆਂਢ ਗੁਆਂਢ ਵੀ ਦਿੰਦਾ ਹੈ। ਸ਼ਾਇਦ ਇਹੋ ਕਾਰਨ ਹੋਵੇ ਕਿ ਸਾਡੇ ਸਮਾਜ ਵਿੱਚ ਬਹੁਤੀ ਵਾਰੀ ਘਰ ਆਇਆ ਰਿਸ਼ਤੇਦਾਰ ਜਾਂ ਸਬੰਧੀ ਵੀ ਜਾਣ ਲੱਗਿਆਂ ਬੱਚਿਆਂ ਨੂੰ ਪੈਸੇ ਦੇ ਜਾਂਦਾ ਹੈ ਕਿਉਂਕਿ ਬਚਪਨ ਦੀ ਉਮਰ ਹੀ ਕੁਝ ਲੈਣ ਦੀ ਹੁੰਦੀ ਹੈ, ਪਰ ਵਿਆਹ ਦੇ ਨਾਲ ਜ਼ਿੰਦਗੀ ਦਾ ਪਾਸਾ ਪਰਤ ਜਾਂਦਾ ਹੈ ਹੁਣ ਜਿੰਮੇਵਾਰੀ ਕੁਝ ਦੇਣ ਦੀ ਬਣ ਜਾਂਦੀ ਹੈ। ਹੁਣ ਮਾਪਿਆ ਵੀ ਕੁਝ ਲੈਣਾ ਹੈ, ਬੱਚਿਆਂ ਵੀ ਕੁਝ ਲੈਣਾਂ ਹੈ, ਸਰਕਾਰਾਂ ਨੇ ਵੀ ਲੈਣਾ ਹੈ ਤ ਇਸਤ੍ਰੀ ਨੇ ਵੀ ਕੁਝ ਲੈਣਾ ਹੈ। ਹੋਰ ਤਾਂ ਹੋਰ ਇਸ ਉਮਰ ਵਿਚ ਤਾਂ ਰੱਬੀ ਲੇਖਾ ਦੇਣਾ ਪੈਣਾ ਹੈ। ਇਹ ਵੀ ਯਾਦ ਆਉਣ ਲੱਗ ਪੈਂਦਾ ਹੈ। ਇਸ ਲਈ ਹੀ ਮਨ ਚਿੰਦਿਆਂ ਪਾ ਕੇ ਨੀਅਤ ਦਾ ਰੱਜਿਆ ਪੁਰਖ ਹਰ ਇਕ ਨਾਲ ਨਿਰਬਾਹ ਕਰ ਲੈਂਦਾ ਹੈ।

*

ਪਰ ਵੇਲ ਨ ਜੋਹਿ ਕੰਤ ਤੂ

ਹਰ ਇਕ ਚੀਜ਼ ਦੇ ਕੁਝ ਅੰਦਰੂਨੀ ਲੱਛਣ ਹੁੰਦੇ ਹਨ। ਜਿਹੜੇ ਉਸਦੀ ਪਹਿਚਾਣ ਬਣਦੇ ਹਨ। ਜਿਵੇਂ ਕਿਸੇ ਬਿਮਾਰ ਪੁਰਖ ਦੇ ਕੁਝ ਲੱਛਣ ਡਾਕਟਰ ਨੂੰ ਬਿਮਾਰੀ ਦੀ ਪਹਿਚਾਣ ਕਰਵਾ ਦਿੰਦੇ ਹਨ। ਇਸ ਤਰ੍ਹਾਂ ਹੀ ਕੁਝ ਕੁ ਲੱਛਣ ਪਤੀ ਦੇ ਵੀ ਹਨ ਜਿਨ੍ਹਾਂ ਸਦਕਾ ਉਹ ਪਤੀ ਕਹਾਉਣ ਦਾ ਹੱਕ ਰੱਖਦਾ ਹੈ।

ਅੱਜ ਦੀ ਦੁਨੀਆਂ ਵਿੱਚ ਦੋ ਸ਼ਬਦਾਂ ਦੀ ਜੰਗ ਬਹੁਤ ਜ਼ੋਰਾਂ ਸ਼ੋਰਾਂ ਨਾਲ ਚੱਲ ਰਹੀ ਹੈ। ਇਕ ਸ਼ਬਦ ਹੈ ਹੱਕ ਅਤੇ ਦੂਸਰਾ ਸ਼ਬਦ ਹੈ ਫ਼ਰਜ਼। ਪਰ ਮਨੁੱਖ ਇਤਨਾ ਸੁਆਰਥੀ ਹੈ ਕਿ ਇਹ ਹਮੇਸ਼ਾ ਹੀ ਕੋਸ਼ਿਸ਼ ਕਰਦਾ ਆਇਆ ਹੈ ਕਿ ਮੈਂ ਆਪਣੇ ਹੱਕਾਂ ਪ੍ਰਤੀ ਤਾਂ ਸੁਚੇਤ ਹੋਵਾਂ। ਪਰ ਮੇਰੇ ਫਰਜ਼ ਕੀ ਹਨ। ਇਸ ਪਖੋਂ ਸਦਾ ਹੀ ਅਵੇਸਲਾ ਰਿਹਾ ਹੈ। ਅੱਜ ਵੀ ਮਨੁੱਖ ਇਹ ਕੋਸ਼ਿਸ਼ ਵਿੱਚ ਹੈ ਕਿ ਪਤੀ ਦਾ ਹੱਕ ਕੀ ਹੈ? ਪਰ ਗੁਰਮਤਿ ਸੁਚੇਤ ਕਰਦੀ ਹੈ ਕਿ ਭਾਈ ਜਿਵੇਂ ਬੀਜ ਤੋਂ ਬਗੈਰ ਫਲ ਦੀ ਪ੍ਰਾਪਤੀ ਨਹੀਂ ਹੁੰਦੀ ਇਸ ਤਰ੍ਹਾਂ ਹੀ ਫਰਜ ਤੋਂ ਬਗੈਰ ਮਨੁੱਖ ਹੱਕ ਤੱਕ ਪਹੁੰਚ ਨਹੀਂ ਸਕਦਾ। ਅੱਜ ਜੇਕਰ ਇਕ ਚੰਗਾ ਪਤੀ ਹੋਣ ਦਾ ਹੱਕ ਪ੍ਰਾਪਤ ਕਰਨਾ ਹੈ ਤਾਂ ਪਹਿਲਾਂ ਕੁਝ ਫਰਜ਼ਾਂ ਦੀ ਪਹਿਚਾਣ ਤੇ ਉਨ੍ਹਾਂ ਦੀ ਪਾਲਣਾ ਦਾ ਪ੍ਰਣ ਕਰਨਾ ਪਵੇਗਾ। ਨਿਰਬਾਹ ਕਰਨ ਲਈ ਜਿਥੇ ਹੱਕ ਜ਼ਰੂਰੀ ਹੈ ਉਥੇ ਫਰਜ਼ਾਂ ਦੀ ਪਾਲਣਾ ਵੀ ਅਤਿਅੰਤ ਜ਼ਰੂਰੀ ਹੈ ਜਿਸ ਨਾਲ ਵਿਆਹ ਹੀ ਇਤਨਾ ਖੁਸ਼ੀਆਂ ਭਰਿਆਂ ਦਿਨ ਨਹੀਂ ਹੋਵੇਗਾ ਬਲਕਿ ਹਰ ਰੋਜ਼ ਹੀ ਨਿਰਬਾਹ ਕਰਦਿਆਂ ਅੱਜ ਵਾਂਗੂੰ ਖੁਸ਼ੀਆਂ ਲੈ ਕੇ ਆਇਗਾ।

ਅੱਜ ਤੋਂ ਅਰੰਭੇ ਜ਼ਿੰਦਗੀ ਦੇ ਇਸ ਨਵੇਂ ਸ਼ਫਰ ਲਈ ਸਭ ਤੋਂ ਜ਼ਰੂਰੀ ਹੈ ਕਿ ਪਤੀ, ਪਤਨੀ ਪ੍ਰਤੀ ਵਫਾਦਾਰ ਹੋਵੇ, ਕਿਉਂਕਿ ਪਤਨੀ ਨੇ ਜਦੋਂ ਸਾਹਿਬ ਸਤਿਗੁਰੂ ਜੀ ਦੇ ਹਜ਼ੂਰ ਵਿਚ ਬੈਠ ਕੇ ਸਮੂਹ ਸੰਗਤ ਤੇ ਰਿਸ਼ਤੇਦਾਰਾਂ ਦੇ ਇਕੱਠ ਵਿੱਚ ਬੈਠ ਕੇ ਪਤੀ ਦਾ ਲੜ ਫੜਿਆ ਉਦੋਂ ਆਪਣੀ ਅੰਦਰਲੀ ਵੇਦਨਾਂ ਨੂੰ ਇਨ੍ਹਾਂ ਸ਼ਬਦਾਂ ਰਾਹੀਂ ਪ੍ਰਗਟ ਵੀ ਕੀਤਾ ਸੀ ਕਿ ਹੇ ਪਤੀ ਦੇਵ ! ਮੈ ਆਪਣੇ ਮਾਪਿਆਂ ਦੇ ਘਰ ਬਹੁਤ ਹੀ ਲਾਡਾਂ ਪਿਆਰਾਂ ਨਾਲ ਪਲੀ ਅਤੇ ਵੱਡੀ ਹੋਈ ਹਾਂ। ਮੇਰੀ ਨਸ ਨਸ ਵਿਚ ਆਪਣੇ ਭੈਣ ਭਰਾਵਾਂ ਦਾ ਪਿਆਰ ਭਰਿਆ ਪਿਆ ਹੈ, ਪਰ ਅੱਜ ਤੋਂ ਬਾਅਦ ਤੁਹਾਡੇ ਪ੍ਰੇਮ ਸਤਿਕਾਰ ਲਈ ਮੈਂ ਸਭ ਕੁਝ ਕੁਰਬਾਨ ਕਰਕੇ ਤੁਹਾਡੇ ਸੱਚੇ ਸੁੱਚੇ ਪਿਆਰ ਨੂੰ ਅਪਣਾਉਂਦੀ ਹਾਂ, ਭਾਵ ਕਦੇ ਤੁਹਾਡੇ ਪ੍ਰੇਮ ਸਤਿਕਾਰ ਬਦਲੇ

ਮੈਨੂੰ ਇਨਾਂ ਦਾ ਪਿਆਰ ਕੁਰਬਾਨ ਕਰਨਾ ਪਵੇ ਮੈਂ ਕਦੇ ਗੁਰੇਜ਼ ਨਹੀਂ ਕਰਾਂਗੀ। ਮੈਨੂੰ ਮਾਣ ਭਰੋਸਾ ਆਪਣੇ ਭਰਾਵਾਂ, ਆਪਣੇ ਮਾਤਾ ਪਿਤਾ ਦਾ ਨਹੀਂ ਬਲਕਿ ਆਪ ਜੀ ਤੇ ਹੋਵੇਗਾ। ਇਸ ਲਈ ਉਦੋਂ ਸ਼ਬਦ ਪੜਿਆ ਜਾਂਦਾ ਹੈ ਕਿ "ਹਭੇ ਸਾਕ ਕੂੜਾਵੇ ਡਿਠੇ ਤਉ ਪਲੇ ਤੈਂਡੇ ਲਾਗੀ" ਇਸ ਲਈ ਜੇਕਰ ਪਤਨੀ ਨੇ ਇਕ ਹੀ ਰਿਸ਼ਤਾ ਉਤਮ ਜਾਣ ਕੇ ਚੁਣ ਲਿਆ ਤਦ ਪਤੀ ਵੀ ਇਕ ਹੀ ਰਿਸ਼ਤੇ ਵਿੱਚ ਪਰੋਇਆ ਜਾਂਦਾ ਹੈ। ਇਸ ਰਿਸ਼ਤੇ ਨੂੰ ਦੂਜੇ ਸ਼ਬਦਾਂ ਵਿਚ ਪਤਨੀ ਬ੍ਰਤਾ ਵੀ ਕਿਹਾ ਜਾਂਦਾ ਹੈ। ਗ੍ਰਹਿਸਤੀ ਜੀਵਨ ਅੰਦਰ ਇਸ ਰਿਸ਼ਤੇ ਦੀ ਘਾਟ ਪ੍ਰੇਮ ਮਹੱਲ ਨੂੰ ਖੇਰੂੰ ਖੇਰੂੰ ਕਰ ਦਿੰਦੀ ਹੈ। ਇਸ ਲਈ ਹੀ ਸਾਹਿਬ ਜੀ ਹੁਣ ਤੱਕ ਦੇ ਸੰਸਾਰਕ ਇਤਿਹਾਸ ਤੇ ਪਹਿਲਾਂ ਝਾਤ ਮਾਰੀ ਕਿ ਵਿਕਾਰਾਂ ਦੀ ਭੁੱਖ ਨੇ ਮਨੁੱਖ ਦੀ ਜ਼ਿੰਦਗੀ ਨੂੰ ਕਿਵੇਂ ਤਬਾਹ ਕੀਤਾ ਹੈ। ਕੁਝ ਕੁ ਵੀਚਾਰ ਕਰ ਲੈਣੀ ਯੋਗ ਹੋਵੇਗੀ।

ਭਾਈ ਗੁਰਦਾਸ ਜੀ ਦੇ ਬਹੁਤ ਸੁੰਦਰ ਬਚਨ ਹਨ ਕਿ ਵਿਕਾਰੀ ਭੁੱਖ ਨੇ ਬ੍ਰਹਮਾ ਜੀ ਵਰਗੇ ਦੇਵਤਾ ਕਹਾਉਣ ਵਾਲੇ ਦਾ ਕੀ ਹਾਲ ਕੀਤਾ ਸੀ।

"ਚਾਰ ਵੇਦ ਵਖਾਣਦਾ ਚਤੁਰਮੁਖੀ ਹੋਇ ਖਰਾ ਸਿਆਣਾ।
ਲੋਕਾਂ ਨੋ ਸਮਝਾਇੰਦਾ ਵੇਖਿ ਸੁਰਸਤੀ ਰੂਪ ਲੋਭਾਣਾ।

(ਵਾਰ ੧੨/੭)

ਚਾਰੇ ਬੇਦਾਂ ਦਾ ਗਿਆਤਾ, ਸਿਆਣਾ ਅਤੇ ਹੋਰ ਲੋਕਾਂ ਨੂੰ ਮਤਿ ਦੇਣ ਵਾਲਾ ਬ੍ਰਹਮਾ ਵੀ ਖੁਦ ਆਪਣੀ ਹੀ ਲੜਕੀ ਸਰਸਵਤੀ ਨੂੰ ਦੇਖ ਕੇ ਮੋਹਿਤ ਹੋ ਗਿਆ ਤੇ ਵਿਕਾਰੀ ਭਾਵਨਾ ਕਾਰਨ ਭਟਕ ਗਿਆ ਸੀ। ਫਿਰ ਇਸ ਦੇ ਨਾਲ ਹੀ ਇੰਦਰ ਵਰਗੇ ਦੇਵਤੇ ਨੇ ਵੀ ਵਿਕਾਰਾਂ ਵਸ ਹੋ ਕੇ ਕੀ ਕੀਤਾ ਕਿ ਗੋਤਮ ਰਿਖੀ ਦੀ ਇਸਤ੍ਰੀ ਅਹਲਿਆ ਦੀ ਸੁੰਦਰਤਾ ਤੇ ਮੋਹਿਤ ਹੋ ਕੇ ਉਸ ਵਸਦੇ ਰਸਦੇ ਪ੍ਰੀਵਾਰ ਨੂੰ ਹੀ ਨਹੀਂ ਉਜਾੜਿਆ ਬਲਕਿ ਆਪਣੇ ਸਰੀਰ ਤੇ ਚਿਹਨ ਭਗ ਹੋਣ ਕਰਕੇ ਜ਼ਿੰਦਗੀ ਦਾ ਦਾਮਨ ਹੀ ਦਾਗੀ ਕਰ ਲਿਆ।

ਗੋਤਮੁ ਤਪਾ ਅਹਿਲਿਆ ਇਸਤ੍ਰੀ ਤਿਸੁ ਦੇਖਿ ਇੰਦ੍ਰ ਲੋਭਾਇਆ॥
ਸਹਸ ਸਰੀਰ ਚਿਹਨ ਭਗ ਹੂਏ ਤ ਮਨਿ ਪਛੋਤਾਇਆ ॥੧॥

(ਪੰਨਾ ੧੩੪੪)

ਕ੍ਰਿਸ਼ਨ ਜੀ ਦੇ ਜੀਵਨ ਦਾ ਤਾਂ ਨਾਂ ਹੀ ਕ੍ਰਿਸ਼ਨ ਲੀਲਾ ਰੱਖ ਦਿੱਤਾ ਪਰ ਸੱਚ ਹਕੀਕਤ ਇਹੋ ਹੀ ਹੈ ਕਿ ਗੋਪੀਆਂ ਰੱਖ ਕੇ ਵੀ ਕਿਸੇ ਚੰਦਰਾਵਲ ਵਰਗੀ ਸੁਘੜ ਸਿਆਣੀ ਇਸਤ੍ਰੀ ਦਾ ਸਤ ਭੰਗ ਕਰਨ ਲਈ ਆਪਣੇ ਮਨ ਦੀ ਭਾਵਨਾ ਦੀ ਪੂਰਤੀ ਲਈ ਕਿਸੇ ਇਕ ਲੜਕੀ ਦਾ ਵੇਸ ਬਣਾ ਕੇ ਉਸ ਦੀ ਸੁੱਖਾਂ ਭਰੀ ਗ੍ਰਹਿਸਥੀ ਜ਼ਿੰਦਗੀ ਨੂੰ ਲੁੱਟਿਆ ਸੀ। ਇਹ ਗੱਲ ਹਰ ਰੋਜ਼ ਆਸਾ ਦੀ ਵਾਰ ਵਿੱਚ ਸੁਣਦਿਆਂ ਸੁਭਾਵਿਕ

ਹੀ ਮਨ ਨੂੰ ਹਲੂਣਾ ਦੇ ਜਾਂਦੀ ਹੈ।

ਜੁਜ ਮਹਿ ਜੋਰਿ ਛਲੀ ਚੰਦ੍ਰਾਵਲਿ ਕਾਨ੍ ਕ੍ਰਿਸਨੁ ਜਾਦਮੁ ਭਇਆ॥
ਪਾਰਜਾਤੁ ਗੋਪੀ ਲੈ ਆਇਆ ਬਿੰਦ੍ਰਾਬਨ ਮਹਿ ਰੰਗੁ ਕੀਆ॥

(ਪੰਨਾ ੪੭੦)

ਇਕ ਗੱਲ ਇਥੇ ਹੋਰ ਕਰਨ ਯੋਗ ਸਮਝਦਾ ਹਾਂ ਕਿ ਜਿਥੇ ਗੁਰੂ ਪਾਤਿਸ਼ਾਹ ਨੇ ਸਿੱਖ ਦੇ ਜੀਵਨ ਨੂੰ ਇਸ ਤਰ੍ਹਾਂ ਤਬਾਹੀ ਤੋਂ ਬਚਾ ਕੇ ਸੱਚ ਮਾਰਗ ਦਾ ਪਾਂਧੀ ਬਣਾਇਆ, ਉਥੇ ਆਪ ਦਾ ਆਪਣਾ ਜੀਵਨ ਵੀ ਇਤਨਾ ਉੱਚਾ ਹੈ ਕਿ ਸਤਿਗੁਰੂ ਜੀ ਦਾ ਇਤਿਹਾਸ ਪੜ੍ਹਦਿਆਂ ਪ੍ਰਤੀਤ ਹੁੰਦਾ ਹੈ ਕਿ ਜਿਵੇਂ ਪੁਰਾਣੇ ਦੇਵੀ ਦੇਵਤਿਆਂ ਦਾ ਇਤਿਹਾਸ ਸ਼ਰਮਿੰਦਾ ਹੋ ਜਾਂਦਾ ਹੋਵੇ। ਕਿਉਂਕਿ ਜਿਥੇ ਇਹ ਲੋਕ, ਬ੍ਰਹਮਾ ਜੀ ਦਾ ਆਪਣੀ ਹੀ ਧੀ ਤੇ ਮੋਹਿਤ ਹੋਣਾ, ਇੰਦਰ ਦੇਵਤੇ ਦਾ ਗੋਤਮ ਰਿਸ਼ੀ ਦੀ ਘਰਵਾਲੀ ਦਾ ਜੀਵਨ ਲੁੱਟਣ ਦੀ ਕੋਸ਼ਿਸ਼ ਕਰਨਾ, ਕ੍ਰਿਸ਼ਨ ਜੀ ਦਾ ਚੰਦਰਾਵਲ ਲਈ ਅਨੇਕਾਂ ਪਾਪੜ ਵੇਲਣਾ ਜਦਕਿ ਕ੍ਰਿਸ਼ਨ ਜੀ ਦੀਆਂ 360 ਗੋਪੀਆਂ ਸਨ ਉਥੇ ਸ਼ਰਧਾ ਨਾਲ ਦੀਦਾਰ ਕਰੀਏ ਕਿ ਕਲਗੀਧਰ ਦਸ਼ਮੇਸ਼ ਪਿਤਾ ਜੀ ਕੋਲ ਮਾਤਾ ਪਿਤਾ ਜੀ ਆਪ ਆਪਣੀ ਬੇਟੀ ਦੀ ਭਾਵਨਾ ਦੀ ਜ਼ੁਬਾਨ ਬਣ ਕੇ ਆਏ ਤੇ ਆ ਕੇ ਬੇਨਤੀ ਕਰਨ ਲੱਗੇ ਕਿ ਸਾਡੀ ਬੱਚੀ ਜਿਸਨੂੰ ਅੱਜ ਸਿਖ ਜਗਤ ਪੰਥ ਦੀ ਮਾਤਾ ਕਹਿਕੇ ਸਤਿਕਾਰਦਾ ਹੈ ਮਾਤਾ ਸਾਹਿਬ ਕੌਰ ਜੀ ਨੇ ਮਾਨਸਿਕ ਸੰਕਲਪ ਲਿਆ ਹੈ ਆਪ ਜੀ ਦੇ ਗ੍ਰਿਹ ਵਿਖੇ ਪਤਨੀ ਹੋ ਕੇ ਜ਼ਿੰਦਗੀ ਗੁਜ਼ਾਰਨ ਦਾ, ਸੋ ਸਾਹਿਬ ਜੀਉ ਆਪ ਜੀ ਕ੍ਰਿਪਾ ਕਰਕੇ ਇਸ ਨੂੰ ਆਪਣੇ ਗ੍ਰਹਿ ਵਿਖੇ ਰਹਿਣ ਦੀ ਆਗਿਆ ਦਿਓ। ਪਹਿਲਾਂ ਸਾਹਿਬ ਜੀ ਨੇ ਸਪੱਸ਼ਟ ਕੀਤਾ ਕਿ ਸਾਡੇ ਘਰ ਭਾਵ ਗੁਰਮਤਿ ਦਾ ਐਸਾ ਕੋਈ ਅਸੂਲ ਨਹੀਂ ਪਰ ਨਾਲ ਹੀ ਇਕ ਸ਼ਰਤ ਗੁਰਦੇਵ ਜੀ ਨੇ ਰੱਖ ਦਿਤੀ ਕਿ ਸਮਾਜਿਕ ਤੌਰ ਤੇ ਅਤੇ ਧਾਰਮਿਕ ਤੌਰ ਤੇ ਹਰ ਤਰੀਕੇ ਇਨਾਂ ਨੂੰ ਪਤਨੀ ਹੋਣ ਦਾ ਹੱਕ ਤਾਂ ਹੋਵੇਗਾ , ਪਰ ਇਨ੍ਹਾਂ ਦਾ ਡੋਲਾ ਜੀਵਨ ਭਰ ਕੁਵਾਰਾ ਰਹੇਗਾ। ਜੇਕਰ ਮਨਜ਼ੂਰ ਹੈ ਤਾਂ ਹੀ ਇਸ ਘਰ ਵਿਚ ਪ੍ਰਵੇਸ਼ ਮਿਲ ਸਕਦਾ ਹੈ। ਸਾਰਿਆਂ ਇਹ ਸ਼ਰਤ ਕਬੂਲ ਕਰ ਲਈ। ਹੈਰਾਨ ਹੋ ਜਾਈਦਾ ਹੈ ਕਿ ਧਾਰਮਿਕ ਤੌਰ ਤੇ ਵੀ, ਸਮਾਜਿਕ ਤੌਰ ਤੇ ਵੀ, ਪਤਨੀ ਦਾ ਹੱਕ ਹੋਣ ਦੇ ਨਾਤੇ ਵੀ, ਮਾਤਾ ਜੀ, ਨਾਲ ਵੀ ਰਹੇ, ਪਰ ਡੋਲਾ ਜੀਵਨ ਭਰ ਕੁਵਾਰਾ ਹੀ ਰਿਹਾ। ਕਈ ਵਾਰੀ ਅਫਸੋਸ ਹੁੰਦਾ ਹੈ ਅਜਿਹੇ ਪ੍ਰਚਾਰਕਾਂ ਜਾਂ ਲੋਕਾਂ ਤੇ ਜਿਹੜੇ ਗੁਰੂ ਜੀ ਨੂੰ ਵੀ ਉਹਨਾਂ ਦੇਵਤਿਆਂ ਦਾ ਅਵਤਾਰ ਕਹਿ ਦਿੰਦੇ ਹਨ। ਚਲੋ ਇਕ ਵੱਖਰੀ ਗੱਲ ਹੈ ਜਿਹੜੀ ਵੀਚਾਰ ਦੀ ਸਾਂਝ ਪਾ ਰਹੇ ਸਾਂ ਉਹ ਹੈ ਕਿ ਸਾਹਿਬ ਜੀ ਨੇ ਕਿਰਪਾ ਕਰਕੇ ਇਤਨੀ ਕੀਮਤੀ ਸਿਖਿਆ ਜਗਿਆਸੂ ਸਿੱਖ ਦੇ ਦਾਮਨ ਬੰਨ੍ਹ ਕੇ ਫਿਰ ਇਸ ਨੂੰ ਇਸ ਮਾਰਗ ਤੇ

ਤੋਰਿਆ। ਅੱਜ ਵੀ ਅਨੇਕਾ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਂਰਾਜ ਦੇ ਬਚਨ ਇਸ ਪਾਸੇ ਅਗਵਾਈ ਬਖਸ਼ਿਸ ਕਰਦੇ ਹਨ। ਪੁਰਾਤਨ ਗੁਰੂਸਿਖਾਂ ਦੇ ਰਹਿਤਨਾਮੇ ਡੋਲਦੇ ਕਦਮਾਂ ਨੂੰ ਸਾਬਤ ਕਰ ਦਿੰਦੇ ਹਨ। ਕੁਝ ਕੁ ਇਸ਼ਾਰੇ ਅਸੀ ਵੀਚਾਰੀਏ

"ਤਕਹਿ ਨਾਰਿ ਪਰਾਈਆ ਲੁਕਿ ਅੰਦਰਿ ਠਾਣੀ ॥....
ਅਜਰਾਈਲੁ ਫਰੇਸਤਾ ਤਿਲ ਪੀੜੇ ਘਾਣੀ॥

(ਪੰਨਾ ੩੧੫)

ਜਿਵੇਂ ਕੋਈ ਬੰਦਾ ਜ਼ਹਿਰੀਲੇ ਸੱਪ ਨਾਲ ਰਹਿੰਦਾ ਹੋਵੇ। ਫਿਰ ਕਦੋਂ ਕੁ ਤੱਕ ਜ਼ਿੰਦਗੀ ਦੀ ਆਸ ਕਰ ਸਕਦਾ ਹੈ ? ਭਾਵ ਜ਼ਹਿਰੀਲੇ ਸੱਪ ਨੇ ਜਦੋਂ ਵੀ ਦਾਅ ਲੱਗਿਆ ਡੰਗ ਕੇ ਜੀਵਨ ਲੀਲਾ ਸਮਾਪਤ ਕਰ ਦੇਣੀ ਹੈ, ਇਸੇ ਤਰ੍ਹਾਂ ਹੀ ਵਿਕਾਰੀ ਪੁਰਖ ਦਾ ਹਾਲ ਹੈ ।

"ਜੈਸਾ ਸੰਗੁ ਬਿਸੀਅਰ ਸਿਉ ਹੈ ਰੇ ਤੈਸੋ ਹੀ ਇਹੁ ਪਰ ਗ੍ਰਿਹੁ॥"

(ਪੰਨਾ ੪੦੩)

ਜੀਵ ਨੂੰ ਸਮਝਾਉਂਦਿਆ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਬਚਨ ਹਨ ਕਿ ਹੇ ਮਨ ਤੂੰ ਕਿਹੋ ਜਿਹੀ ਮਤ ਧਾਰਨ ਕਰ ਲਈ ਹੈ, ਜਿਹੜੀ ਜ਼ਰੂਰੀ ਕਾਰ ਭਾਵ ਰੱਬੀ ਬੰਦਗੀ ਕਰਨ ਆਇਆ ਸੀ; ਉਹ ਤਾਂ ਨਹੀਂ ਕੀਤੀ ਬਲਕਿ ਵਿਕਾਰਾਂ ਨਾਲ ਆਪਣੇ ਜੀਵਨ ਦੀ ਪੂੰਜੀ ਗਵਾ ਲਈ ।

"ਮਨ ਰੇ ਕਉਨ ਕੁਮਤਿ ਤੈ ਲੀਨੀ ॥
ਪਰ ਦਾਰਾ ਨਿੰਦਿਆ ਰਸ ਰਚਿਓ ਰਾਮ ਭਗਤਿ ਨਹ ਕੀਨੀ ॥"

(ਪੰਨਾ ੬੩੨)

ਭਾਈ ਗੁਰਦਾਸ ਜੀ ਆਖਦੇ ਹਨ ਕਿ ਜਿਵੇਂ ਜਿਤਨਾ ਮਰਜੀ ਸੂਰਜ ਚਾਨਣ ਵੰਡਦਾ ਹੋਵੇ, ਪਰ ਉੱਲੂ ਇਸ ਤੋਂ ਲਾਭ ਨਹੀਂ ਉਠਾਉਂਦਾ। ਕਾਗ ਨੂੰ ਜਿਤਨੇ ਮਰਜੀ ਸੁੰਦਰ ਭੋਜਨ ਦਿਉ, ਪਰ ਉਹ ਗੰਦਗੀ ਦਾ ਹੀ ਆਸ਼ਿਕ ਹੈ। ਨਾਗ ਨਾਲ ਜਿਤਨਾ ਮਰਜ਼ੀ ਪਰਉਪਕਾਰ ਕਰੋ, ਪਰ ਉਹ ਡੰਗ ਮਾਰਨੋ ਭਾਵ ਭਲਿਆਂ ਨਾਲ ਵੀ ਬੁਰਾ ਕਰਨੋਂ ਕਦੇ ਸੰਕੋਚ ਨਹੀਂ ਕਰਦਾ। ਇਸ ਤਰ੍ਹਾਂ ਹੀ ਵਿਕਾਰੀ ਪੁਰਖ ਨੂੰ ਜਿਤਨਾ ਮਰਜ਼ੀ ਪਿਆਰ ਸਤਿਕਾਰ ਵਾਲਾ ਉੱਚਾ ਦਰਜ਼ਾ ਦੇਵੋ, ਪਰ ਉਹ ਨੀਵੀਂ ਸੋਚ ਦਾ ਧਾਰਨੀ ਹੁੰਦਾ ਹੈ। ਵਿਕਾਰੀ ਪੁਰਖ ਦੀ ਬਿਰਤੀ ਐਸੀ ਹੈ ।

ਜੈਸੇ ਪਰ ਦਾਰਾ ਕੋ ਦਰਸੁ ਦ੍ਰਿਗ ਦੇਖਿਓ ਚਾਹੈ,
ਤੈਸੇ ਗੁਰ ਦਰਸਨ ਦੇਖਿ ਹੈ ਨ ਚਾਹ ਕੈ॥
ਜੈਸੇ ਨਰ ਨਿੰਦਾ ਸੁਨੈ ਸਾਵਧਾਨ ਸੁਰਤਿ ਕੈ,
ਤੈਸੋ ਗੁਰ ਸ਼ਬਦੁ ਸੁਨੈ ਨ ਉਤਸਾਹ ਕੈ॥

ਜੈਸੇ ਪਰ ਦੂਬ ਹਰਨ ਕੈ ਚਰਨ ਧਾਵੈ,
ਤੈਸੇ ਕੀਰਤਨ ਸਾਧ ਸੰਗਤਿ ਨ ਉਮਾਹ ਕੈ ॥
ਉਲੂ ਕਾਗ ਨਾਗ ਧਿਆਨ ਖਾਨ ਪਾਨ ਕਉ ਨ ਜਾਨੈ,
ਊਚ ਪਦੁ ਪਾਵੈ ਨਹੀ, ਨੀਚ ਪਦੁ ਗਾਹਿ ਕੈ ॥

(ਕਬਿੱਤ ਸਵੱਯੇ ਭਾਈ ਗੁਰਦਾਸ ਜੀ, ੫੦੮)

ਭਾਈ ਨੰਦ ਲਾਲ ਜੀ ਦੇ ਬਚਨ ਹਨ

"ਪਰ ਇਸਤ੍ਰੀ ਸਿਉ ਨੇਹੁ ਲਗਾਵਹਿ ॥
ਗੋਬਿੰਦ ਸਿੰਘ ਵਹੁ ਸਿਖ ਨ ਭਾਵਹਿ ॥"

ਭਾਈ ਦੇਸਾ ਸਿੰਘ ਜੀ ਦਾ ਰਹਿਤਨਾਮਾ ਵੀ ਸਚੇਤ ਕਰਦਾ ਹੈ ।

"ਪਰ ਬੇਟੀ ਕੋ ਬੇਟੀ ਜਾਨੈ । ਪਰ ਇਸਤਰੀ ਕੋ ਮਾਤ ਬਖਾਨੈ ॥
ਅਪਨਿ ਇਸਤ੍ਰੀ ਸੋ ਰਤਿ ਹੋਈ ॥ ਰਹਿਤਵੰਤ ਸਿੰਘ ਹੈ ਸੋਈ ॥"

ਇਸ ਆਸੇ ਦੀ ਦ੍ਰਿੜਤਾ ਲਈ ਭਾਈ ਗੁਰਦਾਸ ਹੀ ਦੇ ਬਚਨ ਹਨ ਕਿ

"ਹਉ ਤਿਸ ਘੋਲਿ ਘੁਮਾਇਆ ਪਰ ਨਾਰੀ ਦੇ ਨੇੜਿ ਨ ਜਾਵੈ ॥"

(ਵਾਰ ੧੨/੪)

ਸਤਿਗੁਰੂ ਜੀ ਦੇ ਪਾਵਨ ਬਚਨ ਹਨ ਕਿ

"ਪਰ ਤ੍ਰਿਅ ਰੂਪੁ ਨ ਪੇਖੈ ਨੇਤ੍ਰ ॥" (ਪੰਨਾ ੨੭੪)

ਸੋ ਸਾਰੀ ਵਿਚਾਰ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ

"ਕਿਆ ਗਾਲਾਇਓ ਭੂਛ ਪਰ ਵੇਲਿ ਨ ਜੋਹੇ ਕੰਤ ਤੂ ॥
ਨਾਨਕ ਫੁਲਾ ਸੰਦੀ ਵਾੜਿ ਖਿੜਿਆ ਹਭੁ ਸੰਸਾਰੁ ਜਿਉ ॥"

(ਪੰਨਾ ੧੦੯੫)

ਭਾਵ ਅਰਥ ਹਨ ਕਿ ਹੇ ਮੂਰਖ ਕੇਵਲ ਸ਼ੁਭ ਆਚਰਣ ਦੀਆਂ ਗੱਲਾਂ ਕਰ ਲੈਣਾ ਪਤੀ ਕਹਾਉਣ ਦਾ ਹੱਕ ਨਹੀਂ ਹੁੰਦਾ । ਅਸਲ ਵਿਚ ਪਤੀ ਕਹਾਉਣ ਦਾ ਹੱਕ ਹੀ ਉਸਨੂੰ ਹੈ ਜਿਹੜਾ ਪਰਾਈ ਔਰਤ ਨੂੰ ਮੰਦੀ ਭਾਵਨਾ ਨਾਲ ਤੱਕਦਾ ਵੀ ਨਹੀਂ ਹੈ । ਇਹ ਸਾਰਾ ਸੰਸਾਰ ਨਿਰੰਕਾਰ ਦੀ ਫੁੱਲਵਾੜੀ ਹੈ ਜਿਸ ਵਿਚੋਂ ਤੇਰੀ ਚੁਣੀ ਹੋਈ ਵੇਲ ਅਤੇ ਉਸ ਦੇ ਫੁੱਲ ਫਲ ਹੀ ਤੇਰੇ ਹਨ ।

ਇਕ ਨੌਜੁਆਨ ਇਕ ਬਗੀਚੀ ਵਿੱਚ ਆਇਆ । ਉਸ ਵਲ ਵੇਖ ਕੇ ਬਗੀਚੀ ਦਾ ਮਾਲੀ ਕੋਲ ਆ ਗਿਆ ਅਤੇ ਪਿਆਰ ਨਾਲ ਸਮਝਾਉਣ ਲੱਗਾ ਕਿ ਹੇ ਨੌਜੁਆਨਾਂ ਇਸ ਬਗੀਚੀ ਵਿਚ ਆਉਣ ਦਾ ਰਸਤਾ ਤਾਂ ਇਕ ਹੀ ਹੈ, ਪਰ ਜਾਣ ਦੇ ਰਸਤੇ ਦੋ ਹਨ । ਇਕ ਰਸਤਾ ਅੱਛੇ ਲੋਕਾਂ ਦਾ ਹੈ ਅਤੇ ਦੂਜਾ ਰਸਤਾ ਦੋਸ਼ੀ ਲੋਕਾਂ ਦਾ ਹੈ । ਅੱਛੇ ਜਾਂ ਚੰਗੇ ਲੋਕ ਉਹ ਹਨ, ਜਿਹੜੇ ਬਗੀਚੀ ਵਿਚ ਆਏ, ਸਾਰੀ ਬਗੀਚੀ

ਘੁੰਮ ਫਿਰ ਕੇ ਦੇਖੀ ਅਤੇ ਇਥੋਂ ਇਕ ਵੇਲ (ਭਾਵ ਫੁੱਲ) ਚੁਣ ਕੇ ਆਪਣਾ ਲਿਆ। ਪਰ ਦੂਜੇ ਲੋਕ ਉਹ ਹਨ, ਜਿਹੜੇ ਬਗੀਚੀ ਵਿੱਚ ਆਏ, ਹਰੇਕ ਫੁੱਲ ਨੂੰ ਤੋੜਨਾ ਚਾਹਿਆ ਤਾਂ ਉਨਾਂ ਨੂੰ ਬਗੀਚੀ ਵਿਚ ਉਜਾੜਾ ਪਾਉਣ ਵਾਲੇ ਜਾਣ ਕੇ ਦੋਸ਼ੀ ਬਣਾ ਕੇ ਬਾਹਰ ਕੱਢ ਦਿੱਤਾ। ਉਹ ਬਗੀਚੀ ਵਿਚੋਂ ਵੀ ਕੁਝ ਨਾ ਲਿਜਾ ਸਕੇ ਅਤੇ ਦੋਸ਼ੀ ਵੀ ਬਣ ਗਏ। ਇਥੋਂ ਦਾ ਮਾਲੀ ਹੋਣ ਕਰਕੇ ਮੈ ਤੈਨੂੰ ਇਹੋ ਹੀ ਸਮਝਾਵਾਗਾ ਕਿ ਇਸ ਬਗੀਚੀ ਵਿਚੋਂ ਇਕ ਨੂੰ ਚੁਣ ਲੈ ਅਤੇ ਫਿਰ ਬਾਕੀਆਂ ਨੂੰ ਦੇਖ ਪਰ ਚੰਗੀ ਦ੍ਰਿਸ਼ਟੀ ਨਾਲ ਦੇਖ, ਜਿਸ ਨਾਲ ਇਸ ਬਗੀਚੀ ਵਿਚੋਂ ਉਹ ਚੰਗੇ ਲੋਕਾਂ ਵਾਲਾ ਰਸਤਾ ਮਿਲ ਸਕੇ।

ਦਾਨੀ ਅੱਖ ਨਾਲ ਵੇਖਿਆਂ ਸਪੱਸ਼ਟ ਹੋ ਜਾਵੇਗਾ ਕਿ ਗੁਰੂ ਸੰਸਾਰੀ ਬਗੀਚੀ ਦਾ ਮਾਲੀ ਹੈ ਅਤੇ ਪਰਮੇਸ਼ਰ ਇਸ ਬਗੀਚੀ ਦਾ ਮਾਲਿਕ ਹੈ। ਗੁਰੂ ਹਰ ਆਏ ਹੋਏ ਰਾਹੀ ਨੂੰ ਚੰਗੀ ਦੇਵਤਿਆਂ ਵਰਗੀ ਜ਼ਿੰਦਗੀ ਦੇ ਗੁਣ ਸਮਝਾਉਂਦਿਆਂ ਕ੍ਰਿਪਾ ਕਰਦੇ ਹਨ ਕਿ ਹੇ ਭਾਈ ਸੰਸਾਰ ਦੀ ਸੁਹੱਪਣ ਦਾ ਅੰਤ ਨਹੀਂ। ਜੇਕਰ ਤਨ ਦੀ ਹੀ ਸੁੰਦਰਤਾ ਵਿੱਚ ਭੱਟਕ ਗਿਆ ਫਿਰ ਜ਼ਿੰਦਗੀ ਦੀ ਬਾਜੀ ਹਾਰ ਜਾਏਂਗਾ, ਪਰ ਜੇ ਕਰ ਕਿਸੇ ਇਕ ਨੂੰ ਚੁਣ ਕੇ ਜੀਵਨ ਸਾਥੀ ਬਣਾ ਲਿਆ, ਫਿਰ ਉਹ ਬਾਜ਼ੀ ਜਿੱਤ ਜਾਏਂਗਾ।

ਸ਼ੇਖ ਸ਼ਾਅਦੀ ਜੀ ਨੇ ਇਕ ਬਚਨ ਲਿਖਿਆ ਹੈ ਕਿ ਤੂੰ ਖੁਦ ਵੀ ਕਿਸੇ ਦਾ ਬਣੇ ਅਤੇ ਆਪਣਾ ਵੀ ਕੋਈ ਬਣਾ। ਸੱਚੇ ਪਿਆਰ ਵਾਲੇ ਲਈ ਤਕੀਦ ਹੈ ਕਿ ਹਜ਼ਾਰਾਂ ਦੋਸਤ ਮਿੱਤਰ ਰੱਖਣ ਵਾਲੇ ਨੂੰ ਦਿਲ ਨਾ ਦੇਵੀਂ, ਉਹ ਪਿਆਰ ਨਹੀਂ ਬਲਕਿ ਖੁਆਰ ਕਰੇਗਾ।

ਮਸ਼ੂਕਿ ਹਜ਼ਾਰ ਦੋਸਤ, ਦਿਲ ਨ ਦਹੀਂ।

ਥਾਂ-ਥਾਂ ਤੇ ਭਟਕਣ ਵਾਲਾ ਨਿਰਬਾਹ ਨਹੀਂ ਕਰਦਾ ਬਲਕਿ ਜ਼ਿੰਦਗੀ ਨੂੰ ਹੀ ਸੁਆਹ ਕਰ ਲੈਂਦਾ ਹੈ। ਇਹੋ ਜਿਹੀ ਸ਼ਾਦੀ ਵੀ ਬਰਬਾਦੀ ਬਣ ਜਾਂਦੀ ਹੈ। ਇਸੇ ਲਈ ਵਿਕਾਰਾਂ ਵਿੱਚ ਫਸਕੇ ਖੁਆਰ ਹੁੰਦੇ ਮਨੁੱਖ ਨੂੰ ਸਾਹਿਬ ਜੀ ਨੇ ਸਮਝਾ ਕੇ ਇਕ ਚੰਗੇ ਗ੍ਰਿਹਿਸਥੀ ਵਾਲੇ ਅਮੋਲਕ ਗੁਣਾਂ ਵਿਚੋਂ ਇਹ ਕੀਮਤੀ ਗੁਣ ਵੀ ਭਰ ਦਿਤਾ ਸੀ। ਜਿਸ ਨਾਲ ਕੇਵਲ ਸਿਹਤ ਹੀ ਨਰੋਈ ਨਹੀਂ ਬਲਕਿ ਸਮਾਜ ਵੀ ਨਰੋਆ ਹੋ ਜਾਂਦਾ ਹੈ। ਹਰ ਇਕ ਦੀ ਧੀ ਭੈਣ ਨੂੰ ਆਪਣੀ ਧੀ ਭੈਣ ਮੰਨਣ ਵਾਲੇ ਨਾਲ ਭਲਾ ਕਿਸਦਾ ਨਿਰਬਾਹ ਨਹੀਂ ਹੋਵੇਗਾ।

ਇਕ ਸਾਲ ਪਹਿਲਾਂ ਦਾ ਜ਼ਿਕਰ ਹੈ ਕਿ ਲੰਡਨ ਦੇ ਅਖਬਾਰਾਂ ਵਿਚ ਇਕ ਖਬਰ ਨਸ਼ਰ (ਪ੍ਰਗਟ) ਹੋਈ ਕਿ ਇਕ ਅਤਿ ਚੰਗਾ ਅਤੇ ਖੁਸ਼ਹਾਲ ਪਤੀ ਚੁਣਿਆ ਜਾਵੇ, ਤਾਂ ਉਸ ਲਈ ਕੁਝ ਸਨਮਾਨ ਵੀ ਨਿਯਤ ਕੀਤਾ ਗਿਆ। ਖੋਜ ਕਰਤਾ

ਟੀਮ ਨੇ ਆਖਿਰ ਇਕ ਪਤੀ ਚੁਣ ਲਿਆ, ਜਿਹੜਾ ਆਪਣੀ ਪਤਨੀ ਨਾਲ ਕੇਵਲ ਮਿਲ ਗਿਲ ਕੇ ਹੀ ਨਹੀਂ ਬਲਕਿ ਅਤਿ ਖੁਸ਼ ਰਹਿ ਕੇ ਜ਼ਿੰਦਗੀ ਬਸਰ ਕਰ ਰਿਹਾ ਸੀ। ਜਦੋਂ ਸਨਮਾਨ ਚਿੰਨ ਦੇਣਾ ਸੀ ਤਾਂ ਉਹ ਪਤੀ ਆਇਆ ਪਰ ਉਸ ਦੀ ਪਤਨੀ ਨਹੀਂ ਆ ਸਕੀ। ਸੁਭਾਵਿਕ ਸੀ ਕਿ ਲੋਕਾਂ ਨੇ ਸੁਆਲ ਕੀਤੇ ਕਿ ਇਕ ਪਾਸੇ ਚੰਗੇ ਪਤੀ ਨੂੰ ਸਨਮਾਨਿਤ ਕੀਤਾ ਜਾ ਰਿਹਾ। ਪਰ ਦੂਜੇ ਪਾਸੇ ਅੱਜ ਇਤਨੇ ਖੁਸ਼ੀਆਂ ਭਰੇ ਸਮੇਂ ਵੀ ਇਨ੍ਹਾਂ ਦੀ ਪਤਨੀ ਨਾਲ ਨਹੀਂ। ਪਤੀ ਦੇ ਜ਼ਵਾਬ ਦੇਣ ਦੀ ਬਜਾਇ ਖੋਜ ਕਰਤਾ ਟੀਮ ਦੇ ਮੁਖੀ ਨੇ ਦੱਸਿਆ ਕਿ ਇਹੋ ਹੀ ਤਾਂ ਗੱਲ ਨੇ ਇਸ ਨੂੰ ਸਾਡੀ ਚੋਣ ਬਣਾ ਦਿੱਤਾ। ਕਿਉਂਕਿ ਇਸਦੀ ਪਤਨੀ ਪਿਛਲੇ ਵੀਹ ਸਾਲ ਤੋਂ ਬਿਸਤਰ ਤੇ ਬਿਮਾਰ ਪਈ ਹੈ ਪਰ ਉਹ ਪਤੀ ਹਰ ਰੋਜ਼ ਬਹੁਤ ਖੁਸ਼ੀ ਨਾਲ ਉਠ ਕੇ ਸਾਰਾ ਘਰ ਦਾ ਕੰਮ ਕਾਰ ਆਪ ਕਰਦਾ ਹੈ, ਫਿਰ ਕੰਮ ਤੇ ਜਾਣ ਤੋਂ ਪਹਿਲਾਂ ਆਪਣੀ ਪਤਨੀ ਦੀ ਹਰ ਤਰ੍ਹਾਂ ਸੇਵਾ ਕਰਦਾ ਹੈ। ਉਸ ਕੋਲ ਹਰ ਲੋੜੀਦਾਂ ਸਮਾਨ ਰੱਖਦਾ ਹੈ ਜਿਵੇਂ: ਕਿਤਾਬਾਂ, ਰਸਾਲੇ ਪਾਣੀ ਅਤੇ ਕੁਝ ਫਰੂਟ ਆਦਿਕ ਫਿਰ ਪਿਆਰ ਨਾਲ ਆਗਿਆ ਲੈ ਕੇ ਕੰਮ ਤੇ ਜਾਂਦਾ ਹੈ। ਘਰ ਪਰਤਦਿਆਂ ਹੀ ਸਭ ਤੋਂ ਪਹਿਲਾਂ ਪਤਨੀ ਕੋਲ ਪਹੁੰਚਦਾ ਹੈ। ਪਿਆਰ ਕਰਕੇ ਚਾਹ ਬਣਾ ਕੇ ਲਿਆਉਂਦਾ ਹੈ ਦੋਵੇਂ ਚਾਹ ਪੀਂਦੇ ਹਨ। ਸਾਰੇ ਦਿਨ ਦਾ ਹਾਲ ਪਤੀ ਬੜੇ ਪ੍ਰੇਮ ਨਾਲ ਸੁਣਾਉਂਦਾ ਹੈ। ਪਤਨੀ ਘਰ ਲੇਟੀ ਹੋਈ ਆਪਣੇ ਪਤੀ ਦੇ ਸੰਸਾਰ ਦੇ ਰੋਜ਼ ਦਰਸ਼ਨ ਕਰ ਲੈਂਦੀ ਹੈ। ਫਿਰ ਨਹਾ ਧੋ ਕੇ ਖਾਣਾ ਬਣਾ ਕੇ ਦੋਵੇਂ ਇਕੱਠੇ ਖਾਂਦੇ ਹਨ। ਹੈਰਾਨੀ ਦੀ ਗੱਲ ਇਸ ਪਤੀ ਨੇ ਆਪਣੀ ਔਲਾਦ ਪ੍ਰਾਪਤੀ ਦੀ ਇੱਛਾ ਵੀ ਨਹੀਂ ਰੱਖੀ। ਅਜਿਹੇ ਪਿਆਰ ਉਤਸ਼ਾਹ ਨਾਲ ਹਰ ਰੋਜ਼ ਕਰਕੇ ਵੀਹ ਸਾਲਾਂ ਤੋਂ ਜਿੰਦਗੀ ਗੁਜ਼ਾਰ ਰਹੇ ਪੁਰਖ ਨੂੰ ਅਸੀ ਚੰਗਾ ਤੇ ਖੁਸ਼ਹਾਲ ਪਤੀ ਚੁਣਿਆ ਹੈ। ਵਿਆਹ ਨਾਲ ਨਿਰਬਾਹ ਹੀ ਜ਼ਿੰਦਗੀ ਨੂੰ ਸਵਰਗ ਬਣਾ ਸਕਦਾ ਹੈ।

ਢੂੰਢੇਦੀਏ ਸੁਹਾਗ ਕੂ

ਸਿੱਖ ਧਰਮ ਅੰਦਰ ਇਸਤ੍ਰੀ ਜ਼ਾਤੀ ਦਾ ਦਰਜਾ ਬਰਾਬਰ ਹੋਣ ਕਰਕੇ ਜਿਥੇ ਇਸ ਨੂੰ ਬਾਕੀ ਸਭ ਬਰਾਬਰ ਦੇ ਅਧਿਕਾਰ ਹਨ, ਉਥੇ ਵਿਆਹ ਵੇਲੇ ਨਿਰਬਾਹ ਦੀ ਸਿਖਿਆ ਵੀ ਬਰਾਬਰ ਹੀ ਦਿੱਤੀ ਜਾਂਦੀ ਹੈ। ਜਿਥੇ ਪਤੀ ਲਈ ਪਤਨੀਬ੍ਰਤਾ ਰਹਿਣਾ ਅਤਿਅੰਤ ਲਾਜ਼ਮੀ ਹੈ, ਉਥੇ ਇਸਤ੍ਰੀ ਲਈ ਵੀ ਅਜਿਹੇ ਕੁਝ ਮਰਿਯਾਦਾ ਦੇ ਅੰਗ ਨਿਸ਼ਚਿਤ ਕੀਤੇ ਗਏ ਹਨ। ਜਿਨ੍ਹਾਂ ਨਾਲ ਇਕ ਲੜਕੀ ਤੋਂ ਬਦਲ ਕੇ ਚੰਗੀ ਸੁਹਾਗਵੰਤੀ ਪਤਨੀ ਕਹਿਲਾ ਸਕਦੀ ਹੋਵੇ। ਭਾਈ ਗੁਰਦਾਸ ਜੀ ਨੇ ਇਕ ਕਬਿੱਤ ਅੰਦਰ ਬੜੀ ਮਿੱਠੀ ਅਸੀਸ ਦਿੰਦਿਆਂ ਬੜੀ ਕੀਮਤੀ ਗੱਲ ਵੀ ਸਮਝਾ ਦਿਤੀ ਕਿ ਹੇ ਬਾਲੜੀ ਪੇਕੇ ਘਰ ਵਿਚੋਂ ਮਿਲਦਾ ਪਿਆਰ ਕੇਵਲ ਤੇਰੇ ਲਾਡਲੇ ਪਨ ਕਰਕੇ ਹੈ। ਪਰ ਯਾਦ ਰੱਖੀਂ, ਸਹੁਰੇ ਘਰ ਵਿਚ ਲਾਡ ਪਿਆਰ ਮਗਰੋਂ ਪ੍ਰਾਪਤ ਹੋਣਾ ਹੈ ਉਥੇ ਸਭ ਤੋਂ ਪਹਿਲਾਂ ਤੇਰੀ ਥਾਂ ਗੁਣਾਂ ਕਰਕੇ ਬਣਨੀ ਹੈ। ਜੇਕਰ ਤੇਰੇ ਕੋਲ ਪੇਕੇ ਘਰ ਵਿਚ ਰਹਿੰਦਿਆਂ ਚੰਗੇ ਗੁਣ ਹੋਏ ਤਾਂ, ਸਹੁਰਾ ਘਰ ਵੀ ਪੇਕੇ ਘਰ ਵਰਗਾ ਹੀ ਬਣ ਸਕਦਾ ਹੈ, ਨਹੀਂ ਤਾਂ ਫਿਰ ਜੀਵਨ ਮਾਰਗ ਔਕੜਾਂ ਨਾਲ ਭਰ ਜਾਂਦਾ ਹੈ। ਭਾਈ ਗੁਰਦਾਸ ਜੀ ਦੇ ਬਚਨ ਹਨ।

"ਨੈਹਰ ਕੁਆਰ ਕੰਨਿਆ ਲਾਡਲੀ ਕੈ ਮਾਨੀਅਤ,
ਬਿਆਹੇ ਸੁਸਰਾਰ ਜਾਇ ਗੁਨਣ ਕੈ ਮਾਨੀਐ॥

(ਕਬਿੱਤ ਸਵੱਯੇ ਭਾਈ ਗੁਰਦਾਸ ਜੀ)

ਇਸਤ੍ਰੀ ਦੇ ਜੀਵਨ ਵਿਚ ਸਭ ਤੋਂ ਉੱਤਮ ਗੁਣ ਹੀ ਜੀਵਨ ਦੀ ਪਵਿੱਤਰਤਾ ਹੈ। ਯਾਦ ਰੱਖਣ ਯੋਗ ਬਾਤ ਹੈ ਕਿ ਸਰੀਰ ਦੀ ਸੁੰਦਰਤਾ ਵਿੱਚ ਵਾਧਾ ਸੋਨੇ, ਚਾਂਦੀ ਹੀਰੇ ਮੋਤੀਆਂ ਆਦਿਕ ਦੇ ਗਹਿਣਿਆਂ ਨਾਲ ਹੋ ਸਕਦਾ ਹੈ, ਪਰ ਜੀਵਨ ਸੁੰਦਰਤਾ ਵਿੱਚ ਵਾਧਾ ਕੇਵਲ ਚੰਗੇ ਗੁਣ ਅਤੇ ਪਤੀਬ੍ਰਤਾ ਧਰਮ ਨਾਲ ਹੀ ਹੋ ਸਕਦਾ ਹੈ। ਇਸਤ੍ਰੀ ਦੇ ਜੀਵਨ ਦੀ ਸਾਰੀ ਤਪੱਸਿਆ ਹੀ ਖਤਮ ਹੋ ਜਾਂਦੀ ਹੈ ਜਦੋਂ ਕਦੇ ਇਸਤ੍ਰੀ ਦੇ ਮਨ ਮੰਦਰ ਵਿਚ ਕਿਸੇ ਹੋਰ ਦੀ ਯਾਦ ਦਾ ਚਿਰਾਗ ਜਗ ਜਾਵੇ। ਜਿਵੇਂ ਪੁਰਾਤਨ ਧਰਮ ਗ੍ਰੰਥਾਂ ਵਿੱਚ ਕਿਸੇ ਭਗਤ ਜਾਂ ਸੰਤ ਦੀ ਭਗਤੀ ਭੰਗ ਕਰਨ ਦੇ ਅਨੇਕਾਂ ਕਿੱਸੇ ਪੜ੍ਹੇ ਸੁਣੇ ਜਾਂਦੇ ਹਨ ਉਥੇ ਇਸਤ੍ਰੀ ਦਾ ਸਤ ਭੰਗ ਕਰਨਾ ਹੀ ਇਸਦੀ ਭਗਤੀ ਭੰਗ ਕਰਨ ਬਰਾਬਰ ਮੰਨਿਆਂ ਜਾਂਦਾ ਸੀ। ਇਸੇ ਲਈ ਹੀ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਨੇ ਸਿੱਖਿਆ ਦਿਤੀ ਕਿ—

“ਢੂਢੇਦੀਏ ਸੁਹਾਗ ਕੂ ਤਉ ਤਨਿ ਕਾਈ ਕੋਰ ॥
ਜਿਨ੍ਾ ਨਾਉ ਸੁਹਾਗਣੀ ਤਿਨ੍ਾ ਝਾਕ ਨ ਹੋਰ ॥

(ਪੰਨਾ ੧੩੮੪)

ਤਉ ਤਨ ਕਾਈ ਕੋਰ ਦਾ ਅਖਰੀ ਅਰਥ ਹੈ ਕਿ ਤੇਰੇ ਹੀ ਤਨ ਵਿੱਚ ਕੋਈ ਘਾਟ ਹੈ, ਭਾਵ ਤੇਰੇ ਹੀ ਜੀਵਨ ਵਿੱਚ ਕੋਈ ਘਾਟ ਹੈ ਜਿਨ੍ਹਾਂ ਦਾ ਨਾਉਂ ਸੁਹਾਗਣੀ ਹੁੰਦਾ ਹੈ, ਉਨ੍ਹਾਂ ਨੂੰ ਤਾਂ ਆਪਣੇ ਕੰਤ ਸੁਹੇਲੜੇ ਬਿਨਾਂ ਕਿਸੇ ਹੋਰ ਦਾ ਖਿਆਲ ਤੱਕ ਵੀ ਮਨ ਮੰਦਰ ਵਿੱਚ ਪਰਵੇਸ਼ ਨਹੀਂ ਕਰ ਸਕਦਾ। ਭਾਈ ਗੁਰਦਾਸ ਜੀ ਜ਼ਿਕਰ ਕਰਦੇ ਹਨ ਕਿ ਕੋਈ ਇਸਤ੍ਰੀ ਜਿੰਨਾ ਸਮਾਂ ਮਰਜ਼ੀ ਸੁਹਾਗਣਾਂ ਵਿੱਚ ਬੈਠਦੀ ਹੋਵੇ ਉਨ੍ਹਾਂ ਕੋਲੋਂ ਸੁਹਾਗਵੰਤੀ ਹੋਣ ਦੀਆਂ ਵੀਚਾਰਾਂ ਵੀ ਸੁਣਦੀ ਹੋਵੇ, ਪਰ ਉਹ ਖੁਦ ਆਪ ਤਦ ਹੀ ਸੁਹਾਗਵੰਤੀ ਹੋ ਸਕਦੀ ਹੈ, ਜੇਕਰ ਉਹ ਦੁਹਾਗਣਾਂ ਵਾਲੇ ਕਰਮਾਂ ਅਤੇ ਸੁਭਾਅ ਨੂੰ ਤਿਆਗ ਕੇ ਜੀਵਨ ਨੂੰ ਪਵਿੱਤਰ ਕਰੇ, ਨਹੀਂ ਤਾਂ ਪਤੀ ਦੀਆਂ ਨਜ਼ਰਾਂ ਵਿੱਚ ਪਰਵਾਨ ਨਹੀਂ ਚੜ੍ਹ ਸਕਦੀ। ਬਚਨ ਹਨ:

“ਪੂਛਤ ਹੈ ਸੁਹਾਗਨਿ, ਕਰਮਿ ਹੈ ਦੁਹਾਗਨਿ ਕੈ,
ਰਿਦੈ ਬਿਬਚਾਰ ਕਤ ਸਿਹਜਾ ਬੁਲਾਈਐ॥

(ਕਬਿੱਤ ਸਵੱਯੇ ਭਾਈ ਗੁਰਦਾਸ ਜੀ)

ਮਾਝ ਰਾਗ ਵਿੱਚ ਗੁਰੂ ਪਾਤਿਸ਼ਾਹ ਜੀ ਦੇ ਅੰਮ੍ਰਿਤ ਬੋਲ ਹਨ ਕਿ ਉਹੋ ਹੀ ਇਸਤ੍ਰੀ ਅਸਲ ਵਿੱਚ ਚੰਗੇ ਗੁਣਾਂ ਵਾਲੀ, ਚੰਗੇ ਭਾਗਾਂ ਵਾਲੀ, ਚੰਗੀ ਔਲਾਦ ਵਾਲੀ, ਚੰਗੇ ਰੰਗ ਰੂਪ ਦੀ ਮਾਲਿਕ ਜਾਂ ਫਿਰ ਸੁਘੜ ਸਿਆਣੀ ਕਹੀ ਜਾ ਸਕਦੀ ਹੈ ਜਿਸਦਾ ਜੀਵਨ ਆਪਣੇ ਪਤੀ ਦੀਆਂ ਨਜ਼ਰਾਂ ਵਿੱਚ ਪਰਵਾਨਿਆਂ ਗਿਆ ਹੋਵੇ। ਐਸੀ ਇਸਤ੍ਰੀ ਹੀ ਚੰਗੇ ਅਚਾਰ ਵਾਲੀ ਚੰਗੀ ਕੁਲ ਵਾਲੀ ਜਾਂ ਚੰਗੇ ਸਿੰਗਾਰ ਵਾਲੀ ਕਹੀ ਜਾ ਸਕਦੀ ਹੈ, ਜਿਸ ਕੋਲ ਇਨ੍ਹਾਂ ਕੀਮਤੀ ਦਾਤਾਂ ਦੇ ਨਾਲ ਨਾਲ ਪਤੀ ਦੇ ਪਿਆਰ ਦਾ ਖਜ਼ਾਨਾ ਵੀ ਹੋਵੇ। ਇਹ ਸਭ ਕੁਝ ਪ੍ਰਾਪਤ ਕਰਨ ਦੀ ਬਸ ਇਕ ਹੀ ਕੁੰਜੀ ਹੈ ਕਿ ਉਸ ਕੋਲ ਚੰਗਾ ਆਚਰਣ ਦਾ ਗਹਿਣਾ ਹੋਵੇ।

“ਸਾ ਗੁਣਵੰਤੀ ਸਾ ਵਡਭਾਗਣਿ ॥ ਪੁਤ੍ਰਵੰਤੀ ਸੀਲਵੰਤਿ ਸੁਹਾਗਣਿ ॥
ਰੂਪਵੰਤਿ ਸਾ ਸੁਘੜਿ ਬਿਚਖਣਿ ਜੋ ਧਨ ਕੰਤ ਪਿਆਰੀ ਜੀਉ ॥੨॥
ਅਚਾਰਵੰਤਿ ਸਾਈ ਪਰਧਾਨੇ ॥ ਸਭ ਸਿੰਗਾਰ ਬਣੇ ਤਿਸੁ ਗਿਆਨੇ ॥
ਸਾ ਕੁਲਵੰਤੀ ਸਾ ਸਭਰਾਈ ਜੋ ਪਿਰਿ ਕੈ ਰੰਗਿ ਸਵਾਰੀ ਜੀਉ ॥੩॥

(ਪੰਨਾ ੯੭)

ਇਕ ਵੀਚਾਰ ਹੈ ਕਿ—

ਇਕ ਸ਼ਾਹ ਆਪਣੀ ਵਿਆਹ ਦੀ ਪੰਜਵੀਂ ਵਰ੍ਹੇ-ਗੰਢ ਮਨਾ ਰਿਹਾ ਸੀ। ਸ਼ਾਹ

ਬਹੁਤ ਖੁਸ਼ ਸੀ, ਕਿਉਂਕਿ ਉਸਦੀ ਘਰ ਵਾਲੀ ਨੇ ਹਰ ਤਰ੍ਹਾਂ ਨਾਲ ਉਸਦੀ ਕਾਮਯਾਬੀ ਵਿੱਚ ਵੱਧ ਚੜ੍ਹ ਕੇ ਸਹਿਯੋਗ ਦਿੱਤਾ ਸੀ ਜਿਸ ਕਰਕੇ ਸ਼ਾਹ ਦਾ ਘਰ ਹਰ ਪੱਖ ਤੋਂ ਸੰਸਾਰੀ ਲੋਕਾਂ ਤੋਂ ਜ਼ਿਆਦਾ ਸੁਖੀ ਸੀ। ਘਰ ਵਾਲੀ ਨੇਕ ਹੋਵੇ, ਘਰ ਸਵਰਗ ਰੂਪ ਬਣ ਜਾਂਦਾ ਹੈ। ਇਸਦਾ ਨਾਮ ਵੀ ਗੁਣਵੰਤੀ ਸੀ।

ਸ਼ਾਹ ਦੇ ਘਰ ਚੱਲ ਰਹੀ ਪਾਰਟੀ ਵਿੱਚ ਇਕ ਮਾਣਮਤੀ ਚੰਚਲ ਸੁਭਾਅ ਦੀ ਮਾਲਿਕ ਇਕ ਲੜਕੀ ਵੀ ਆਈ ਹੋਈ ਸੀ। ਮਹਿਮਾਨ ਭਾਵੇਂ ਕਾਫੀ ਸਨ ਪਰ ਫਿਰ ਵੀ ਇਸ ਲੜਕੀ ਨੇ ਆਪਣੇ ਰੂਪ ਦੇ ਜਾਦੂ ਨਾਲ ਸ਼ਾਹ ਦੀ ਸੋਚ ਨੂੰ ਆਪਣੀ ਗੁਲਾਮ ਕਰ ਲਿਆ। ਯਾਦ ਰੱਖਣ ਯੋਗ ਬਾਤ ਹੈ ਕਿ ਸਾਡੀ ਉਪਜ ਕਾਮ ਤੋਂ ਹੋਣ ਕਰਕੇ ਇਸ ਦਾ ਅਸਰ ਮਨੁੱਖੀ ਮਨ ਤੇ ਬਹੁਤ ਜਲਦੀ ਹੁੰਦਾ ਹੈ। ਸ਼ਾਹ ਦੀ ਬਿਰਤੀ ਭਟਕ ਗਈ। ਕੁਝ ਦਿਨ ਉਦਾਸ ਰਹਿ ਕੇ ਆਖਿਰ ਉਸ ਨੂੰ ਅਪਨਾਉਣ ਲਈ ਦੂਸਰੀ ਸ਼ਾਦੀ ਦਾ ਰਾਹ ਅਖਤਿਆਰ ਕਰ ਲਿਆ। ਸ਼ਾਦੀ ਤਾਂ ਹੋ ਗਈ ਪਰ ਦੋ ਸ਼ਰਤਾਂ ਵਿਚ ਰੱਖੀਆਂ ਗਈਆਂ। ਪਹਿਲੀ ਸ਼ਰਤ ਇਹ ਕਿ ਗੁਣਵੰਤੀ ਉਸ ਘਰ ਵਿਚ ਨਹੀਂ ਰਹਿ ਸਕਦੀ, ਉਸ ਨੂੰ ਵੱਖਰਾ ਘਰ ਬਣਾ ਕੇ ਦਿਤਾ ਜਾਵੇ। ਦੂਜੀ ਇਹ ਕਿ ਮੇਰੀ ਆਗਿਆ ਤੋਂ ਬਿਨਾਂ ਗੁਣਵੰਤੀ ਸ਼ਾਹ ਨੂੰ ਮਿਲ ਨਹੀਂ ਸਕਦੀ। ਸ਼ਾਹ ਨੂੰ ਦੋਵੇਂ ਸੌਖੀਆਂ ਲੱਗੀਆਂ, ਉਸ ਨੇ ਦੋਵੇਂ ਸ਼ਰਤਾਂ ਪ੍ਰਵਾਨ ਕਰਕੇ ਰੂਪਵਤੀ ਨੂੰ ਵਿਆਹ ਲਿਆਂਦਾ ਤੇ ਰਹਿਣ ਲੱਗ ਪਿਆ।

ਸ਼ਾਹ ਨੂੰ ਵਿਆਹ ਤੋਂ ਪਹਿਲਾਂ ਉਦਾਸੀ ਦੇ ਦਿਨਾਂ ਵਿੱਚ ਗੁਣਵੰਤੀ ਨੇ ਵੇਖਕੇ, ਪੁੱਛ ਕੇ ਉਸਦੇ ਮਨ ਦਾ ਭਾਰ ਹਲਕਾ ਕਰ ਦਿਤਾ ਸੀ ਤੇ ਸ਼ਾਦੀ ਦੀ ਆਗਿਆ ਦੇ ਦਿਤੀ ਸੀ, ਪਰ ਇਕ ਸ਼ਰਤ ਗੁਣਵੰਤੀ ਨੇ ਵੀ ਭਰੇ ਮਨ ਨਾਲ ਮਨਵਾ ਲਈ ਕਿ ਮੇਰੇ ਜੀਉਣ ਲਈ, ਤੇਰੇ ਨਾਲ ਅਤਿਅੰਤ ਪਿਆਰ ਭਿੱਜੇ ਪਲ ਉਨ੍ਹਾਂ ਦਾ ਚੇਤਾ ਰੱਖਣ ਲਈ ਜਿਹੜੀਆਂ ਚੀਜ਼ਾਂ ਮੈਨੂੰ ਉਸ ਵਰ੍ਹੇ-ਗੰਢ ਵਾਲੇ ਦਿਨ ਤੋਹਫੇ ਵਜੋਂ ਦਿੱਤੀਆਂ ਸਨ ਉਹ ਭਾਵੇਂ ਕੀਮਤੀ ਹਨ ਪਰ ਮੈਨੂੰ ਰੱਖਣ ਦੀ ਆਗਿਆ ਹੋਵੇ। ਸ਼ਾਹ ਲਈ ਇਹ ਸ਼ਰਤ ਮੰਨਣਾ ਵੀ ਕੋਈ ਔਖੀ ਗੱਲ ਨਹੀਂ ਸੀ।

ਜ਼ਿੰਦਗੀ ਦਾ ਸੁੱਖ ਰੂਪ ਕੋਲ ਨਹੀਂ, ਬਲਕਿ ਸਿਆਣਪ ਕੋਲ ਹੁੰਦਾ ਹੈ। ਸਮਾਂ ਪਾ ਕੇ ਰੂਪ ਵਿਚ ਔਗੁਣ ਤਾਂ ਪੈਦਾ ਹੁੰਦੇ ਹੀ ਹਨ, ਨਾਲ ਹੀ ਰੂਪ ਵੀ ਕਰੂਪਤਾ ਵਿੱਚ ਬਦਲਣ ਲੱਗ ਪੈਂਦਾ ਹੈ। ਪਿਆਰ ਪ੍ਰੀਤ ਤੇ ਸਿਆਣਪ ਕਦੇ ਫਿੱਕੀਆਂ ਨਹੀਂ ਪੈਂਦੀਆਂ। ਰੂਪਵਤੀ ਨੇ ਸ਼ਾਹ ਦੇ ਆਪਣੇ ਪ੍ਰਤੀ ਬਦਲੇ ਹੋਏ ਤੌਰ ਤਰੀਕੇ ਨੂੰ ਫਿਰ ਦੁਬਾਰਾ ਉਸ ਦੀ ਖਿੱਚ ਦਾ ਕੇਂਦਰ ਬਣਨ ਲਈ ਇਕ ਚਾਲ ਖੇਡੀ। ਰੂਪਵਤੀ ਨੂੰ ਪਤਾ ਸੀ ਕਿ ਕੁਝ ਚੀਜ਼ਾਂ (ਗਹਿਣੇ ਤੇ ਦੁਸ਼ਾਲਾ) ਸ਼ਾਹ ਨੇ ਬਹੁਤ ਖੁਸ਼ੀ ਨਾਲ ਗੁਣਵੰਤੀ ਨੂੰ ਲੈ ਕੇ ਦਿੱਤਾ ਸੀ, ਉਹ ਸ਼ਿੰਗਾਰ ਮੈਂ ਵੀ ਕਰ ਵੇਖਾਂ, ਸ਼ਾਇਦ ਮੇਰੀ

ਉਜੜੀ ਜਾਂਦੀ ਪ੍ਰੀਤ-ਨਗਰੀ ਮੁੜ ਵਸ ਜਾਏ। ਰੂਪਵਤੀ ਗੁਣਵੰਤੀ ਕੋਲ ਜਾ ਕੇ ਮਿੱਠੀਆਂ ਮਿੱਠੀਆਂ ਗੱਲਾਂ ਕਰਨ ਲੱਗ ਪਈ ਤੇ ਗੱਲਾਂ ਗੱਲਾਂ ਵਿੱਚ ਹੀ ਉਸ ਨੇ ਉਹ ਚੀਜ਼ਾਂ ਵੀ ਮੰਗ ਲਈਆਂ ਜਿਨ੍ਹਾਂ ਆਸਰੇ ਗੁਣਵੰਤੀ ਆਪਣੇ ਪਿਆਰੇ ਪਤੀ ਦੀ ਯਾਦ ਆਪਣੇ ਮਨ ਮੰਦਰ ਵਿੱਚ ਸਮਾ ਕੇ ਦਿਨ ਕੱਟ ਰਹੀ ਸੀ। ਗੁਣਵੰਤੀ ਨੇ ਵੀ ਸਮਾਂ ਪਹਿਚਾਣ ਕੇ ਲਾਭ ਲੈਣਾ ਚਾਹਿਆ। ਗੁਣਵੰਤੀ ਨੇ ਆਖਿਆ ਕਿ ਇਹ ਚੀਜ਼ਾਂ ਮੈਂ ਦੇ ਸਕਦੀ ਹਾਂ। ਦਿਆਂਗੀ ਉਸੇ ਨੂੰ ਹੀ, ਜਿਸਨੇ ਪਿਆਰ ਨਾਲ ਮੈਨੂੰ ਦਿਤੀਆਂ ਸਨ ਭਾਵ ਮੇਰੇ ਪਤੀ ਨੂੰ ਭੇਜ ਦੇਣਾ ਉਸਨੂੰ ਦੇ ਦਿਆਂਗੀ ਉਹ ਫਿਰ ਅੱਗੇ ਜਿਵੇਂ ਮਰਜ਼ੀ ਕਰੇ। ਰੂਪਵਤੀ ਨੇ ਇਹ ਸੁਖੈਨ ਢੰਗ ਜਾਣ ਕੇ ਹਾਂ ਕਰ ਦਿੱਤੀ। ਆਖਿਰ ਰੂਪਵਤੀ ਨੇ ਮਨਾ ਕੇ ਸ਼ਾਹ ਨੂੰ ਗੁਣਵੰਤੀ ਦੇ ਘਰ ਭੇਜ ਦਿਤਾ। ਪ੍ਰੀਤ ਸ਼ਿੰਗਾਰ ਦੀ ਨਹੀਂ ਬਲਕਿ ਪਿਆਰ ਦੀ ਦਾਤ ਮੰਗਦੀ ਹੈ ਸ਼ਾਹ ਨੇ ਗੁਣਵੰਤੀ ਨੂੰ ਮਿਲਦਿਆਂ ਹੀ ਉਹੋ ਪ੍ਰੇਮ ਪ੍ਰੀਤ ਦਾ ਉਜੜਿਆ ਬਾਗ ਮਾਨੋ ਫਿਰ ਹਰਾ ਭਰਾ ਹੋ ਗਿਆ। ਸ਼ਾਹ ਨੇ ਆਪਣੀ ਕੀਤੀ ਭੁੱਲ ਦੀ ਖਿਮਾ ਮੰਗੀ ਤੇ ਲੰਮਾ ਸਮਾਂ ਸਾਰ ਨਾ ਲੈਣ ਦੀ ਵੀ ਗਲਤੀ ਨੂੰ ਦਰੁਸਤ ਕਰਕੇ ਫੈਸਲਾ ਕਰ ਲਿਆ ਕਿ ਅੱਜ ਤੋਂ ਬਾਅਦ ਮੈਂ ਤੇਰੇ ਕੋਲ ਹੀ ਰਹਿਣਾ ਹੈ। ਸ਼ਾਹ ਨੇ ਨੌਕਰ ਹੱਥ ਉਹ ਦਾਤਾਂ ਭੇਜ ਦਿੱਤੀਆਂ ਪਰ ਆਪ ਉਥੇ ਹੀ ਰਹਿ ਗਿਆ। ਰੂਪਵਤੀ ਦਾਤਾਂ ਲੈ ਕੇ ਬਹੁਤ ਖੁਸ਼ ਹੋਈ। ਸਾਰਾ ਹਾਰ ਸ਼ਿੰਗਾਰ ਕਰਕੇ ਤਿਆਰ ਹੋ ਗਈ ਕਿ ਸ਼ਾਇਦ ਮੇਰੇ ਰੂਪ ਦੀ ਜ਼ੰਜ਼ੀਰ ਫਿਰ ਸ਼ਾਹ ਨੂੰ ਕੈਦੀ ਕਰ ਲਵੇਗੀ ਪਰ ਸ਼ਾਹ ਤੇ ਹੁਣ ਸਮਝ ਗਿਆ ਸੀ ਆਖਿਰ ਗੁਣਵੰਤੀ ਸਿਆਣਪ ਨਾਲ ਬਾਜ਼ੀ ਜਿੱਤ ਗਈ। ਐਸਾ ਪਾਸਾ ਪਰਤ ਗਿਆ ਕਿ ਰੂਪਵਤੀ ਦੇ ਘਰ ਦੀਆਂ ਸਾਰੀਆਂ ਰੌਣਕਾਂ ਗੁਣਵੰਤੀ ਦੇ ਘਰ ਪਰਤ ਆਈਆਂ ਤੇ ਗੁਣਵੰਤੀ ਦੇ ਘਰ ਦੀ ਉਦਾਸੀ ਨੇ ਰੂਪਵਤੀ ਦੇ ਘਰ ਦੀ ਦਹਿਲੀਜ਼ ਨੂੰ ਮੱਲ ਲਿਆ। ਰੂਪਵਤੀ ਹਰ ਰੋਜ਼ ਉਦਾਸੀ ਦੇ ਆਲਿਮ ਵਿੱਚ ਗੁਆਚ ਕੇ ਉਨ੍ਹਾਂ ਦਿੱਤੀਆਂ ਦਾਤਾਂ ਨੂੰ ਸਾਹਮਣੇ ਰੱਖਕੇ ਆਪਣੇ ਆਪ ਨੂੰ ਕੋਸਦੀ ਹੋਈ ਸੋਚਦੀ ਕਿ ਹੋਰ ਤਾਂ ਅਜਿਹੀਆਂ ਸੁਹਾਗਣਾਂ ਹਨ ਜਿਹੜੀਆਂ ਸ਼ਿੰਗਾਰ ਕਰ ਸਾਂਈ ਦਾ ਪਿਆਰ ਹਾਸਿਲ ਕਰ ਲੈਂਦੀਆਂ ਹਨ ਪਰ ਮੈਂ ਅਜਿਹੀ ਹਾਂ ਜਿਸਨੇ ਸਗੋਂ ਸ਼ਿੰਗਾਰ ਕਰ ਪਤੀ ਗੁਆ ਲਿਆ।

ਸਤਿਗੁਰੂ ਗੁਰੂ ਅਮਰਦਾਸ ਜੀ ਨੇ ਪਾਵਨ ਜ਼ਿਕਰ ਕੀਤਾ ਹੈ ਕਿ ਸੁਹਾਗਣ ਇਸਤ੍ਰੀ ਦੀ ਕੀ ਪ੍ਰਮੁਖ ਨਿਸ਼ਾਨੀ ਹੁੰਦੀ ਹੈ ? ਤਾਂ ਆਪ ਹੀ ਇਸ ਬੁਝਾਰਤ ਦਾ ਜਵਾਬ ਦਿੰਦਿਆਂ ਆਖਦੇ ਹਨ ਕਿ ਅਜਿਹੀ ਇਸਤ੍ਰੀ ਦਾ ਸਭ ਤੋਂ ਪਹਿਲਾ ਚਿੰਨ੍ਹ ਹੈ ਕਿ ਉਸ ਦੇ ਅੰਦਰ ਸੱਚ ਹੁੰਦਾ ਹੈ। ਕੋਈ ਅਜਿਹਾ ਪਰਦਾ ਨਹੀਂ ਜਿਹੜਾ ਆਪਣੇ ਪਤੀ ਦੀ ਨਜ਼ਰ ਤੋਂ ਛੁਪਾ ਕੇ ਰੱਖਿਆ ਹੋਇਆ ਹੋਵੇ। ਦੂਜੀ ਗੱਲ ਅੰਦਰ ਸੱਚ

ਹੋਣ ਕਰਕੇ ਮੁਖੜਾ ਸੱਚ ਦੇ ਨੂਰ ਨਾਲ ਸਿੰਗਾਰਿਆ ਰਹਿੰਦਾ ਹੈ। ਭਾਵ ਹਰ ਵਕਤ ਉਜਲਾ ਰਹਿੰਦਾ ਹੈ। ਤੀਸਰਾ ਉਹ ਹਮੇਸ਼ਾ ਹੀ ਆਪਣੇ ਪਿਆਰੇ ਪਤੀ ਦੇ ਪ੍ਰੇਮ ਰੰਗ ਵਿਚ ਰੰਗੀ ਰਹਿੰਦੀ ਹੈ। ਪਾਵਨ ਬਚਨ ਹਨ।

"ਨਾਨਕ ਸੋਹਾਗਣਿ ਕਾ ਕਿਆ ਚਿਹਨੁ ਹੈ (ਇਹ ਸੁਆਲ ਹੈ)
(ਇਹ ਜੁਆਬ ਹੈ) ਅੰਦਰਿ ਸਚੁ ਮੁਖੁ ਉਜਲਾ ਖਸਮੈ ਮਾਹਿ ਸਮਾਇ ॥"

(ਪੰਨਾ ੭੮੫)

ਭਾਈ ਗੁਰਦਾਸ ਜੀ ਨੇ ਇਕ ਪੁਰਾਤਨ ਚਲੀ ਆ ਰਹੀ ਕਹਾਣੀ ਦਾ ਹਵਾਲਾ ਦੇ ਕੇ ਬਹੁਤ ਸੁੰਦਰ ਬਾਤ ਸਮਝਾਈ ਹੈ ਕਿ ਇਕ ਇਸਤ੍ਰੀ ਜਿਸ ਦੀ ਜੀਵਨ ਗੰਗਾ ਨਿਤਾਪ੍ਰਤੀ ਵਿਕਾਰ ਕਮਾਉਣ ਕਾਰਨ ਅਤਿ ਦੀ ਗੰਦੀ ਹੋ ਗਈ, ਜਿਸਨੂੰ ਸਮਾਜ ਵੀ ਪਰਵਾਨ ਨਹੀਂ ਕਰਦਾ ਪਰ ਅਚਾਨਕ ਕਿਸੇ ਦਰਵੇਸ਼ੀ ਬੋਲਾਂ ਦੀ ਠੋਕਰ ਨੇ ਇਸ ਜੀਵਨ ਗੰਗਾ ਦਾ ਵਹਿਣ ਹੀ ਮੋੜ ਕੇ ਰੱਖ ਦਿਤਾ। ਨਿਤਾਪ੍ਰਤੀ ਵਿਕਾਰਾਂ ਵਿੱਚ ਮਤੀ ਹੋਈ ਨੂੰ ਦਰਵੇਸ਼ੀ ਬੋਲਾਂ ਨੇ ਅਜਿਹਾ ਜਗਾ ਦਿਤਾ ਕਿ ਹਰ ਰੋਜ਼ ਆਪਣੇ ਜੀਵਨ ਨੂੰ ਸੁਧਾਰਨ ਲਗ ਗਈ। ਇਕ ਦਿਨ ਆਖਿਰ ਉਹ ਮੁਕਾਮ ਹਾਸਿਲ ਕਰ ਲਿਆ। ਜਿਹੜਾ ਕਿਸੇ ਭਗਤ ਨੂੰ ਲੰਮੀ ਕਠਨ ਤਪੱਸਿਆ ਰਾਹੀਂ ਨਸੀਬ ਹੁੰਦਾ ਹੈ। ਜੀਵਨ ਵਿੱਚ ਕਮਾਏ ਵਿਕਾਰ ਨੇ ਪਾਪਣ ਕਹਿਲਾ ਦਿਤਾ ਸੀ, ਪਰ ਮਗਰੋਂ ਪੈਦਾ ਹੋਏ ਪਿਆਰ ਨੇ ਪ੍ਰਭੂ ਦਰ ਤੇ ਪ੍ਰਵਾਨੀ ਹੋਈ ਇਕ ਚੰਗੀ ਜਿੰਦੜੀ ਬਣਾ ਦਿਤਾ। ਅੱਜ ਉਸ ਦਾ ਨਾਂ ਭਾਈ ਗੁਰਦਾਸ ਜੀ ਦੀ ਰਚਨਾ ਵਿਚ ਮਿਲਦਾ ਹੈ।

"ਗਨਿਕਾ ਪਾਪਣਿ ਹੋਇ ਕੈ ਪਾਪਾਂ ਦਾ ਗਲਿ ਹਾਰੁ ਪਰੋਤਾ।
ਮਹਾਂ ਪੁਰਖ ਆਚਾਣਚਕ ਗਨਿਕਾ ਵਾੜੇ ਆਇ ਖਲੋਤਾ।
ਦੁਰਮਤਿ ਦੇਖਿ ਦਇਆਲੁ ਹੋਇ ਹਥਹੁ ਉਸ ਨੋ ਦਿਤੋਨੁ ਤੋਤਾ।
ਰਾਮ ਨਾਮੁ ਉਪਦੇਸ਼ ਕਰਿ ਖੇਲਿ ਗਇਆ ਦੇ ਵਣਜੁ ਸਓਤਾ।
ਲਿਵ ਲਗੀ ਤਿਸੁ ਤੋਤਿਅਹੁ ਨਿਤ ਪੜ੍ਹਾਏ ਕਰੈ ਅਸੋਤਾ।
ਪਤਿਤੁ ਉਧਾਰਣੁ ਰਾਮ ਨਾਮੁ ਦੁਰਮਤਿ ਪਾਪ ਕਲੇਵਰ ਧੋਤਾ।
ਅੰਤਿ ਕਾਲਿ ਜਮ ਜਾਲੁ ਤੋੜਿ ਨਰਕੇ ਵਿਚਿ ਨ ਖਾਧੁ ਸੁ ਗੋਤਾ।
ਗਈ ਬੈਕੁੰਠਿ ਬਿਬਾਣਿ ਚੜ੍ਹਿ ਨਾਉਂ ਰਸਾਇਣ ਛੋਤਿ ਅਛੋਤਾ॥
ਥਾਉਂ ਨਿਥਾਵੇਂ ਮਾਣੁ ਮਣੋਤਾ ॥੨੧॥" *(ਵਾਰ ੧੦/੨੧)*

ਧੰਨ ਗੁਰੂ ਤੇਗ ਬਹਾਦਰ ਜੀ ਇਕੋ ਥਾਂ ਤੇ ਇਕ ਅਜਿਹੇ ਪੁਰਸ਼ ਦਾ ਜ਼ਿਕਰ ਕੀਤਾ ਹੈ ਜਿਹੜਾ ਘਰ ਪ੍ਰੀਵਾਰ ਦੀਆਂ ਦਹਿਲੀਜ਼ਾਂ ਟੱਪ ਕੇ ਪਰ-ਘਰ ਜਾ ਕੇ ਪਾਪ ਕਮਾਉਣ ਲੱਗ ਪਿਆ ਅਤੇ ਅਜਾਮਲ ਪਾਪੀ ਕਹਿਲਾਇਆ। ਨਰਕ ਘੋਰ ਬਣੀ ਜ਼ਿੰਦਗੀ ਕਿਸੇ ਕਮਾਈ ਵਾਲੇ ਦੇ ਬਚਨਾਂ ਨਾਲ ਮੁੜ ਪਵਿੱਤਰ ਹੋ ਰੱਬ ਦੇ

ਘਰ ਦੀ ਪਾਂਧੀ ਬਣੀ। ਦੂਜੇ ਪਾਸੇ ਇਕ ਅਜਿਹੀ ਇਸਤ੍ਰੀ ਦਾ ਵੀ ਜ਼ਿਕਰ ਨਾਲ ਹੀਂ ਕਰ ਦਿਤਾ ਜਿਸ ਦੀ ਦਹਿਲੀਜ਼ ਵੀ ਪਰ ਪੁਰਖਾਂ ਦੀ ਆਮਦ ਨੇ ਅਜਿਹੀ ਮੈਲੀ ਕੀਤੀ ਕਿ ਇਸ ਦੀ ਵੀ ਗਿਣਤੀ ਪਾਪਣਾਂ ਵਿੱਚ ਹੁੰਦੀ ਸੀ, ਪਰ ਮੁੜ ਚੰਗੇ ਆਚਰਣ ਨੇ ਧਰਮੀ ਪੁਰਖਾਂ ਦੀ ਕਤਾਰ ਵਿੱਚ ਖੜੀ ਕਰ ਦਿਤਾ।

"ਹਰਿ ਕੋ ਨਾਮੁ ਸਦਾ ਸੁਖਦਾਈ ॥ ਜਾ ਕਉ ਸਿਮਰਿ ਅਜਾਮਲੁ ਉਧਰਿਓ ਗਨਿਕਾ ਹੂ ਗਤਿ ਪਾਈ ॥ (ਪੰਨਾ ੧੦੦੮)

ਸੋ ਸਿਖ ਧਰਮ ਅੰਦਰ ਵਿਆਹ ਦੀ ਸਿਖਿਆ ਦੇ ਨਾਲ ਨਾਲ ਬੱਚੀ ਨੂੰ ਸਾਰੀ ਜ਼ਿੰਦਗੀ ਚੰਗਾ ਨਿਰਬਾਹ ਕਰਨ ਦੀ ਜਾਚ ਸਿਖਾਉਂਦਿਆਂ ਪਤੀ ਬਰਤਾ ਧਰਮ ਦੀ ਪਾਲਣਾ ਤੇ ਬਹੁਤ ਜ਼ੋਰ ਦਿਤਾ ਹੈ। ਪਤੀਬਰਤਾ ਧਰਮ ਹੀ ਮਾਪਿਆਂ ਦਾ ਮੁਖ ਉਜਲਾ ਕਰਦਾ ਹੈ। ਸਹੁਰੇ ਘਰ ਦਾ ਮਾਣ ਬਣਦਾ ਹੈ। ਚੰਗੀ ਔਲਾਦ ਦਾ ਆਦਰਸ਼ ਬਣਦਾ ਹੈ। ਚੰਗੇ ਸਮਾਜ ਅੰਦਰ ਇੱਜ਼ਤ ਦਾ ਕੱਪੜਾ ਬਣਦਾ ਹੈ।

ਸਿੱਖ ਇਤਿਹਾਸ ਜਿਥੇ ਹੋਰ ਮਨੁੱਖਤਾ ਲਈ ਕੁਰਬਾਨ ਹੋਏ ਸਿਖ ਬੀਰ ਬਹਾਦਰੀਆਂ ਦੇ ਕਿੱਸੇ ਬੜੇ ਮਾਣ ਨਾਲ ਆਪਣੀ ਹਿੱਕ ਤੇ ਲਿਖਵਾ ਕੇ ਦੁਨੀਆਂ ਦੇ ਇਤਿਹਾਸ ਤੋਂ ਅਮੀਰ ਇਤਿਹਾਸ ਨਜ਼ਰ ਆਉਂਦਾ ਹੈ ਉਥੇ ਅਨੇਕਾਂ ਹੀ ਸੁਹਾਗਵੰਤੀਆਂ ਦੇ ਸੁਹਾਗ ਨੂੰ ਬਚਾਉਣ ਲਈ ਸ਼ਹੀਦ ਹੋਏ ਸਿਖ ਸੂਰਮੇ ਸ਼ਹੀਦ ਹੋਏ ਇਤਿਹਾਸਿਕ ਪੰਨਿਆਂ ਵਿਚੋਂ ਨਜ਼ਰ ਆਉਂਦੇ ਹਨ। ਕਿਉਂਕਿ ਸਿਖ ਧਰਮ ਅੰਦਰ ਹਰ ਮਨੁੱਖਤਾ ਦੇ ਉਸ ਕੀਮਤੀ ਅਸੂਲ ਖਾਤਿਰ ਆਪਣੀ ਜਾਨ ਤੇ ਵੀ ਖੇਡ ਕੇ ਰਾਖੀ ਕੀਤੀ ਹੈ, ਜਿਸ ਨਾਲ ਧਰਤੀ ਦੇ ਵੱਸਦੇ ਲੋਕਾਂ ਨੂੰ ਇਹ ਧਰਤੀ "ਬੇਗਮਪੁਰਾ ਸਹਰ ਕੋ ਨਾਉ ॥" (ਪੰਨਾ ੩੪੫) ਦਾ ਪ੍ਰਤੱਖ ਰਾਜ ਦਿੱਸੇ।

ਪਤੀਬਰਤਾ ਧਰਮ ਦੀ ਕੀਮਤ ਪ੍ਰਗਟ ਕਰਦਿਆਂ ਇਥੋਂ ਤੱਕ ਕਹਿ ਸਕਦੇ ਹਾਂ ਕਿ ਜਿਥੇ ਜੁਆਨੀ ਪਹਿਰੇ ਵਿੱਚ ਇਕ ਨੌਜੁਆਨ ਕਿਸੇ ਜੋਸ਼ ਵਿੱਚ ਅੰਨ੍ਹਾਂ ਹੋ ਕੇ ਜ਼ਿੰਦਗੀਆਂ ਬਰਬਾਦ ਕਰਦਾ ਹੈ, ਉਥੇ ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਲਖਤੇ ਜਿਗਰ ਜੇਠੇ ਪੁੱਤਰ ਬਾਬਾ ਅਜੀਤ ਸਿੰਘ ਜੀ ਦੀ ਮਿਸਾਲ ਅੱਜ ਕਿੰਨਾ ਚੰਗਾ ਮਾਰਗ ਦਰਸ਼ਨ ਕਰਦੀ ਹੈ ਕਿ ਨੌਜੁਆਨਾ ! ਹੇ ਗੁਰੂ ਕੇ ਸਿਖਾ ! ਤੇਰੀ ਜੁਆਨੀ ਪਤੀਬਰਤਾ ਧਰਮ ਉਜਾੜਨ ਲਈ ਨਹੀਂ, ਬਲਕਿ ਇਸ ਦੀ ਰਾਖੀ ਕਰਨ ਲਈ ਚਾਹੀਦੀ ਹੈ।

ਨਿਵਣੁ ਸੁ ਅਖਰੁ

ਗੁਰਬਾਣੀ ਅੰਦਰ ਜੀਵਨ ਸਫਲਾਉਣਾ, ਗੁਰਮਤਿ ਕਮਾਉਣਾ ਅਤੇ ਪ੍ਰਭੂ ਨੂੰ ਪਾਉਣਾ ਇੰਨ੍ਹਾਂ ਤਿੰਨਾਂ ਗੱਲਾਂ ਦੀ ਸੂਝ ਪ੍ਰਾਪਤ ਹੁੰਦੀ ਹੈ। ਅਸਲ ਵਿਚ ਇਹ ਤਿੰਨੇ ਹੀ ਗੱਲਾਂ ਜਿੰਦਗੀ ਦੀਆਂ ਅਤਿਅੰਤ ਜ਼ਰੂਰੀ ਹਨ। ਸਤਿਗੁਰੂ ਜੀ ਦੀ ਇਹ ਕਮਾਲ ਹੈ ਕਿ ਉਦਾਹਰਣ ਸੰਸਾਰ ਦੀ ਪਰ ਜੁਗਤਿ ਨਿਰੰਕਾਰ ਦੀ ਸਮਝਾਉਂਦੇ ਹਨ। ਇਸ ਤਰ੍ਹਾਂ ਹੀ ਭਗਤ ਫਰੀਦ ਜੀ ਨੇ ਇਕ ਵੀਚਾਰ ਬਖਸ਼ੀ ਹੈ ਕਿ ਇਕ ਪਤੀ ਮਿਲਾਪ ਲਈ ਤੜਫਦੀ ਇਸਤ੍ਰੀ ਦੂਜੀ ਪਤੀ ਮਿਲਾਪ ਕਰ ਚੁੱਕੀ ਇਸਤ੍ਰੀ ਨੂੰ ਬਹੁਤ ਹੀ ਜ਼ਰੂਰੀ ਚਾਰ ਗੱਲਾਂ ਪੁੱਛਦੀ ਹੈ ਕਿ ਹੇ ਭੈਣੇ! ਮੈਨੂੰ ਇਹ ਦੱਸ ਕਿ ਮੈਂ ਹਰ ਰੋਜ਼ ਕਿਹੜੇ ਅੱਖਰ ਬੋਲਾਂ ਕਿਹੜੇ ਗੁਣ ਧਾਰਨ ਕਰਾਂ, ਉਹ ਕਿਹੜਾ ਮੰਤਰ ਹੈ ਜਿਸ ਦਾ ਜਾਪ ਕਰਾਂ ਅਤੇ ਭੈਣੇ ਮੈਨੂੰ ਦੱਸ ਮੈਂ ਕਿਹੋ ਜਿਹਾ ਵੇਸ ਧਾਰਨ ਕਰਾਂ ਭਾਵ ਕਿਹੋ ਜਿਹੇ ਕੱਪੜੇ ਪਹਿਣਾਂ ਜਿਸ ਨਾਲ ਮੇਰਾ ਕੰਤ ਸੁਨੇਹੜਾ ਮੇਰੇ ਨਾਲ ਪ੍ਰੀਤ ਬੱਝ ਹੋ ਜਾਵੇ? ਤਾਂ ਦੂਜੀ ਇਸਤ੍ਰੀ ਜਵਾਬ ਦਿੰਦੀ ਹੈ ਕਿ ਸਭ ਤੋਂ ਪਹਿਲਾ ਗੁਣ ਇਹ ਹੈ ਕਿ ਕਿਸੇ ਜ਼ਬਾਨੋਂ ਬੋਲੇ ਅੱਖਰਾਂ ਦੀ ਥਾਂ ਪਤੀ ਦੇ ਮਿਲਾਪ ਲਈ ਨਿਵਣੁ ਅੱਖਰ ਭਾਵ ਨਿਮਰਤਾ ਧਾਰਨ ਕਰਨੀ ਚਾਹੀਦੀ ਹੈ, ਕਿਉਂਕਿ ਉਸਦੇ ਦਰ ਤੇ ਨਿਮਰਤਾ ਕਰਨ ਵਾਲਾ ਆਪ ਨਿਉਂ ਜਾਣ ਵਾਲਾ ਹੀ ਪ੍ਰਾਪਤ ਹੁੰਦਾ ਹੈ। ਜਿਹੜੇ ਨਿਉਂਦੇ ਨਹੀਂ, ਉਹ ਟੁੱਟ ਜਾਂਦੇ ਹਨ। ਪਾਵਨ ਬਚਨ ਹਨ :—

(ਸੁਆਲ ਹੈ) **ਕਵਣੁ ਸੁ ਅਖਰੁ ਕਵਣੁ ਗੁਣੁ ਕਵਣੁ ਸੁ ਮਣੀਆ ਮੰਤੁ ॥**
ਕਵਣੁ ਸੁ ਵੇਸੋ ਹਉ ਕਰੀ ਜਿਤੁ ਵਸਿ ਆਵੈ ਕੰਤੁ ॥੧੨੬॥
(ਜੁਆਬ ਹੈ) **ਨਿਵਣੁ ਸੁ ਅਖਰੁ ਖਵਣੁ ਗੁਣੁ ਜਿਹਬਾ ਮਣੀਆ ਮੰਤੁ ॥**

(ਪੰਨਾ ੧੩੮੪)

ਅਸਲ ਵਿਚ ਹਰ ਕੋਈ ਉੱਚਾ ਹੀ ਉਠਣਾ ਚਾਹੁੰਦਾ ਹੈ, ਪਰ ਗੁਰਮਤਿ ਦੀ ਕਸਵੱਟੀ ਤੇ ਪਰਖਿਆਂ ਪਤਾ ਲੱਗਦਾ ਹੈ ਕਿ ਸੁੱਖੀ ਕੇਵਲ ਨਿਊਣ ਵਾਲਾ ਹੀ ਹੁੰਦਾ ਹੈ। ਮਾਇਆ ਕਰਕੇ ਉਚਾ ਉਠਿਆ ਹੋਵੇ ਤਾਂ, ਗੁਰੂ ਜੀ ਦੀ ਮਤਿ ਸੋਝੀ ਦਿੰਦੀ ਹੈ ਕਿ—

"ਵਡੇ ਵਡੇ ਜੋ ਦੀਸਹਿ ਲੋਗ ॥ ਤਿਨ ਕਉ ਬਿਆਪੈ ਚਿੰਤਾ ਰੋਗ ॥੧॥"

(ਪੰਨਾ ੧੮੮)

ਪਦਵੀਆਂ ਕਰਕੇ ਉੱਚੇ ਸਮਝੇ ਜਾਣ ਵਾਲਿਆਂ ਦਾ ਵੀ ਇਹ ਹਸ਼ਰ ਹੁੰਦਾ

ਹੈ ਕਿ—

"ਜਿਸੁ ਸਿਕਦਾਰੀ ਤਿਸਹਿ ਖੁਆਰੀ ਚਾਕਰ ਕੇਹੇ ਡਰਣਾ ॥" *(ਪੰਨਾ ੯੦੨)*

ਹੋਰ ਵੀ ਅਨੇਕਾਂ ਬਚਨ ਹਨ ਕਿ

"ਸੁਖੀ ਬਸੈ ਮਸਕੀਨੀਆ ਆਪੁ ਨਿਵਾਰਿ ਤਲੇ ॥
ਬਡੇ ਬਡੇ ਅਹੰਕਾਰੀਆ ਨਾਨਕ ਗਰਬਿ ਗਲੇ ॥" *(ਪੰਨਾ ੨੭੮)*

ਗੁਰਮਤਿ ਨੂੰ ਜਾਨਣ ਮਾਨਣ ਵਾਲੇ ਦਾਨਿਆਂ ਦੇ ਵੀ ਬੋਲ ਹਨ ਕਿ ਇਕ ਸਾਗਰ ਨਦੀ ਨੂੰ ਪੁੱਛਦਾ ਹੈ ਕਿ ਤੂੰ ਮੇਰੇ ਕੋਲ ਬਹੁਤ ਸਾਰੇ ਬੂਟੇ ਤੇ ਬੂਟੀਆਂ ਲੈ ਆਉਂਦੀ ਹੈਂ, ਕਈ ਵਾਰੀ ਵੱਸਦੇ ਘਰ ਵੀ ਰੋਹੜ ਕੇ ਲੈ ਆਉਂਦੀ ਹੈਂ। ਪਰ ਤੂੰ ਕਦੇ ਵੀ ਬੈਂਤ ਦਾ ਬੂਟਾ ਨਹੀਂ ਲਿਆਂਦਾ। ਤਾਂ ਨਦੀ ਨੇ ਜੁਆਬ ਦਿਤਾ, ਕਿ ਜਿਹੜਾ ਵੀ ਮੇਰੇ ਰਸਤੇ ਵਿੱਚ ਆਕੜ ਕੇ ਖਲੋਂਦਾ ਹੈ ਉਸ ਹਰ ਇਕ ਆਕੜਬਾਜ ਨੂੰ ਪੁੱਟ ਦਿੰਦੀ ਹਾਂ ਪਰ ਜਿਹੜਾ ਨਿਉਂ ਜਾਂਦਾ ਹੈ, ਉਥੇ ਮੈਂ ਵੀ ਬੇ-ਬਸ ਹੋ ਜਾਂਦੀ ਹਾਂ। ਉਸ ਉਤੇ ਮੇਰਾ ਵਸ ਵੀ ਨਹੀਂ ਚਲਦਾ।

"ਸਾਗਰ ਪੁੱਛਦਾ ਨਦੀਏ, ਸਾਰੇ ਬੂਟੇ ਬੂਟੀਆਂ ਪੁੱਟ ਲਿਆਵੇਂ।
ਪਰ ਨ ਕਦੀ ਬੈਂਤ ਦਾ ਬੂਟਾ ਇਥੇ ਆਣ ਪੁਜਾਵੇਂ।
ਨਦੀ ਆਖਦੀ ਆਕੜ ਵਾਲੇ ਸਭ ਬੂਟੇ ਪੁਟ ਸਕਾਂ,
ਪਰ ਜੋ ਝੁਕੇ ਵਗੇ ਰਉ ਰੁਖ ਨੂੰ ਪੇਸ਼ ਨ ਉਸ ਤੇ ਜਾਵੇ।"

ਨਿਊਣ ਦਾ ਅਰਥ ਨਿਰਾ ਝੁਕਣਾ ਹੀ ਨਹੀਂ ਹੁੰਦਾ। ਅਸਲ ਵਿਚ ਜ਼ਿੰਦਗੀ ਦੇ ਪੈਂਡੇ ਵਿਚ ਆਏ ਉਤਰਾ ਚੜ੍ਹਾਅ, ਦੁੱਖਾਂ ਸੁੱਖਾਂ ਅਤੇ ਅਨੇਕਾਂ ਮੁਸੀਬਤਾਂ ਵੇਲੇ ਜੀਵਨ ਸਾਥੀ ਦਾ ਸਾਥ ਦੇਣਾ ਹੁੰਦਾ ਹੈ।

ਵਿਆਹ ਵੇਲੇ ਨਿਰਬਾਹ ਲਈ ਦਿਤੀ ਜਾਂਦੀ ਸਿਖਿਆ ਹੈ ਕਿ ਆਪੋ ਆਪਣਾ ਮਾਣ, ਹੰਕਾਰ ਤਿਆਗ ਕੇ ਨਿੰਮਰਤਾ ਭਾਵ ਧਾਰਨ ਕਰਨ ਵਾਲੇ ਉਜੜਦੇ ਨਹੀਂ, ਬਲਕਿ ਵੱਸਦੇ ਤੇ ਹੱਸਦੇ ਦੇਖੇ ਜਾਂਦੇ ਹਨ। ਨਾ ਨਿਉਣ ਦੇਣ ਵਾਲਾ ਹੰਕਾਰ ਤਾਂ ਜੀਵ ਨੂੰ ਰੱਬ ਤੋਂ ਵਿਛੋੜ ਕੇ ਮੁੜ ਮਿਲਣ ਨਹੀਂ ਦਿੰਦਾ ਤਾਂ ਫਿਰ ਅਸੀਂ ਤਾਂ ਵਿਚਾਰੇ ਜੀਵਾਂ ਦੀ ਪਾਇਆ ਹੀ ਕੀ ਹੈ ? ਜ਼ਿੰਦਗੀ ਦੇ ਹਰ ਖੇਤਰ ਵਿਚ ਨਿਮਰਤਾ ਦਾ ਧਾਰਨੀ ਹੀ ਜਿੱਤਦਾ ਹੈ। ਜਿਥੇ ਨਿੰਮਰਤਾ ਸਾਰੇ ਚੰਗੇ ਸੁਖ ਨੂੰ ਸੰਭਾਲ ਕੇ ਰੱਖਣ ਲਈ ਇਕ ਮੁੱਖੀ ਹੈ "ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ ॥" ਉਥੇ ਮਾਲਿਕੇ ਘਰ ਵੀ ਨਿਮਰਤਾ ਦਾ ਧਾਰਨੀ ਹੀ ਕਬੂਲ ਪੈਂਦਾ ਹੈ।

"ਜੋ ਸਿਰੁ ਸਾਈ ਨਾ ਨਿਵੈ ਸੋ ਸਿਰੁ ਕੀਜੈ ਕਾਂਇ ॥
ਕੁੰਨੇ ਹੇਠਿ ਜਲਾਈਐ ਬਾਲਣ ਸੰਦੈ ਥਾਇ ॥੭੨॥" *(ਪੰਨਾ ੧੩੮੧)*

ਸਤਿਗੁਰੂ ਜੀ ਦੇ ਘਰ ਵੱਲ ਕਦੇ ਪਿਆਰ ਭਰੀ ਰੀਝ ਲਾ ਕੇ ਤੱਕੀਏ ਤਾਂ ਸਪੱਸ਼ਟ

ਦਿਸ ਜਾਵੇਗਾ ਕਿ ਇਥੇ ਨਿਵਾਜਿਆ ਵੀ ਗਰੀਬ ਨੂੰ ਹੀ ਜਾਂਦਾ ਹੈ। ਕਿਉਂਕਿ ਉਹ ਘਰ ਗਰੀਬ ਨਿਵਾਜ ਦਾ ਹੈ। ਫਿਰ ਲੰਗਰ ਵੀ ਅਸਲ ਵਿਚ ਗਰੀਬ ਦੀ ਹੀ ਲੋੜ ਨੂੰ ਮੁਖ ਰੱਖ ਕੇ ਸਾਹਿਬ ਜੀ ਨੇ ਚਲਾਇਆ ਸੀ। ਇਹੋ ਕਾਰਨ ਹੈ ਕਾਰਜ ਭਾਵੇਂ ਸਾਹਿਬ ਜੀ ਨੇ ਅਨੇਕਾਂ ਹੋਰ ਵੀ ਕੀਤੇ ਹਨ ਪਰ ਸੱਚਾ ਸੌਦਾ ਇਸੇ ਗਰੀਬ ਦੇ ਮੁਖ ਪ੍ਰਸ਼ਾਦਾ ਪਾਉਣ ਨੂੰ ਹੀ ਕਿਹਾ ਸੀ। ਗੁਰੂ ਦੀ ਗੋਲਕ ਵੀ ਸਤਿਗੁਰੂ ਜੀ ਨੇ ਗਰੀਬ ਦਾ ਮੂੰਹ ਹੀ ਕਿਹਾ ਸੀ ਇਹ ਗੱਲ ਵੱਖਰੀ ਹੈ ਕਿ ਅੱਜ ਇਨ੍ਹਾਂ ਤੇ ਕਾਬਜ ਭਾਵੇਂ ਹੋਰ ਲੋਕ ਹਨ। ਜਦੋਂ ਅਰਦਾਸ ਵੀ ਕਰਨੀ ਸਿਖਾਉਂਦੇ ਹਨ, ਤਦ ਵੀ ਆਖਦੇ ਹਨ ਕਿ ਹੇ ਸਾਈਆਂ ਗਰੀਬ ਦਾ ਟਿਕਾਣਾ ਹੀ ਕੇਵਲ ਤੇਰਾ ਘਰ ਹੈ।

"ਮੋਹਿ ਗਰੀਬ ਕਉ ਲੇਹੁ ਰਲਾਇ ॥ ਨਾਨਕ ਆਇ ਪਏ ਸਰਣਾਇ ॥"

(ਪੰਨਾ ੩੯੩)

ਨਾਨਕੁ ਗਰੀਬੁ ਢਹਿ ਪਇਆ ਦੁਆਰੈ ਹਰਿ ਮੇਲਿ ਲੈਹੁ ਵਡਿਆਈ ॥੬॥

(ਪੰਨਾ ੭੪੭)

ਇਥੋਂ ਤੱਕ ਹਰ ਸੰਸਾਰੀ ਬੰਦਾ, ਜਿਸ ਦਾ ਵੀ ਆਪਣੇ ਤੋਂ ਕਿਸੇ ਵੱਡੇ ਨਾਲ ਕੋਈ ਸੰਬੰਧ ਹੋਵੇ, ਆਮ ਲੋਕਾਂ ਵਿੱਚ ਪ੍ਰਗਟ ਕਰਦਾ ਹੈ ਉਸਦਾ ਪਤਾ ਦਿੰਦਾ ਹੈ ਪਰ ਸਤਿਗੁਰੂ ਜੀ ਨੇ ਜਿਥੇ ਨਿਮਰਤਾ ਦੇ ਧਾਰਨੀਆਂ ਭਾਈ ਲਾਲੋ ਵਰਗਿਆਂ ਦੇ ਬੂਹੇ ਖੜਕਾਏ, ਉਥੇ ਆਪਣਾ ਪਤਾ ਵੀ ਵਡਿਆਂ ਦਾ ਨਹੀਂ ਦੱਸਿਆ ਬਲਕਿ "ਵਡਿਆ ਸਿਉ ਕਿਆ ਰੀਸ" ਕਹਿ ਕੇ ਨੀਵਿਆਂ ਦੇ ਸਾਥੀ ਪ੍ਰਗਟ ਕੀਤਾ ਸੀ।

"ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥
ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥"

(ਪੰਨਾ ੧੫)

ਨਿਰਬਾਹ ਦੇ ਰਸਤੇ ਵਿੱਚ ਵੱਡੀ ਰੁਕਾਵਟ ਹੀ ਵੱਡਾ ਬਣਨਾ ਹੈ। ਪਰ ਜੇ ਕਰ ਕੋਈ ਨਿਮਰਤਾ ਦਾ ਧਾਰਨੀ ਹੋ ਜਾਵੇ। ਤਾਂ ਅਜਿਹਾ ਵਿਆਹ ਇਕ ਦਿਨ ਦੀ ਹੀ ਖੁਸ਼ੀ ਨਹੀਂ ਬਲਕਿ ਸਾਰੀ ਜ਼ਿੰਦਗੀ ਖੁਸ਼ੀਆਂ ਭਰਿਆ ਨਿਰਬਾਹ ਹੋ ਨਿਬੜਦਾ ਹੈ। ਇਕ ਵਾਰੀ ਧੰਨ ਗੁਰੂ ਨਾਨਕ ਸਾਹਿਬ ਦਾ ਇਕ ਵਪਾਰੀ ਨਾਲ ਮਿਲਾਪ ਹੋਇਆ। ਉਸਨੇ ਪਿੰਡ-ਪਿੰਡ ਫਿਰ ਕੇ ਨਿੱਕਾ ਜਿਹਾ ਵਪਾਰ ਕਰਨ ਵਾਲੇ ਨੇ ਸਤਿਗੁਰੂ ਜੀ ਦੇ ਮੁਬਾਰਿਕ ਚਰਨ ਪਰਸ ਕੇ ਉਪਦੇਸ਼ ਦੀ ਜਾਚਨਾ ਨਾ ਕੀਤੀ। ਰਹਿਮਤਾਂ ਦੇ ਦਾਤੇ ਨੇ ਅਜਿਹਾ ਉਸ ਦੀ ਕਿਰਤ ਵਿਚੋਂ ਹੀ ਕਰਤੇ ਦੀ ਯਾਦ ਨਾਲ ਜੋੜਿਆ ਕਿ ਜੇਕਰ ਕੋਈ ਅੱਜ ਵੀ ਇਸ ਸਿਧਾਂਤ ਨੂੰ ਸਮਝ ਲਵੇ ਤਾਂ ਕੇਵਲ ਉਹ ਹੀ ਵਪਾਰੀ ਸੁਖੀ ਨਹੀਂ ਹੋਇਆ ਨਜ਼ਰ ਆਵੇਗਾ ਬਲਕਿ ਹਰ ਕੋਈ ਸੁਖੀ ਹੋ ਸਕੇਗਾ। ਸਤਿਗੁਰੂ ਜੀ ਨੇ ਉਲਟਾ ਵਪਾਰੀ ਨੂੰ ਹੀ ਪੁੱਛਿਆ ਕਿ ਭਾਈ ਤੂੰ

ਕਿਸੇ ਨੂੰ ਵਸਤੂ ਦੇਣ ਲੱਗਿਆਂ ਕਿਵੇਂ ਦਿੰਦਾ ਹੈਂ? ਫਿਰ ਆਪ ਹੀ ਆਪਣੇ ਬੋਝੇ (ਜੇਬ) ਵਿੱਚ ਹੱਥ ਮਾਰ ਕੇ ਇਕ ਛੋਟਾ ਜਿਹਾ ਵੱਟਾ ਹੋਰ ਕੱਢ ਕੇ ਕਹਿਣ ਲੱਗਾ ਕਿ ਜਿਸਨੇ ਹੋਰ ਵੀ ਥੋੜ੍ਹੀ ਵਸਤ ਲੈਣੀ ਹੋਵੇ, ਫਿਰ ਉਹ ਇਸ ਨਾਲ ਤੋਲ ਕੇ ਦਿੰਦਾ ਹਾਂ। ਸਤਿਗੁਰੂ ਜੀ ਨੇ ਫਿਰ ਸੁਆਲ ਕਰ ਦਿਤਾ ਕਿ ਇਸ ਨੂੰ ਸਭ ਵਟਿਆਂ ਤੋਂ ਪਾਸੇ ਆਪਣੀ ਜੇਬ ਵਿਚ ਕਿਉਂ ਰੱਖਿਆ ਹੈ? ਵਪਾਰੀ ਨੇ ਫਿਰ ਜਵਾਬ ਦਿੱਤਾ ਕਿ ਉਹ ਬਹੁਤ ਛੋਟਾ ਹੈ। ਕਿਧਰੇ ਗੁਆਚ ਨਾ ਜਾਵੇ ਇਸ ਦੀ ਬਹੁਤ ਸੰਭਾਲ ਕਰਨੀ ਪੈਂਦੀ ਹੈ। ਤਾਂ ਸਤਿਗੁਰੂ ਜੀ ਨੇ ਬਚਨ ਕੀਤਾ ਕਿ ਭਾਈ ਰੱਬ ਦੇ ਘਰ ਵੀ ਬੱਸ ਇਹੋ ਕੁਝ ਵਾਪਰਦਾ ਹੈ। ਜਿਹੜੇ ਨਿਮਰਤਾ ਧਾਰ ਨੀਵੇਂ ਨਿੱਕੇ ਹੋ ਜਾਂਦੇ ਹਨ, ਰੱਬ ਉਨ੍ਹਾਂ ਦੀ ਆਪ ਖਾਸ ਸੰਭਾਲ ਕਰਦਾ ਹੈ। ਸੂਰਜ ਪ੍ਰਕਾਸ਼ ਦੇ ਬੜੇ ਸੁੰਦਰ ਬਚਨ ਹਨ।

"ਸੁਨ ਗੁਰ ਕਹੈ ਧੰਨ ਇਹ ਪਾਉ। ਜਿਨ ਅਪਨੋ ਲਘੁ ਨਾਮ ਧਰਾਉ।
ਪੂਜਨ ਯੋਗ ਯਹੀ ਹਮ ਜਾਨਾ। ਸੁਨਹੁ ਕਾਨ ਦੇ ਕਰ ਮਰਦਾਨਾ।

ਨਿਉਣਾ ਅਸਲ ਵਿਚ ਇਕ ਹਕੀਕਤ ਹੈ। ਨਿਉਣਾ ਤਾਂ ਹਰ ਹਾਲਤ ਵਿੱਚ ਪੈਂਦਾ ਹੀ ਹੈ ਫਰਕ ਸਿਰਫ ਇਤਨਾ ਹੀ ਹੈ ਕਿ ਜਿਹੜੇ ਪਹਿਲਾਂ ਨਿਉਂ ਜਾਂਦੇ ਹਨ ਉਹ ਜ਼ਿੰਦਗੀ ਦੇ ਝੁਲਦੇ ਝੱਖੜਾਂ ਵਿੱਚ ਵੀ ਬਰਕਰਾਰ ਰਹਿ ਜਾਂਦੇ ਹਨ। ਪਰ ਜਿਹੜੇ ਪਹਿਲਾਂ ਨਹੀਂ ਝੁਕਦੇ ਉਹ ਮਗਰੋਂ ਸਦਾ ਲਈ ਹੀ ਪੁੱਟ ਸੁਟੇ ਜਾਂਦੇ ਹਨ। ਜਿਤਨਾ ਨਿਮਰਤਾ ਵਿਚ ਸੁਖ ਹੈ ਉਤਨਾ ਹੀ ਆਕੜ ਵਿਚ ਦੁਖ ਹੈ। ਚੰਦਨ ਨੀਵਾਂ ਹੋ ਕੇ ਖੁਸ਼ਬੋ ਵੀ ਦਿੰਦਾ ਹੈ ਅਤੇ ਠੰਡਕ ਵੀ ਪ੍ਰਦਾਨ ਕਰਦਾ ਹੈ ਪਰ ਬਾਂਸ ਵਡਾਈ ਬੂਡਿਆ ਹੋਣ ਕਰਕੇ ਸੁਗੰਧ ਤੋਂ ਵੀ ਸੱਖਣਾ ਰਹਿ ਜਾਂਦਾ ਹੈ। ਦੂਜੇ ਪਾਸੇ ਜੰਗਲਾਂ ਵਿਚ ਅੱਗ ਕੇਵਲ ਬਾਂਸ ਦੇ ਬਾਂਸ ਨਾਲ ਰਗੜੇ ਜਾਣ ਕਰਕੇ ਹੀ ਲੱਗਦੀ ਹੈ। ਨਿਮਰਤਾ ਵਾਲੇ ਜਿਥੇ ਗੁਣਾਂ ਦੀ ਖੁਸਬੋ ਨਾਲ ਸ਼ਰਸ਼ਾਰ ਕਰਦੇ ਹਨ। ਉਥੇ ਠੰਡਕ ਵੀ ਪਰਦਾਨ ਕਰਦੇ ਹਨ। ਪਰ ਹੰਕਾਰੀ ਜਿਥੇ ਗੁਣਾਂ ਦੀ ਖੁਸ਼ਬੋ ਤੋਂ ਸੱਖਣੇ ਹੁੰਦੇ ਹਨ ਉਥੇ ਆਪਸੀ ਹਉਮੈ, ਅਕੜ ਕਾਰਨ ਪੈਦਾ ਹੋਈ ਅੱਗ ਨਾਲ ਆਪ ਵੀ ਤਬਾਹ ਹੋ ਜਾਂਦੇ ਹਨ, ਤੇ ਹੋਰਨਾਂ ਨੂੰ ਵੀ ਕਰ ਦਿੰਦੇ ਹਨ।

ਨਿਮਰਤਾ ਦਾ ਧਾਰਨੀ ਹੀ ਪਰਮਾਰਥ ਸੁਆਰ ਸਕਦਾ ਹੈ ਕਿਉਂਕਿ ਵੱਡੇ ਵੱਡੇ ਹੰਕਾਰੀ ਪ੍ਰਭੂ ਦੀ ਬਖਸ਼ਿਸ਼ ਤੋਂ ਸਦਾ ਸੱਖਣੇ ਰਹਿ ਜਾਂਦੇ ਹਨ।

ਇਕ ਰਾਜੇ ਨੇ ਇਕ ਵਾਰੀ ਆਪਣੇ ਵਜ਼ੀਰ ਕੋਲ ਦਿਲ ਦੀ ਗੰਢ ਖੋਲ੍ਹਦਿਆਂ ਗੱਲ ਕੀਤੀ ਕਿ ਆਮ ਸੰਸਾਰੀ ਬੰਦਿਆਂ ਦੀ ਨਜ਼ਰ ਵਿੱਚ ਮੇਰਾ ਜੀਵਨ ਬਹੁਤ ਸੁਖੀ ਨਜ਼ਰ ਆਉਂਦਾ ਹੋਵੇਗਾ ਪਰ ਹਕੀਕਤ ਇਹ ਹੈ ਕਿ ਮੈਂ ਅਤਿਅੰਤ ਦੁਖੀ ਹਾਂ ਬਲਕਿ ਜੀਵਨ ਦੇ ਹਰ ਪਹਿਲੂ ਤੇ ਦੁੱਖੀ ਹਾਂ। ਵਜ਼ੀਰ ਬਹੁਤ ਸਿਆਣਾ ਅਤੇ

ਧਾਰਮਿਕ ਖਿਆਲਾਂ ਦਾ ਵਿਅਕਤੀ ਸੀ ਕਹਿਣ ਲੱਗਾ, ਰਾਜਨ ਸੱਚ ਇਹ ਹੈ ਕਿ ਬੰਦਾ ਰੱਬੀ ਨਾਮ ਤੋਂ ਬਿਨਾਂ ਸੁਖੀ ਨਹੀਂ ਹੋ ਸਕਦਾ। ਰੱਬੀ ਨਾਮ ਨਾਲ ਹੀ ਸੰਤੋਖ ਬਖਸ਼ਿਸ਼ ਕਰਕੇ ਜੀਵਨ ਸੁਖੀ ਕਰ ਸਕਦਾ ਹੈ। ਰਾਜੇ ਨੇ ਕਿਸੇ ਐਸੇ ਫਕੀਰ ਦੀ ਭਾਲ ਕਰਨ ਲਈ ਕਿਹਾ ਜਿਸ ਕੋਲੋਂ ਨਾਮ ਦੀ ਪ੍ਰਾਪਤੀ ਕਰ ਜੀਵਨ ਦਾ ਸੁਖ ਮਾਣ ਸਕੇ। ਅਹਿਲਕਾਰਾਂ ਭਾਲਦਿਆਂ ਆਖਿਰ ਇਕ ਰੰਗ ਰੱਤੜੀ ਬੇਪ੍ਵਾਹ ਰੂਹ ਦਾ ਟਿਕਾਣਾ ਰਾਜੇ ਨੂੰ ਦੱਸਿਆ ਕਿ ਉਸ ਕੋਲ ਆਪ ਜਾਣਾ ਪਵੇਗਾ ਉਸਨੂੰ ਕਿਸੇ ਰਾਜੇ ਮਹਾਰਾਜੇ ਦੀ ਪ੍ਵਾਹ ਨਹੀਂ। ਰਾਜਾ ਪਤਾ ਲੱਗਦਿਆਂ ਹੀ ਹੀਰੇ ਮੋਤੀਆਂ ਦੇ ਥਾਲ ਭਰਕੇ ਹਾਥੀ ਤੇ ਸੁਆਰ ਹੋ ਕੇ ਪਹੁੰਚ ਗਿਆ। ਜਾ ਕੇ ਫਕੀਰ ਨੂੰ ਨਮਸ਼ਕਾਰ ਕਰਕੇ ਬੈਠ ਗਿਆ। ਫਕੀਰ ਨੇ ਬੜੇ ਪਿਆਰ ਨਾਲ ਆਉਣ ਦਾ ਕਾਰਨ ਪੁੱਛਿਆ। ਤਾਂ ਰਾਜੇ ਨੇ ਆਖਿਆ ਕਿ ਮੈਂ ਦੁਨੀਆਂ ਦੇ ਸਾਰੇ ਰਸ-ਕਸ ਮਾਣ ਲਏ ਹਨ, ਪਰ ਮੈਂ ਸੁਖੀ ਹੋਣ ਦੀ ਬਜਾਇ ਹੋਰ ਦੁਖੀ ਹੀ ਹੋਇਆ ਹਾਂ। ਹੁਣ ਮੈਂ ਨਾਮ ਦਾ ਰਸ ਚੱਖਣਾ ਚਾਹੁੰਦਾ ਹਾਂ। ਤਾਂ ਫਕੀਰ ਨੇ ਹੱਸ ਕੇ ਕਿਹਾ ਕਿ ਰਾਜਨ। ਇਹ ਤੇਰੇ ਵਰਗਿਆਂ ਦੇ ਵੱਸ ਦੀ ਬਾਤ ਨਹੀਂ, ਤੂੰ ਵਾਪਿਸ ਚਲਾ ਜਾ। ਪਰ ਰਾਜੇ ਦੇ ਬਾਰ ਬਾਰ ਮਿੰਨਤ ਕਰਨ ਕਰਕੇ ਫਕੀਰ ਨੇ ਆਖਿਰ ਕਿਹਾ ਕਿ ਕੱਲ੍ਹ ਬਿਲਕੁਲ ਇਕੱਲਾ ਪੈਦਲ ਤੁਰ ਕੇ ਆਵੀਂ। ਰਾਜੇ ਨੇ ਦੂਸਰੇ ਦਿਨ ਅਜਿਹਾ ਹੀ ਕੀਤਾ। ਫਕੀਰ ਜਿਹੜਾ ਪਹਿਲਾਂ ਹੀ ਉਡੀਕ ਵਿੱਚ ਬੈਠਾ ਸੀ, ਰਾਜੇ ਦੇ ਆਉਂਦਿਆਂ ਸਾਰ ਹੀ ਆਪਣੀ ਜੁੱਤੀ ਲੈ ਕੇ ਸਿਰ ਵਿੱਚ ਮਾਰਨ ਲੱਗ ਪਿਆ। ਰਾਜੇ ਨੇ ਕਿਹਾ ਕਿ ਫਕੀਰ ਸਾਈਂ ਤੁਸੀਂ ਮੈਨੂੰ ਪਹਿਚਾਣਿਆ ਨਹੀਂ, ਮੈਂ ਕੱਲ੍ਹ ਵਾਲਾ ਹੀ ਰਾਜਾ ਹਾਂ। ਮੇਰੇ ਨਾਲ ਅਜਿਹਾ ਵਰਤਾਉ ਕਿਉਂ ਕੀਤਾ, ਤਾਂ ਫਕੀਰ ਨੇ ਕਿਹਾ ਕਿ ਆ ਹੁਣ ਸਮਝਾਉਂਦਾ ਹਾਂ। ਡੇਰੇ ਦੇ ਲਾਮੇ ਹੀ ਕੁਝ ਕੀੜੀਆਂ ਮਿੱਟੀ ਵਿਚੋਂ ਖਿਲਰੇ ਖੰਡ ਦੇ ਕਿਣਕੇ ਚੁੱਗ ਰਹੀਆਂ ਸਨ ਤਾਂ ਫਕੀਰ ਨੇ ਕਿਹਾ ਕਿ ਹੇ ਰਾਜਨ ਕੀ ਇਹ ਕਾਰਜ ਹਾਥੀ ਕਰ ਸਕਦਾ ਹੈ ? ਜਿਸਨੂੰ ਕਿ ਕੀੜੀਆਂ ਬਹੁਤ ਆਸਾਨੀ ਨਾਲ ਕਰ ਰਹੀਆਂ ਹਨ। ਰਾਜੇ ਨੇ ਨਾਂਹ ਵਿਚ ਜੁਆਬ ਦਿੱਤਾ, ਤਾਂ ਫਕੀਰ ਨੇ ਕਿਹਾ, ਕਿ ਹਾਥੀ ਭਾਵੇਂ ਕੀੜੀ ਦੇ ਮੁਕਾਬਲੇ ਵਿੱਚ ਜਿੰਨਾ ਮਰਜ਼ੀ ਸ਼ਕਤੀਸ਼ਾਲੀ ਹੋਵੇ ਪਰ, ਉਸ ਦਾ ਜ਼ੋਰ ਕਿਸੇ ਕੰਮ ਨਹੀਂ : ਕਿਉਂਕਿ ਨਿਮਰਤਾ ਕੰਮ ਕਰ ਸਕਦੀ ਹੈ ਉਥੇ ਹੰਕਾਰ ਤੇ ਆਕੜ ਕਿਸੇ ਕੰਮ ਨਹੀਂ ਆਉਂਦੇ। ਕਬੀਰ ਸਾਹਿਬ ਦੇ ਪਾਵਨ ਬਚਨ ਪੜ੍ਹ ਕੇ ਫਕੀਰ ਨੇ ਰਾਜੇ ਨੂੰ ਸੱਚ ਦਾ ਮਾਰਗ ਦਿਖਾਇਆ।

"ਹਰਿ ਹੈ ਖਾਂਡੁ ਰੇਤੁ ਮਹਿ ਬਿਖਰੀ ਹਾਥੀ ਚੁਨੀ ਨ ਜਾਇ ॥
ਕਹਿ ਕਬੀਰ ਗੁਰਿ ਭਲੀ ਬੁਝਾਈ ਕੀਟੀ ਹੋਇ ਕੈ ਖਾਇ ॥੨੩੮॥

(ਪੰਨਾ ੧੩੭੭)

ਨਿਮਰਤਾ ਹੀ ਇਕ ਅਜਿਹੀ ਦਾਤ ਹੈ, ਜਿਹੜੀ ਸਭ ਨੂੰ ਆਪਣੀ ਪ੍ਰੇਮ ਗੱਲਵਕੜੀ ਭਾਵ ਕਲਾਵੇ ਵਿਚ ਲੈ ਕੇ ਕਦੇ ਆਪਣੇ ਆਪ ਤੋਂ ਜਾਂ ਇਕ ਦੂਜੇ ਤੋਂ ਵਿਛੜਨ ਨਹੀਂ ਦਿੰਦੀ ਬਲਕਿ ਜੋੜ ਕੇ ਰੱਖਦੀ ਹੈ।

ਸੋ ਗ੍ਰਿਹਸਤੀ ਮਾਰਗ ਵਿਚ ਨਿਰਬਾਹ ਲਈ ਬਹੁਤ ਜ਼ਰੂਰੀ ਹੈ ਕਿ ਹਿਰਦੇ ਦੀ ਗਰੀਬੀ ਭਾਵ ਨਿਮਰਤਾ ਹੋਵੇ। ਐਸਾ ਵਿਆਹ ਕੇਵਲ ਵਿਆਹ ਹੀ ਨਹੀਂ ਬਲਕਿ ਸਮੁੱਚੀ ਜਿੰਦਗੀ ਦਾ ਨਿਰਬਾਹ ਹੁੰਦਾ ਹੈ।

*

ਖਵਣੁ ਗੁਣੁ

ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਲੜਕਾ ਲੜਕੀ ਜਿੰਦਗੀ ਦੇ ਸਫਰ ਨੂੰ ਸੌਖਿਆਂ ਤਹਿ ਕਰਨ ਵਾਸਤੇ ਹਰ ਦੁੱਖ ਸੁੱਖ ਵਿੱਚ ਇਕ ਦੂਜੇ ਦੇ ਸਾਥੀ ਬਣ ਕੇ ਜੀਵਨ ਸਾਥੀ ਕਹਾਉਣ ਦਾ ਹੱਕ ਪ੍ਰਾਪਤ ਕਰਦੇ ਹਨ। ਜੀਵਨ ਸਾਥੀ ਦਾ ਅਰਥ ਹੀ ਇਹ ਹੈ ਕਿ ਜੀਵਨ ਸਫਰ ਅੰਦਰ ਹਰ ਜ਼ਿੰਦਗੀ ਦੇ ਮੋੜ ਤੇ, ਹਰ ਉਤਰਾਅ ਚੜ੍ਹਾਅ ਵੇਲੇ ਬਿਨਾਂ ਸੁਆਰਥ ਸੱਚਾ ਸਾਥੀ ਬਣਕੇ ਇਕ ਦੂਜੇ ਦੀ ਮਦਦ ਕਰਨਾ। ਅਸਲ ਵਿੱਚ ਇਹ ਮਦਦ ਹੀ ਇਕ ਅਜਿਹਾ ਧਾਗਾ ਹੈ ਜਿਹੜਾ ਅੰਦਰ ਰਹਿ ਕੇ ਵੀ ਜ਼ਿੰਦਗੀ ਦੇ ਮੋਤੀ ਬਿਖਰਨ ਨਹੀਂ ਦਿੰਦਾ। ਕਿਉਂਕਿ ਮਨੁੱਖ ਤਾਂ ਗਲਤੀਆਂ ਦਾ ਪੁੱਤਲਾ ਹੈ, ਗਲਤੀ ਹੋ ਜਾਣਾ ਇਕ ਸੁਭਾਵਿਕ ਵੀਚਾਰ ਹੈ। ਪਰ ਗਲਤੀ ਕਰਕੇ ਖਿਮਾ ਮੰਗ ਲੈਣਾ ਅਤੇ ਦੂਜੇ ਜੀਵਨ ਸਾਥੀ ਦਾ ਗਲਤੀ ਮਾਫ ਕਰ ਦੇਣਾ ਦੋਨਾਂ ਵਲੋਂ ਹੀ ਸਖਸ਼ੀਅਤ ਦਾ ਇਕ ਅਜਿਹਾ ਗਹਿਣਾ ਪਹਿਨਣ ਵਾਲੀ ਗੱਲ ਹੈ ਜਿਸ ਨਾਲ ਜ਼ਿੰਦਗੀ ਵਿੱਚ ਕਦੇ ਨਫ਼ਰਤ ਪੈਦਾ ਨਹੀਂ ਹੁੰਦੀ।

ਇਕ ਵੀਚਾਰ ਖਾਸ ਤੌਰ ਤੇ ਸਮਝਣ ਵਾਲੀ ਹੈ ਕਿ ਲੜਕਾ ਆਪਣੇ ਪ੍ਰੀਵਾਰ ਵਿੱਚ ਜੰਮਿਆ ਪਲਿਆ ਉਸਦੇ ਸੁਭਾਅ ਦਾ ਘਰ ਵਾਲਿਆਂ ਨੂੰ ਵੀ ਪਤਾ ਹੁੰਦਾ ਹੈ। ਅਤੇ ਘਰ ਵਾਲਿਆਂ ਦਾ ਸੁਭਾਅ ਲੜਕੇ ਨੂੰ ਵੀ ਪਤਾ ਹੁੰਦਾ ਹੈ। ਪਰ ਜਦੋਂ ਸਹੁਰੇ ਘਰ ਜਾ ਕੇ ਜਵਾਈ ਬਣਕੇ ਨਵੇਂ ਵਿਹੜੇ ਕਦਮ ਰੱਖਦਾ ਹੈ ਤਾਂ ਸਹੁਰੇ ਪ੍ਰੀਵਾਰ ਜਾਣੂ ਹੁੰਦਾ ਹੈ ਜਿਸ ਕਰਕੇ ਖਿਮਾ ਦਾ ਗਹਿਣਾ ਹੀ ਅਜਿਹੇ ਦਿਨਾਂ ਵਿੱਚ ਕੰਮ ਆਉਂਦਾ ਹੈ। ਸਹੁਰੇ ਘਰ ਵਿੱਚ ਖਿਮਾ ਮੰਗਣਾ ਅਤੇ ਖਿਮਾ ਕਰਨ ਦਾ ਗੁਣ ਹੀ ਹਿਰਦੇ ਵਿੱਚ ਥਾਂ ਬਣਾ ਸਕਦਾ ਹੈ। ਗੁਰੂ ਨਾਨਕ ਪਾਤਿਸ਼ਾਹ ਜੀ ਦਾ ਅੰਮ੍ਰਿਤ ਬਚਨ ਹੈ ਕਿ ਕੇਵਲ ਖਿਮਾ ਨਾ ਹੋਣ ਕਰਕੇ ਅਣਗਿਣਤ ਲੋਕ ਖਾਕ ਮੁੱਕ ਗਏ। ਇਥੋਂ ਤੱਕ ਇਨ੍ਹਾਂ ਦੀ ਗਿਣਤੀ ਵੀ ਨਹੀਂ ਹੋ ਸਕਦੀ॥

"ਖਿਮਾ ਵਿਹੂਣੇ ਖਪਿ ਗਏ ਖੂਹਣਿ ਲਖ ਅਸੰਖ॥
ਗਣਤ ਨ ਆਵੈ ਕਿਉ ਗਣੀ ਖਪਿ ਖਪਿ ਮੁਏ ਬਿਸੰਖ॥

(ਪੰਨਾ ੯੩੭)

ਖਿਮਾ ਕਰਨ ਵਾਲਾ ਅਸਲ ਵਿੱਚ ਰੱਬੀ ਇਨਸਾਫ ਤੇ ਭਰੋਸਾ ਕਰਨ ਵਾਲਾ ਹੁੰਦਾ ਹੈ, ਜਿਸ ਦਾ ਹਿਰਦਾ ਸਦੀਵ ਠੰਡੇ ਚਸ਼ਮੇ ਵਾਂਗੂੰ ਸੀਤਲਤਾ ਦਾ ਹਲ ਵਰਤਾਉਂਦਾ ਰਹਿੰਦਾ ਹੈ। ਖਿਮਾ ਵਿਹੂਣੇ ਅੰਦਰ ਬਦਲੇ ਦੀ ਭਾਵਨਾ ਪੈਦਾ ਹੁੰਦੀ

ਹੈ। ਇਹ ਬਦਲੇ ਦੀ ਭਾਵਨਾ ਹੀ ਈਰਖਾ ਦੀ ਅੱਗ ਬਣ ਜਾਂਦੀ ਹੈ। ਇਸ ਅੱਗ ਨਾਲ ਜ਼ਿੰਦਗੀ ਦੇ ਸਮੁੱਚੇ ਗੁਣ ਸੜ ਕੇ ਸੁਆਹ ਹੋ ਜਾਂਦੇ ਹਨ। ਜਿਸ ਕਰਕੇ ਅਜਿਹੇ ਮਨੁੱਖ ਦੀ ਜ਼ਿੰਦਗੀ ਇਕ ਰਾਖ ਦੀ ਢੇਰੀ ਸਮਾਨ ਹੋ ਜਾਂਦੀ ਹੈ। ਅਜਿਹੀ ਰਾਖ ਕਈਆਂ ਹੋਰਾਂ ਦੀ ਵੀ ਉਜਲੀ ਜ਼ਿੰਦਗੀ ਨੂੰ ਕਾਲਖ ਦੇ ਦਾਗ ਲਾ ਕੇ ਦਾਗੀ ਕਰ ਦਿੰਦੀ ਹੈ।

ਖਿਮਾ ਦੇ ਵੀ ਦੋ ਪੱਖ ਹਨ ਇਕ ਬਖਸ਼ ਦੇਣਾ, ਦੂਜਾ ਸਜ਼ਾ ਦੇਣਾ, ਪਰ ਦੋਨਾਂ ਦਾ ਮਕਸਦ ਸੁਧਾਰ ਹੋਵੇ। ਕਈ ਵਾਰੀ ਅਜਿਹਾ ਹੁੰਦਾ ਹੈ ਕਿ ਬਖਸ਼ ਦੇਣਾ ਵੀ ਅਪਰਾਧ ਬਣ ਜਾਂਦਾ ਹੈ ਅਤੇ ਕਈ ਵਾਰੀ ਐਸਾ ਵੀ ਹੋ ਸਕਦਾ ਹੈ ਕਿ ਸਜ਼ਾ ਦੇਣਾ ਵੀ ਅਪਰਾਧ ਹੋਵੇ-ਜਿਵੇਂ ਮਾਂ ਕਈ ਵਾਰੀ ਕਿਸੇ ਗਲਤੀ ਤੇ ਬੱਚੇ ਨੂੰ ਚਪੇੜ ਮਾਰ ਦਿੰਦੀ ਹੈ। ਪਰ ਇਹ ਸਜ਼ਾ ਵੀ ਮਾਂ ਦੀ ਅਸਲ ਵਿੱਚ ਅਸ਼ੀਰਵਾਦ ਹੀ ਹੁੰਦੀ ਹੈ। ਖਿਮਾ ਕਰ ਦੇਣ ਵਾਲੇ ਦਾ ਹਿਰਦਾ ਇਤਨਾ ਪਵਿੱਤਰ ਹੁੰਦਾ ਹੈ ਕਿ ਉਸ ਵਿੱਚ ਰੱਬੀ ਨਿਵਾਸ ਹੋ ਜਾਂਦਾ ਹੈ। ਸ਼੍ਰੋਮਣੀ ਭਗਤ, ਭਗਤ ਕਬੀਰ ਸਾਹਿਬ ਜੀ ਦੇ ਬਚਨ ਹਨ।

"ਕਬੀਰਾ ਜਹਾ ਗਿਆਨੁ ਤਹ ਧਰਮੁ ਹੈ ਜਹਾ ਝੂਠੁ ਤਹ ਪਾਪੁ ॥
ਜਹਾ ਲੋਭੁ ਤਹ ਕਾਲੁ ਹੈ ਜਹਾ ਖਿਮਾ ਤਹ ਆਪਿ ॥੧੫੫॥

(ਪੰਨਾ ੧੩੭੨)

ਸ਼ੇਖ ਸਾਅਦੀ ਦੇ ਗੁਲਸ਼ਤਾਂ ਵਿਚੋਂ ਦੋ ਗੁਲ (ਫੁੱਲ) ਪਾਠਕਾਂ ਦੀ ਨਜ਼ਰ ਕਰਨਾ ਚਾਹੁੰਦਾ ਹਾਂ। (ਸ਼ੇਖ ਸਾਅਦੀ ਦੀ ਪ੍ਰਸਿੱਧ ਪੁਸਤਕ ਗੁਲਸਤਾਂ ਵਿਚੋਂ ਦੋ ਗਾਥਾਵਾਂ) ਇਕ ਸਮੁੰਦਰ ਵਿਚਕਾਰ ਬੇੜੀ ਵਿੱਚ ਵੱਡੇ ਲੋਕਾਂ ਦੇ ਸੰਗ ਵਿਚ ਸ਼ੇਖ ਸਾਅਦੀ ਜਾ ਰਹੇ ਸਨ। ਕੁਝ ਦੂਰੀ ਤੇ ਇਕ ਛੋਟੀ ਜਿਹੀ ਬੇੜੀ ਵਿੱਚ ਵੀ ਦੋ ਹੋਰ ਪੁਰਖ ਜਾ ਰਹੇ ਸਨ, ਅਚਾਨਕ ਉਨਾਂ ਦੀ ਬੇੜੀ ਪਾਣੀ ਦੀਆਂ ਛੱਲਾਂ ਦਾ ਮੁਕਾਬਲਾ ਨਾ ਕਰ ਸਕੀ ਅਤੇ ਡੁੱਬ ਗਈ। ਉਨ੍ਹਾਂ ਵਿਚ ਸਵਾਰ ਦੋ ਜਣੇ ਪਾਣੀ ਵਿੱਚ ਹਾਲ ਦੁਹਾਈ ਪਾਉਣ ਲੱਗੇ। ਵੱਡੀ ਬੇੜੀ ਵਿੱਚ ਸਵਾਰ ਇਕ ਅਮੀਰ ਪੁਰਖ ਨੇ ਮਲਾਹ ਨੂੰ ਕਿਹਾ ਕਿ ਇਨ੍ਹਾਂ ਨੂੰ ਬਚਾਅ, ਮੈ ਤੈਨੂੰ 50 ਦੀਨਾਰ ਦੇਵਾਂਗਾ, ਪਰ ਉਹ ਮਲਾਹ ਕੋਸ਼ਿਸ਼ ਕਰਕੇ ਇਕ ਨੂੰ ਹੀ ਬਚਾ ਸਕਿਆ। ਅਮੀਰ ਪੁਰਖ ਨੇ ਦੀਨਾਰ ਦਿੰਦਿਆਂ ਇਕ ਗੱਲ ਕਹੀ ਕਿ ਅਸਲ ਵਿੱਚ ਦੂਜੇ ਦੀ ਜ਼ਿੰਦਗੀ ਹੀ ਮੁੱਕ ਗਈ ਹੋਵੇਗੀ। ਜਿਸ ਕਰਕੇ ਬਚਾਅ ਨਹੀਂ ਸਕਿਆ। ਇਹ ਸੁਣਕੇ ਮਲਾਹ ਬੋਲ ਉਠਿਆ ਕਿ ਅਸਲ ਵਿੱਚ ਮੈਂ ਉਸ ਨੂੰ ਬਚਾਉਣਾ ਹੀ ਨਹੀਂ ਸੀ ਚਾਹੁੰਦਾ ਕਿਉਂਕਿ ਮੈਂ ਇਨ੍ਹਾਂ ਦੋਨਾਂ ਨੂੰ ਜਾਣਦਾ ਹਾਂ। ਇਹ ਦੋ ਭਰਾ ਸਨ। ਇਕ ਨੇ ਇਕ ਵਾਰੀ ਮੈਨੂੰ ਸਫਰ ਵਿੱਚ ਥੱਕਿਆ ਹੋਇਆ ਹੋਣ ਕਰਕੇ ਊਠ ਤੇ ਬਿਠਾ ਕੇ ਸੁੱਖ ਦਿਤਾ ਸੀ ਪਰ ਦੂਜੇ ਨੇ

ਮੇਰੀ ਨਿੱਕੀ ਜਿਹੀ ਗਲਤੀ ਤੇ ਵੀ ਕੋਰੜੇ ਮਾਰੇ ਸਨ, ਜਿਨ੍ਹਾਂ ਦਾ ਦਰਦ ਮੈਨੂੰ ਅੱਜ ਤੱਕ ਵੀ ਮਹਿਸੂਸ ਹੁੰਦਾ ਹੈ। ਲਿਖਤ ਤੋਂ ਮੁਰਾਦ ਸੀ ਕਿ ਜੇਕਰ ਉਸ ਭਰਾ ਨੇ ਵੀ ਮਾਫ ਕੀਤਾ ਹੁੰਦਾ ਤਾਂ ਸ਼ਾਇਦ ਅੱਜ ਉਸਨੂੰ ਵੀ ਹੋਰ ਮਿਹਨਤ ਕਰਕੇ ਬਚਾ ਲੈਂਦਾ। ਜੇਕਰ ਨਾ ਵੀ ਬਚਾ ਸਕਦਾ ਤਾਂ ਘੱਟ ਤੋਂ ਘੱਟ ਅੱਜ ਉਨ੍ਹਾਂ ਕੋਰੜਿਆਂ ਦੇ ਦਰਦ ਦੀ ਥਾਂ ਇਸ ਦੇ ਡੁੱਬਣ ਦਾ ਦਰਦ ਜ਼ਰੂਰ ਹੁੰਦਾ। ਇਸੇ ਲਈ ਖਿਮਾ ਸਖਸ਼ੀਅਤ ਦਾ ਇੱਕ ਉੱਤਮ ਗਹਿਣਾ ਹੈ। ਖਿਮਾ ਹਮੇਸ਼ਾ ਹੀ ਨੇੜਤਾ ਬਖਸ਼ਿਸ਼ ਕਰਦੀ ਹੈ। ਦਿਲਾਂ ਦੀਆਂ ਦੂਰੀਆਂ ਨੂੰ ਖਤਮ ਕਰਕੇ ਇਕ ਦੂਸਰੇ ਦੇ ਮਿਲਾਪ ਦਾ ਸਾਧਨ ਬਣਦੀ ਹੈ। ਸ਼ੇਖ ਸ਼ਾਅਦੀ ਦੀ ਦੂਸਰੀ ਗਾਥਾ ਹੈ।

ਹਾਰੂੰ ਰਸੀਦ ਦੇ ਪੁੱਤਰ ਨੂੰ ਕਿਸੇ ਬੱਚੇ ਨੇ ਮਾਂ ਦੀ ਗਾਲ ਕੱਢ ਦਿਤੀ। ਹਾਰੂੰ ਦਾ ਪੁੱਤਰ ਘਰ ਆ ਕੇ ਉੱਚੀ ਉੱਚੀ ਰੋਣ ਲੱਗ ਪਿਆ। ਆਖਿਰ ਗੱਲ ਹਾਰੂੰ ਰਸੀਦ ਕੋਲ ਪਹੁੰਚੀ। ਹਾਰੂੰ ਨੇ ਇਹ ਸੋਚ ਕੇ ਕਿ ਕਿਧਰੇ ਮੇਰੇ ਵਲੋਂ ਮੋਹ ਮਮਤਾ ਵਸ ਹੋ ਕੇ ਕੋਈ ਗਲਤ ਫੈਸਲਾ ਨਾ ਹੋ ਜਾਵੇ, ਉਸਨੇ ਇਹ ਵੀਚਾਰ ਦਰਬਾਰ ਵਿੱਚ ਰੱਖ ਦਿਤੀ। ਜਿਹੋ ਜਿਹੀ ਕਿਸੇ ਦੀ ਅਕਲ ਸੀ ਉਸ ਮੁਤਾਬਿਕ ਹਰ ਇਕ ਨੇ ਸਲਾਹ ਦਿਤੀ। ਕੋਈ ਆਖੇ ਬੱਚੇ ਨੂੰ ਕਰੜੀ ਸਜ਼ਾ ਦਿਉ, ਤਾਂਕਿ ਅੱਗੇ ਵਾਸਤੇ ਕੋਈ ਅਜਿਹਾ ਕਰਮ ਨਾ ਕਰੇ, ਕਿਸੇ ਨੇ ਆਖਿਆ ਕਿ ਬੱਚੇ ਦੀ ਜਾਨ ਲੈਣ ਦੀ ਬਜਾਇ ਇਸ ਦੀ ਜ਼ਬਾਨ ਹੀ ਕੱਟ ਦਿਉ। ਕਿਸੇ ਨੇ ਕੋਈ, ਕਿਸੇ ਨੇ ਕੋਈ ਸਜ਼ਾ ਦੇਣ ਵਾਸਤੇ ਸਲਾਹ ਦਿੱਤੀ। ਹਾਰੂੰ ਰਸੀਦ ਆਖਰ ਵਿੱਚ ਕਹਿਣ ਲੱਗਾ ਕਿ ਪੁੱਤਰ ਅਸਲ ਵਿੱਚ ਤਾਂ ਤੇਰਾ ਹੱਕ ਇਹੋ ਹੀ ਬਣਦਾ ਹੈ ਕਿ ਤੂੰ ਵੀ ਇਸ ਦੀ ਮਾਂ ਨੂੰ ਇਕ ਗਾਲ ਕੱਢ ਦੇਵੇਂ, ਪਰ ਇਸ ਨਾਲ ਇਹ ਵੀ ਚੇਤਾ ਰੱਖੀਂ ਕਿ ਜੇ ਇਸ ਗਰੀਬ ਨੇ ਤੇਰੇ ਤੇ ਹਮਲਾ ਕੀਤਾ ਸੀ, ਤਾਂ ਤੂੰ ਵੀ ਕੋਈ ਘੱਟ ਨਹੀਂ ਕਰਨ ਲੱਗਾ। ਤੇਰੇ ਵਲੋਂ ਵੀ ਇਹ ਹਮਲਾ ਹੀ ਹੈ। ਦੂਸਰਾ ਸਾਧਨ ਇਹ ਹੈ ਕਿ ਜੇਕਰ ਤੂੰ ਇਸ ਨੂੰ ਮਾਫ ਕਰ ਦੇਵੇਂ ਤਾਂ ਤੇਰੀ ਥਾਂ ਇਸ ਦੇ ਦਿਲ ਵਿੱਚ ਇਕ ਚੰਗੇ ਇਨਸਾਨ ਵਾਲੀ ਬਣ ਜਾਵੇਗੀ। ਖਿਮਾ ਕਰ ਦੇਣ ਨਾਲ ਇਹ ਬੱਚਾ ਸਾਰੀ ਜ਼ਿੰਦਗੀ ਲਈ ਤੇਰੇ ਉਪਕਾਰ ਅਤੇ ਪਿਆਰ ਦਾ ਕਰਜ਼ਦਾਰ ਬਣ ਜਾਵੇਗਾ। ਖਿਮਾ ਚੰਗੇ ਇਨਸਾਨਾਂ ਦੀ ਜ਼ਿੰਦਗੀ ਵਿੱਚ ਸਮੁੱਚੇ ਚੰਗੇ ਗੁਣਾਂ ਵਿੱਚੋ ਇਕ ਉੱਤਮ ਗੁਣ ਹੈ। ਖਿਮਾ ਵਿਹੂਣਾ ਹਿਰਦਾ ਅਤਿ ਕਠੋਰ ਹੁੰਦਾ ਹੈ। ਖਿਮਾ ਵਿਹੂਣਾ ਹਿਰਦਾ ਹੰਕਾਰੀ ਅਤੇ ਕਰੋਧੀ ਹੁੰਦਾ ਹੈ। ਅਜਿਹੇ ਮਨੁੱਖ ਦੀ ਜ਼ਿੰਦਗੀ ਸਦੀਵ ਬੇਰਸੀ ਹੋਵੇਗੀ, ਕਿਉਂਕਿ ਉਸ ਦੇ ਹਿਰਦੇ ਦੀ ਕਠੋਰਤਾ ਉਸ ਦੇ ਮਿੱਤਰਾਂ, ਦੋਸਤਾਂ ਜਾਂ ਨਜ਼ਦੀਕੀਆਂ ਦੀ ਦੁਨੀਆਂ ਉਜਾੜ ਦਿੰਦੀ ਹੈ, ਜਿਸ ਕਰਕੇ ਐਸਾ ਮਨੁੱਖ ਹਮੇਸ਼ਾ ਕਿਸੇ ਨਾਲ ਵੀ ਨਿਰਬਾਹ ਨਾ ਕਰਕੇ ਸਦੀਵ ਝਗੜਾਲੂ ਬਿਰਤੀ ਦਾ ਹੋ ਜਾਂਦਾ ਹੈ।

ਸਿਆਣੇ ਦਾਨਿਆਂ ਲੋਕਾਂ ਦੇ ਕੀਮਤੀ ਬੋਲ ਹਨ ਕਿ ਪ੍ਰਾਪਤ ਉਹੋ ਕੁਝ ਹੀ ਹੋ ਸਕਦਾ ਹੈ, ਜੋ ਕੁਝ ਮਨੁੱਖ ਦੁਨੀਆਂ ਵਿੱਚ ਵੰਡਦਾ ਹੈ।

"ਜੈਸੀ ਕਰਨੀ ਵੈਸੀ ਭਰਨੀ ਕੁਦਰਤਿ ਯਹ ਸਿਖਲਾਏ।
ਕਾਂਟੇ ਬੋਨੇ ਵਾਲਾ ਜਗ ਮਹਿ ਫਲ ਕਹਾਂ ਸੇ ਪਾਏ।"

ਅੱਜ ਜੇ ਕੋਈ ਚਾਹੁੰਦਾ ਹੈ ਕਿ ਮੇਰੇ ਗੁਨਾਹ ਕੋਈ ਮਾਫ ਕਰ ਦੇਵੇ ਤਾਂ ਆਪ ਵੀ ਕਿਸੇ ਨੂੰ ਖਿਮਾ ਕਰਨਾ ਸਿਖੇ। ਧੰਨ ਗੁਰੂ ਰਾਮਦਾਸ ਮਹਾਰਾਜ ਜੀ ਦਾ ਪਾਵਨ ਬਚਨ ਹੈ ਕਿ ਜਿਨਾਂ ਦੇ ਮਨ ਮੰਦਰ ਵਿੱਚ ਗੁਰੂ ਦੇ ਗਿਆਨ ਦਾ ਦੀਵਾ ਜਗ ਪੈਂਦਾ ਹੈ, ਉਨਾਂ ਨੇ ਗੁਰੂ ਜੀ ਵਲੋਂ ਬਖਸ਼ਿਆ ਖਿਮਾ ਦਾ ਸ਼ਿੰਗਾਰ ਕਰ ਲਿਆ, ਜਿਸ ਨਾਲ ਪ੍ਰਭੂ ਪਤੀ ਦੀਆਂ ਖੁਸ਼ੀਆਂ ਨਾਲ ਸਾਰਾ ਜ਼ਿੰਦਗੀ ਦਾ ਵਿਹੜਾ ਹੀ ਭਰ ਜਾਂਦਾ ਹੈ।

"ਖਿਮਾ ਸੀਗਾਰ ਕਰੇ ਪ੍ਰਭ ਖੁਸੀਆ ਮਨਿ ਦੀਪਕ ਗੁਰ ਗਿਆਨੁ ਬਲਈਆ ॥"

(ਪੰਨਾ ੮੩੬)

ਵਿਆਹ ਵੇਲੇ ਨਿਭਾਈ ਜਾਂਦੀ ਅਨੰਦ ਕਾਰਜਾਂ ਦੀ ਮਰਿਯਾਦਾ ਜਿਥੇ ਇਕ ਨਿਰਾਲੀ ਮਰਿਯਾਦਾ ਹੈ ਉਥੇ ਨਿਰਬਾਹ ਦੀ ਸਿਖਿਆ ਵੀ ਹੋਣ ਕਰਕੇ ਲੜਕਾ ਲੜਕੀ ਵਿਆਹ ਭਾਵ ਅਨੰਦ ਕਾਰਜ ਵੇਲੇ ਹੀ ਖਿਮਾ ਦੇ ਗੁਣ ਧਾਰਨ ਕਰ ਲੈਣ ਤਾਂ ਸਾਰੀ ਜ਼ਿੰਦਗੀ ਸੁੱਖਾਂ ਭਰੀ ਗੁਜ਼ਰਦੀ ਹੈ। ਮਨੁੱਖੀ ਸੁਭਾਅ ਵਿਚੋਂ ਗਲਤੀਆਂ ਕਰਨ ਵਾਲਾ ਸੁਭਾਅ ਹੀ ਬਦਲ ਦਿਤਾ ਜਾਏ ਐਸਾ ਤਾਂ ਸ਼ਾਇਦ ਅਸੰਭਵ ਹੈ ਕਿਉਂਕਿ ਜਿਹੜਾ ਕੋਈ ਕਾਰਜ ਕਰੇਗਾ, ਉਹ ਕਿਤੇ ਨਾ ਕਿਤੇ ਕੋਈ ਗਲਤੀ ਵੀ ਜ਼ਰੂਰ ਕਰੇਗਾ। ਫਿਰ ਇਹੋ ਹੀ ਹੋ ਸਕਦਾ ਹੈ ਕਿ ਖਿਮਾ ਕਰਨ ਵਾਲਾ ਗੁਣ ਧਾਰਨ ਕਰ ਲਿਆ ਜਾਵੇ। ਸ਼ਾਇਦ ਸਾਡੇ ਬਜ਼ੁਰਗਾਂ ਨੇ ਇਸ ਖਿਮਾ ਦੇ ਗੁਣ ਦੀ ਸਦੀਵ ਸਲਾਮਤੀ ਲਈ ਹੀ ਅਰਦਾਸ ਵਿੱਚ ਇਹ ਬਚਨ ਪਾਇਆ ਹੋਵੇ ਕਿ ਜਿਨ੍ਹਾਂ ਨੇ ਦੇਖ ਕੇ ਅਣਡਿੱਠ ਕੀਤਾ, ਉਨ੍ਹਾਂ ਦੀ ਕਮਾਈ ਦਾ ਰੋਜ਼ ਧਿਆਨ ਧਰ ਕੇ ਵਾਹਿਗੁਰੂ ਜੀ ਨੂੰ ਯਾਦ ਕੀਤਾ ਜਾਂਦਾ ਹੈ।

ਵਿਆਹ ਕੇਵਲ ਸਰੀਰਕ ਨੇੜਤਾ ਦਿੰਦਾ ਹੈ ਪਰ ਨਿਰਬਾਹ ਅੰਦਰੂਨੀ ਨੇੜਤਾ ਦਿੰਦਾ ਹੈ। ਇਹ ਅੰਦਰੂਨੀ ਨੇੜਤਾ ਖਿਮਾ ਦਾ ਗੁਣ ਧਾਰਨ ਕੀਤਿਆਂ ਹੀ ਪੈਦਾ ਹੁੰਦੀ ਹੈ ਕਿਉਂਕਿ ਅਜਿਹੇ ਹਿਰਦਿਆਂ ਵਿਚੋਂ ਹਉਮੈ, ਤ੍ਰਿਸ਼ਨਾ ਅਤੇ ਕਰੋਧ ਦੀ ਅੱਗ ਬੁਝ ਜਾਂਦੀ ਹੈ।

"ਹਉਮੈ ਤ੍ਰਿਸਨਾ ਸਭ ਅਗਨਿ ਬੁਝਈ ॥ ਬਿਨਸੇ ਕ੍ਰੋਧ ਖਿਮਾ ਗਹਿ ਲਈ ॥੭॥

(ਪੰਨਾ ੨੩੩)

ਅਜਿਹੇ ਲੋਕਾਂ ਦੀ ਜ਼ਿੰਦਗੀ ਵਿੱਚ ਹੀ ਅਜਿਹੇ ਖੁਸ਼ੀਆਂ ਭਰੇ ਦਿਨ ਦੇਖਣ

ਨੂੰ ਮਿਲਦੇ ਹਨ, ਜਦੋਂ ਉਹ ਆਪਣੇ ਪ੍ਰੀਵਾਰਾਂ ਦੋਸਤਾਂ ਮਿੱਤਰਾਂ ਨਾਲ ਮਿਲਕੇ ਆਪਣੇ ਵਿਆਹ ਦੀ ਸਿਲਵਰ ਜੁਬਲੀ, ਕੋਈ ਗੋਲਡਨ ਜੁਬਲੀ ਜਾਂ ਕੋਈ ਸੁਭਾਗੇ ਡਾਇਮੰਡ ਜੁਬਲੀ ਮਨਾਉਂਦੇ ਦੇਖੇ ਜਾਂਦੇ ਹਨ। ਅਜਿਹੇ ਖੁਸ਼ੀਆਂ ਭਰੇ ਦਿਹਾੜਿਆਂ ਪਿਛੇ ਨਿਰਬਾਹ ਦਾ ਬਹੁਤ ਲੰਮਾ ਇਤਿਹਾਸ ਹੁੰਦਾ ਹੈ। ਇਹ ਇਤਿਹਾਸ ਵੀ ਤਦ ਹੀ ਸਿਰਜਿਆ ਜਾਂਦਾ ਹੈ ਜੇਕਰ ਖਿਮਾ ਜ਼ਿੰਦਗੀ ਦਾ ਗਹਿਣਾ ਬਣਾ ਕੇ ਪਹਿਣ ਲਿਆ ਜਾਵੇ।

ਸੋ ਭਗਤ ਫਰੀਦ ਜੀ ਦੇ ਪ੍ਰਭੂ ਪਤੀ ਦੀ ਪ੍ਰਾਪਤੀ ਲਈ ਦਰਸਾਏ ਇਨ੍ਹਾਂ ਗੁਣਾਂ ਵਿਚੋਂ ਖਿਮਾ ਦਾ ਗੁਣ ਧਾਰਨ ਕਰਨ ਵਾਲੇ ਆਪਣੇ ਜੀਵਨ ਸਾਥੀ ਦੀ ਖੁਸ਼ੀ ਵੀ ਹਾਸਿਲ ਕਰ ਲੈਂਦੇ ਹਨ।

ਖਿਮਾ ਗਹੀ ਬ੍ਰਤੁ ਸੀਲ ਸੰਤੋਖੰ ॥ ਰੋਗੁ ਨ ਬਿਆਪੈ ਨਾ ਜਮ ਦੋਖੰ ॥

(ਪੰਨਾ ੨੨੩)

ਜਿਹਬਾ ਮਣੀਆ ਮੰਤੁ

ਹਰ ਰਿਸ਼ਤੇ ਦਾ ਸਿਖਰ ਪ੍ਰੇਮ ਪ੍ਰੀਤ ਵਿੱਚ ਬਦਲ ਜਾਣਾ ਹੁੰਦਾ ਹੈ। ਪ੍ਰੀਤ ਬਿਨਾਂ ਕੋਈ ਵੀ ਰਿਸ਼ਤਾ ਲੰਮੇਰਾ, ਪੱਕਾ ਤੇ ਮਿੱਠਾ ਜਾਂ ਨਿੱਘਾ ਨਹੀਂ ਹੁੰਦਾ। ਪਰ ਰਿਸ਼ਤਾ ਪ੍ਰੀਤ ਦੀਆਂ ਮੰਜ਼ਲਾਂ ਨੂੰ ਛੂਹ ਸਕੇ, ਇਸ ਲਈ ਅਤਿਅੰਤ ਜ਼ਰੂਰੀ ਹੈ ਮਿੱਠਾ ਬੋਲਣਾ ਕਿਉਂਕਿ ਪ੍ਰੀਤ ਦੀਆਂ ਗੰਢਾਂ ਪੈਂਦੀਆਂ ਵੀ ਤੇ ਪੱਕੀਆਂ ਵੀ ਮਿੱਠੇ ਬੋਲਾਂ ਨਾਲ ਹੁੰਦੀਆਂ ਹਨ। ਸਤਿਗੁਰੂ ਜੀ ਦਾ ਇਲਾਹੀ ਸੰਦੇਸ਼ ਹੈ "ਗੰਢੁ ਪਰੀਤੀ ਮਿਠੇ ਬੋਲ ॥ (ਪੰਨਾ ੧੪੩) ਇਨ੍ਹਾਂ ਪ੍ਰੀਤ ਦੀਆਂ ਗੰਢਾਂ ਨੂੰ ਦੁੱਖ ਸੁੱਖ ਵੀ, ਖੁਸ਼ੀਆਂ ਗਮੀਆਂ ਵੀ ਕਈ ਵਾਰੀ ਖੋਹਲਣ ਵਿੱਚ ਨਾਕਾਮਯਾਬ ਰਹਿੰਦੀਆਂ ਹਨ ਪਰ ਇਨ੍ਹਾਂ ਪੀਡੀਆਂ (ਪੱਕੀਆਂ) ਗੰਢਾਂ ਨੂੰ ਵੀ ਸਹਿਜੇ ਹੀ ਕੌੜੇ ਬੋਲ ਖੋਹਲ ਦਿੰਦੇ ਹਨ। ਇਸ ਪ੍ਰਤੀ ਵੀ ਬਚਨ ਹਨ—

"ਤੂਟਿ ਪਰੀਤਿ ਗਈ ਬੁਰ ਬੋਲਿ ॥"

(ਪੰਨਾ ੯੩੩)

ਜੀਵਨ ਸਾਂਝ ਲਈ ਬੋਲਾਂ ਦਾ ਹੋਣਾ ਜ਼ਰੂਰੀ ਹੈ ਕਿਉਂਕਿ ਹਰ ਸੰਬੰਧ ਬੋਲਾਂ ਦਾ ਵਟਾਂਦਰਾ ਹੀ ਤਾਂ ਹੈ। ਬੋਲਚਾਲ ਦਾ ਬੰਦ ਹੋਣਾ ਹੀ ਸੰਬੰਧ ਦਾ ਟੁਟਣਾ ਹੁੰਦਾ ਹੈ। ਇਸੇ ਲਈ ਰੱਬੀ ਸੰਬੰਧ ਬਣਾਉਣਾ ਧੰਨ ਗੁਰੂ ਨਾਨਕ ਸਾਹਿਬ ਜੀ ਨੇ ਜਪੁਜੀ ਸਾਹਿਬ ਅੰਦਰ ਇਕ ਪ੍ਰਭੂ ਮਿਲਾਪ ਦੀ ਜੁਗਤਿ ਦੱਸਦਿਆਂ ਅਜਿਹੇ ਬਚਨ ਲਿਖੇ ਹਨ ਕਿ ਮੈਂ ਕੀ ਬੋਲਾਂ ਜਿਨ੍ਹਾਂ ਨੂੰ ਸੁਣ ਕੇ ਮੇਰਾ ਸਾਂਈਂ ਮੇਰੇ ਨਾਲ ਪਿਆਰ ਕਰਨ ਲੱਗ ਜਾਏ "ਮੁਹੌ ਕਿ ਬੋਲਣੁ ਬੋਲੀਐ ਜਿਤੁ ਸੁਣਿ ਧਰੇ ਪਿਆਰੁ" ॥ (੨) ਰੱਬੀ ਪਿਆਰ ਵਾਲਿਆਂ ਨੇ ਇਸੇ ਲਈ ਹੀ ਤਾਂ ਦੁਹਾਈ ਪਾਈ ਕਿ "ਕਾਰਨ ਕਵਨ ਅਬੋਲ ॥" (ਪੰਨਾ ੬੯੪) ਹੇ ਸਾਈਆਂ ਕੀ ਕਾਰਨ ਹੈ ਤੂੰ ਮੇਰੇ ਨਾਲ ਕਿਉਂ ਨਹੀਂ ਬੋਲਦਾ। ਪਰ ਨਾਲ ਹੀ ਇਹ ਜੁਗਤੀ ਵੀ ਸਿਖਾ ਦਿਤੀ ਕਿ ਉਸ ਤੋਂ ਪਹਿਲਾਂ ਪਹਿਲਾਂ ਬੋਲਣਾ ਬੰਦ ਕਰ ਦੇਵੋ ਫਿਰ ਕਿਧਰ "ਬਹੁਤਾ ਬੋਲਣੁ ਝਖਣੁ ਹੋਇ ॥" (ਪੰਨਾ ੬੬੧) ਨ ਸੁਣਨਾ ਪਵੇ। ਸਗੋਂ ਲੋਕ ਮਿੰਨਤ ਕਰਨ ਕਿ "ਬੋਲਿ ਸੁਧਰਮੀੜਿਆ ਮੋਨਿ ਕਤ ਧਾਰੀ ਰਾਮ ॥" (ਪੰਨਾ ੫੪੭) ਅਸਲ ਵਿੱਚ ਉਹੋ ਹੀ ਬੋਲਿਆ ਪਰਵਾਣ ਹੁੰਦਾ ਹੈ ਜਿਹਨਾਂ ਬੋਲਾਂ ਨਾਲ ਬੰਦੇ ਦੀ ਇੱਜ਼ਤ ਵਿੱਚ ਵਾਧਾ ਹੋਵੇ। ਕਈ ਵਾਰੀ ਸ਼ਕਲ ਸੂਰਤਿ ਕਰਕੇ ਕਈ ਬੰਦੇ ਬੜੇ ਪ੍ਰਭਾਵਸ਼ਾਲੀ ਹੁੰਦੇ ਹਨ ਪਰ ਉਨ੍ਹਾਂ ਵਲੋਂ ਬੋਲੇ ਦੋ ਸ਼ਬਦ ਹੀ ਸਾਰਾ ਪ੍ਰਭਾਵ ਗੁਵਾ ਦਿੰਦੇ ਹਨ। ਫਿੱਕੇ ਬੋਲ ਹਮੇਸ਼ਾ ਦੂਰੀਆਂ

ਹੀ ਵਧਾਉਂਦੇ ਹਨ। ਗੁਰਬਖਸ਼ ਸਿੰਘ ਪ੍ਰੀਤ ਲੜੀ ਦਾ ਇਕ ਬੜਾ ਹੀ ਸੁੰਦਰ ਖਿਆਲ ਹੈ ਕਿ "ਮੂੰਹ ਮਨੁੱਖ ਦੇ ਸਰੀਰ ਦਾ ਚਿੱਤਰ ਹੈ ਇਹਦੇ ਤੋਂ ਉਸ ਦੇ ਸਰੀਰ ਦਾ ਸੁਹੱਪਣ ਦਾ ਕੋਹਜ ਪਛਾਣਿਆ ਜਾਂਦਾ ਹੈ। ਬੋਲੀ ਮਨੁੱਖ ਦੀ ਆਤਮਾ ਦਾ ਚਿੱਤਰ ਹੈ। ਇਸ ਤੋਂ ਇਸਦੀ ਆਤਮਾ ਦਾ ਵਧੀਆ ਘਟੀਆ ਹੋਣਾ ਦਿੱਸ ਪੈਂਦਾ ਹੈ। ਸਿਰੀਰਾਗੁ ਅੰਦਰ ਧੰਨ ਗੁਰੂ ਨਾਨਕ ਪਾਤਸ਼ਾਹ ਜੀ ਦੇ ਅੰਮ੍ਰਿਤ ਬੋਲ ਹਨ "ਜਿਤੁ ਬੋਲਿਐ ਪਤਿ ਪਾਈਐ ਸੋ ਬੋਲਿਆ ਪਰਵਾਣੁ ॥ ਫਿਕਾ ਬੋਲਿ ਵਿਗੁਚਣਾ ਸੁਣਿ ਮੂਰਖ ਮਨ ਅਜਾਣ ॥ (ਪੰਨਾ ੧੫)

ਅੱਜ ਬੱਚਾ, ਬੱਚੀ ਨੇ ਜ਼ਿੰਦਗੀ ਦੇ ਲੰਮੇ ਨਿਰਬਾਹ ਦੀ ਜੁਗਤਿ ਸਿਖਦਿਆਂ ਇਹ ਵੀਚਾਰ ਵੀ ਪੱਲੇ ਦੀ ਕੰਨੀ ਘੁੱਟ ਕੇ ਬੰਨ੍ਹਣੀ ਹੈ ਕਿ ਹਮੇਸ਼ਾ ਮਿੱਠੇ ਬੋਲ ਹੀ ਵਰਤਾਏ ਜਾਣ। ਜ਼ਿੰਦਗੀ ਦੇ ਲੰਮੇ ਸਫਰ ਵਿੱਚ ਕਈ ਵਾਰੀ ਗਰਮੀ ਸਰਦੀ ਚਲਦੀ ਰਹਿੰਦੀ ਹੈ। ਪਰ ਮਿੱਠੇ ਬੋਲ ਰਿਸ਼ਤੇ ਦਾ ਨਿੱਘ ਗੁਆਚਣ ਨਹੀਂ ਦਿੰਦੇ। ਕਿਸੇ ਮਹਾਤਮਾ ਬੁਧੀਮਾਨ ਦਾ ਜ਼ਿਕਰ ਹੈ ਕਿ–

"ਕੌੜੇ ਬਚਨ ਬੋਲਣ ਜਿਹੜੇ ਕੌੜੇ ਵਾਕ ਉਚਾਰਨ।
ਆਪਣੇ ਦੁਖਾਂ ਦੇ ਬਣ ਜਾਵਣ ਆਪੇ ਹੀ ਉਹ ਕਾਰਨ।
ਹਿੰਸਾ ਵਾਲੀ ਬੋਲੀ ਲਾਵੇ ਹਿੰਸਾ ਦਾ ਪ੍ਰਤੀਫਲ,
ਪਿਆਰ ਦੀ ਬੋਲੀ ਬੋਲਣ ਵਾਲੇ ਜਗ ਦਾ ਦੁਖ ਨਿਵਾਰਨ।

ਸੰਸਾਰ ਦੇ ਅੰਦਰ ਚੰਗੇ ਲੋਕਾਂ ਦੇ ਚੰਗੇ ਮਿੱਠੇ ਬੋਲ ਹੀ ਤਾਂ ਗ੍ਰੰਥਾਂ ਦਾ ਰੁਖ ਅਖਤਿਆਰ ਕਰ ਲੈਂਦੇ ਹਨ। ਜਿਹਨਾਂ ਵਿਚੋਂ ਫਿਰ ਸੰਸਾਰੀ ਲੋਕ ਜੀਵਨ ਜਿਉਣ ਦੀਆਂ ਜੁਗਤੀਆਂ ਸਿਖਦੇ ਹਨ। ਸਧਾਰਨ ਜਹੇ, ਜਾਂ ਅਖੌਤੀ ਨੀਵੀਆਂ ਜ਼ਾਤਾਂ ਜਾਂ ਗਰੀਬੜੇ ਜਹੇ ਪ੍ਰੀਵਾਰਾਂ ਵਿੱਚ ਜਨਮ ਲੈ ਕੇ ਰੱਬੀ ਪ੍ਰੀਤ ਵਿੱਚ ਗਾਏ ਖੁਸ਼ੀ ਦੇ ਬੋਲਾਂ ਨੇ ਹੀ ਤਾਂ ਅਜਿਹੇ ਪੁਰਖਾਂ ਨੂੰ ਭਗਤ, ਸੰਤ, ਮਹਾਤਮਾ ਹੀ ਨਹੀਂ ਕਹਿਲਾਇਆ ਬਲਕਿ ਕਬੀਰ ਸਾਹਿਬ, ਰਵੀਦਾਸ ਜੀ ਵਰਗਿਆਂ ਦੇ ਸੀਸ ਤੇ ਝੁਲਦੇ ਚੌਰ ਅੱਜ ਮਨੁੱਖੀ ਜ਼ਿੰਦਗੀ ਲਈ ਸੱਚੀ ਅਗਵਾਈ ਹਨ। ਸਿਰਫ ਇਕ ਬੋਲੀ ਦਾ ਹੀ ਕਾਰਨ ਹੁੰਦਾ ਹੈ ਕਿ ਇਕ ਬੰਦੇ ਦੀ ਕੋਈ ਗੱਲ ਸੁਣਨ ਲਈ ਤਿਆਰ ਨਹੀਂ, ਪਰ ਦੂਜੇ ਪਾਸੇ ਪੈਸੇ ਖਰਚ ਕੇ ਆਪਣਾ ਕੀਮਤੀ ਵਕਤ ਛੱਡਕੇ, ਵਿਸ਼ੇਸ ਤੌਰ ਤੇ ਦੂਰੋਂ ਦੂਰੋਂ ਆ ਕੇ ਕਈਆਂ ਦੇ ਬੋਲ ਸੁਣਨ ਵਾਸਤੇ ਲੋਕ (ਭਾਵ ਸੰਗਤ) ਵਿਚ ਜਾਂਦੇ ਹਨ। ਕਥਾਕਾਰ ਕਰੀਬ ਅਜਿਹੇ ਹੀ ਲੋਕਾਂ ਵਿੱਚ ਗਿਣੇ ਜਾਂਦੇ ਹਨ, ਜਿਨ੍ਹਾਂ ਕੋਲੋਂ ਸੰਸਾਰੀ ਪੁਰਖ ਪੈਸੇ ਖਰਚ ਕੇ ਵੀ ਸੁਣਨਾ ਚਾਹੁੰਦੇ ਹਨ। ਕਈਆਂ ਦੇ ਬੋਲਾਂ ਕਾਰਨ ਹੀ ਸੰਸਾਰ ਕਹਿ ਉੱਠਦਾ ਹੈ ਕਿ ਫਲਾਣਾ ਬੰਦਾ ਜਦੋਂ ਬੋਲਦਾ ਹੈ, ਤਾਂ ਉਸ ਦੇ ਮੁਖ ਤੋਂ ਤਾਂ ਮਾਨੋਂ ਫੁੱਲ ਕਿਰਦੇ ਹਨ, ਪਰ ਕਈਆਂ ਦਾ ਬੋਲਣਾ ਸਦੀਵ

ਦੁਖ ਹੀ ਦਿੰਦਾ ਹੈ।

ਇਕ ਵਾਰੀ ਇਕ ਇਸਤ੍ਰੀ ਕਿਸੇ ਫਕੀਰ ਕੋਲ ਗਈ। ਜਾ ਕੇ ਬੇਨਤੀ ਕਰਨ ਲੱਗੀ ਕਿ ਬਾਬਾ ਜੀ ਮੈਂ ਬਹੁਤ ਦੁਖੀ ਹਾਂ। ਮੇਰਾ ਪਤੀ ਮੇਰੀ ਗੱਲ ਨਹੀਂ ਸੁਣਦਾ। ਮੇਰਾ ਸਹੁਰਾ, ਮੇਰੀ ਸੱਸ ਸਭ ਮੇਰੇ ਦੁਸ਼ਮਣ ਹਨ। ਸਾਰੀ ਦਿਹਾੜੀ ਕੰਮਕਾਰ ਕਰਦੀ ਹਾਂ, ਪਰ ਹਰ ਕੋਈ ਮੈਨੂੰ ਦੁਰਕਾਰਦਾ ਹੀ ਰਹਿੰਦਾ ਹੈ। ਮੇਰੀ ਨਨਾਣ ਤਾਂ ਮਾਨੋ ਕਲੇਸ਼ ਦੀ ਜੜ੍ਹ ਹੈ, ਇਥੋਂ ਤਕ ਮੇਰੀ ਕੁਖੋਂ ਜਾਏ ਵੀ ਮੇਰੇ ਨਾਲ ਦੁਸ਼ਮਣਾਂ ਵਾਲਾ ਵਿਹਾਰ ਕਰਦੇ ਹਨ। ਭਾਵ ਮੇਰੇ ਧੀਆਂ ਪੁੱਤਰ ਵੀ ਮੈਨੂੰ ਪਿਆਰ ਨਹੀਂ ਕਰਦੇ। ਮੈਂ ਬਹੁਤ ਵਸੀਲੇ ਕਰਕੇ ਹਾਰ ਗਈ ਹਾਂ, ਤੁਹਾਡੀ ਮਹਿਮਾ ਸੁਣ ਕੇ ਤੁਹਾਡੇ ਕੋਲ ਆਈ ਹਾਂ, ਕੋਈ ਮੇਰਾ ਉਪਾ ਹੀ ਕਰੋ, ਸੰਤ ਮਹਾਤਮਾ ਦੁਖੀਆਂ ਦੇ ਦੁੱਖੜੇ ਦੂਰ ਕਰਨ ਲਈ ਹੀ ਸੰਸਾਰ ਵਿੱਚ ਆਉਂਦੇ ਹਨ।

ਮਹਾਤਮਾ ਬੰਦਗੀ ਵਾਲੇ ਪੁਰਖ ਸਨ ਉਹਨਾਂ ਸਾਰੀ ਗੱਲ ਸਮਝ ਲਈ। ਬੀਬੀ ਨੂੰ ਬਿਠਾ ਕੇ ਇਕ ਤਵੀਤ ਦਿਤਾ ਤੇ ਨਾਲ ਹੀ ਕਿਹਾ ਕਿ ਇਸਨੂੰ ਲੰਮੀ ਜਿਹੀ ਕਿਸੇ ਡੋਰੀ ਨਾਲ ਬੰਨ੍ਹ ਕੇ ਗਲ ਵਿੱਚ ਪਾ ਲੈਣਾ। ਜਦੋਂ ਵੀ ਤੇਰੀ ਸੱਸ ਜਾਂ ਸਹੁਰਾ ਜਾਂ ਫਿਰ ਹੋਰ ਕੋਈ ਘਰ ਦਾ ਮੈਂਬਰ ਤੈਨੂੰ ਕੁਝ ਬੋਲੇ ਤਾਂ, ਤੂੰ ਤਵੀਤ ਨੂੰ ਮੂੰਹ ਵਿਚ ਪਾ ਕੇ ਚੰਗੀ ਤਰ੍ਹਾਂ ਦਬਾ ਦੇਣਾ। ਬੱਸ ਇਹੋ ਹੀ ਜੁਗਤੀ ਹੈ, ਜਿੰਨਾ ਤਵੀਤ ਦਬਾਇਆ ਜਾਏਗਾ, ਉਤਨਾ ਹੀ ਘਰ ਦਾ ਮਾਹੌਲ ਸੁਖਾਵਾਂ ਹੁੰਦਾ ਜਾਏਗਾ। ਬੀਬੀ ਨੇ ਅਜਿਹਾ ਹੀ ਕੀਤਾ। ਘਰ ਦਾ ਸਾਰਾ ਮਾਹੌਲ ਸੁਖਾਵਾਂ ਹੋ ਗਿਆ। ਬੀਬੀ ਕੁਝ ਸਮੇਂ ਮਗਰੋਂ ਫਿਰ ਆਪਣੇ ਪਤੀ ਸਮੇਤ ਮਹਾਂਪੁਰਖ ਕੋਲ ਆਈ ਤੇ ਧੰਨਵਾਦ ਕਰ ਦਿਆਂ ਕਹਿਣ ਲੱਗੀ ਕਿ ਬਾਬਾ ਜੀ ਇਹ ਤਵੀਤ ਬਹੁਤ ਕੀਮਤੀ ਹੈ, ਇਸ ਵਿਚ ਬੜੀ ਕਰਾਮਾਤ ਹੈ ਤਾਂ ਮਹਾਂਪੁਰਖ ਹੱਸ ਕੇ ਕਹਿਣ ਲੱਗੇ ਕਿ ਬੀਬੀ ਜੀ ਅਸਲ ਵਿੱਚ ਇਸ ਤਵੀਤ ਵਿੱਚ ਕੁਝ ਵੀ ਨਹੀਂ ਇਹ ਸਾਰਾ ਤੇਰਾ ਭਰਮ ਹੈ। ਘਰ ਦੇ ਮਾਹੌਲ ਵਿਗੜਨ ਦਾ ਕਾਰਨ ਹੀ ਸਿਰਫ ਤੇਰੀ ਬੋਲੀ ਸੀ। ਹੁਣ ਤਵੀਤ ਦੰਦਾਂ ਥੱਲੇ ਦਬਾਉਣ ਕਾਰਨ ਤੂੰ ਕੁਝ ਬੋਲ ਨਹੀਂ ਸੀ ਸਕਦੀ। ਜਿਸ ਕਰਕੇ ਤੇਰੇ ਕੌੜੇ ਬਚਨ ਸ਼ਾਂਤੀ ਵਿਚ ਬਦਲਣ ਨਾਲ ਹੀ ਸਾਰੇ ਘਰ ਦਾ ਵਾਤਾਵਰਣ ਸ਼ਾਂਤ ਹੋ ਗਿਆ। ਪਰ ਜੇਕਰ ਮੈਂ ਤੈਨੂੰ ਵੈਸੇ ਸਮਝਾਉਂਦਾ ਤੂੰ ਦਲੀਲਾਂ ਨਾਲ ਮੇਰਾ ਵੀ ਸਮਾਂ ਖਰਾਬ ਕਰਨਾ ਸੀ ਅਤੇ ਸੁਧਾਰ ਵੀ ਕੋਈ ਨਹੀਂ ਹੋਣਾ ਸੀ। ਇਸ ਲਈ ਤਵੀਤ ਕੁਝ ਵੀ ਨਹੀਂ, ਇਹ ਸਾਰਾ ਤੇਰੇ ਪ੍ਰੀਵਾਰ ਵਲੋਂ ਮਿਲਿਆ ਪਿਆਰ ਅਸਲ ਵਿੱਚ ਤੇਰੇ ਵਿੱਚ ਹੀ ਆਇਆ ਹੋਇਆ ਸੁਧਾਰ ਹੈ। ਬੀਬੀ ਸਾਰੀ ਗੱਲ ਸਮਝ ਗਈ ਤੇ ਕੌੜੇ ਬਚਨ ਤੋਂ ਤੋਬਾ ਕਰਕੇ ਮਿੱਠਾ ਬੋਲਣਾ ਪ੍ਰਵਾਨ ਕਰਕੇ ਤੁਰ ਗਈ। ਕਿਸੇ ਵਿਦਵਾਨ ਪੁਰਖ ਦਾ ਬਚਨ ਹੈ।

ਆਗਿਆਕਾਰੀ ਸੁਤ ਅਰ ਮਿੱਠ ਬੋਲੜੀ ਨਾਰ।
ਧੰਨ ਆਪਣੇ ਸੰਤੋਖ ਮਨ ਇਹ ਸਵਰਗੀ ਨਿਸ਼ਾਨੀ ਚਾਰ।

ਸੰਸਾਰ ਵਿੱਚ ਭਾਵੇਂ ਸਾਂਝ ਤਾਂ ਕਈ ਤਰ੍ਹਾਂ ਦੀ ਹੁੰਦੀ ਹੈ, ਪਰ ਸਭ ਤੋਂ ਵੱਧ ਸਾਂਝ ਕੇਵਲ ਬੋਲਾਂ ਦੀ ਹੈ। ਅੱਜ ਸਾਇੰਸ ਨੇ ਅਨੇਕਾਂ ਜ਼ਿੰਦਗੀ ਦੇ ਖਿਡੌਣੇ ਮਨੁੱਖ ਦੀ ਝੋਲੀ ਵਿੱਚ ਸਿਰਫ ਬੋਲਾਂ ਦੀ ਸਾਂਝ ਲਈ ਪਾਏ ਹਨ। ਕਦੀ ਬੋਲ ਵਟਾਂਦਰੇ ਲਈ ਚਿੱਠੀਆਂ ਪੜ੍ਹੀਆਂ ਲਿਖੀਆਂ ਜਾਂਦੀਆਂ ਸਨ, ਪਰ ਅੱਜ ਅਨੇਕਾਂ ਪੜਾਅ ਪਾਰ ਕਰਕੇ ਹਰ ਮਨੁੱਖ ਆਪਣੇ ਕੋਲ ਫੋਨ ਰੱਖਣ ਦੀ ਕੋਸ਼ਿਸ਼ ਵਿਚ ਹੈ। ਅਸਲ ਵਿਚ ਇਹ ਬੋਲਾਂ ਦੀ ਹੀ ਸਾਂਝ ਦਾ ਦੂਜਾ ਰੂਪ ਹੈ।

ਦੁਨੀਆਂ ਭਰ ਵਿੱਚ ਬਹੁਤ ਵਾਰੀ ਹਰ ਲੜਾਈ ਦਾ ਮੁੱਢ ਕੇਵਲ ਕੌੜੇ ਬੋਲਾਂ ਤੋਂ ਬੱਝਾ ਫੇਨ ਫਿਰ ਇਨ੍ਹਾਂ ਕੌੜੇ ਬੋਲਾਂ ਨੇ ਬਦਲ ਕੇ ਤਲਵਾਰਾਂ, ਤੋਪਾਂ ਬੰਦੂਕਾਂ ਆਦਿਕ ਦਾ ਰੂਪ ਅਖਤਿਆਰ ਕਰਕੇ ਤਬਾਹੀ ਮਚਾਈ। ਪਰ ਫਿਰ ਹੱਲ ਵੀ ਕੇਵਲ ਸਮਝੌਤੇ ਦੇ ਬੋਲਾਂ ਨਾਲ ਹੀ ਹੋਇਆ। ਇਸੇ ਕਰਕੇ ਹੀ ਬਹੁਤੀ ਵਾਰੀ ਸਿਆਣੇ ਲੋਕ ਵੱਡੇ ਕਹਿਰਾਂ ਤੋਂ ਬਚਣ ਲਈ ਕਿਸੇ ਦੇ ਕੌੜੇ ਬੋਲਾਂ ਦਾ ਮੁਕਾਬਲਾ ਕਰਨ ਦੀ ਬਜਾਇ ਨਿਮਰਤਾ ਦੀ ਢਾਲ ਨਾਲ ਕਿਸੇ ਦੇ ਕੌੜੇ ਬੋਲ ਸਹਾਰ ਕੇ ਵੀ ਆਪਣੀ ਜ਼ਿੰਦਗੀ ਸੁਖਮਈ ਬਣਾਈ ਰੱਖਦੇ ਹਨ। ਸ਼ੇਖ ਸ਼ਾਅਦੀ ਦੀ ਇਕ ਬੜੀ ਸੁੰਦਰ ਤੇ ਭਾਵਪੂਰਤ ਗਾਥਾ ਹੈ ਕਿ ਇਕ ਵਾਰੀ ਕਿਸੇ ਫਕੀਰ ਨੂੰ ਕਿਸੇ ਬੋਲ ਵਿਗਾੜ ਨੇ ਈਰਖਾ ਵਸ ਕਈ ਕੌੜੇ ਬਚਨ ਬੋਲੇ। ਫਕੀਰ ਚੁਪਚਾਪ ਸੁਣਦਾ ਰਿਹਾ, ਆਖੀਰ ਵਿੱਚ ਬੜੀ ਨਿਮਰਤਾ ਨਾਲ ਹੱਥ ਜੋੜ ਕੇ ਕਹਿਣ ਲੱਗਾ ਕਿ ਭਰਾਵਾ ਤੇਰਾ ਬਹੁਤ ਬਹੁਤ ਧੰਨਵਾਦ, ਅਸਲ ਵਿਚ ਮੈਂ ਖੁਦ ਹੀ ਇਹ ਸਰੀਰ ਦੇ ਕੋਠੇ ਵਿੱਚ ਰਹਿੰਦਿਆਂ ਇਸ ਵਿਚ ਇਤਨੀਆਂ ਕਮੀਆਂ ਹਨ ਕਦੇ ਵੇਖ ਨਹੀਂ ਸਕਿਆ ਸਾਂ। ਪਰ ਤੁਹਾਡੀ ਕਿਰਪਾ ਨਾਲ ਮੈਨੂੰ ਪਤਾ ਲੱਗ ਗਿਆ। ਹੁਣ ਮੈਂ ਕੋਸ਼ਿਸ਼ ਕਰਕੇ ਇਨਾਂ ਕਮੀਆਂ ਵੱਲ ਧਿਆਨ ਦੇ ਕੇ ਆਪਣੇ ਜੀਵਨ ਨੂੰ ਹੋਰ ਸੁਧਾਰਨ ਦੀ ਕੋਸ਼ਿਸ਼ ਕਰਾਂਗਾ। ਕੌੜਾ ਬੋਲਣ ਵਾਲੇ ਨੂੰ ਫਕੀਰ ਦੇ ਬਚਨਾਂ ਨੇ ਝੰਝੋੜ ਕੇ ਰੱਖ ਦਿੱਤਾ ਕਿ ਇਕ ਫਕੀਰ ਹੋ ਕੇ ਵੀ ਕੌੜੇ ਬਚਨ ਸੁਣ ਕੇ ਮੇਰੇ ਨਾਲ ਲੜਨ ਦੀ ਬਜਾਇ ਉਲਟਾ ਆਪਣਾ ਹੀ ਜੀਵਨ ਹੋਰ ਸੁਧਾਰਨ ਦੀ ਗੱਲ ਕੀਤੀ ਹੈ, ਪਰ ਮੈਂ ਅਤਿ ਦਾ ਕੌੜਾ ਬੋਲ ਕੇ ਵੀ ਸੁਧਾਰਨ ਦੀ ਸੋਚ ਵੀ ਨਹੀ ਸਕਿਆਂ। ਇਸ ਨੇ ਭੱਜ ਕੇ ਮਹਾਤਮਾ ਦੇ ਚਰਨ ਪਕੜ ਲਏ ਤੇ ਆਪਣੇ ਆਪ ਨੂੰ ਸੁਧਾਰਨ ਲਈ ਵੀ ਵਾਅਦਾ ਕੀਤਾ। ਸਿਆਣਿਆਂ ਸੱਚ ਕਿਹਾ ਹੈ ਕਿ ਤਲਵਾਰ ਜਿੰਨੀ ਮਰਜ਼ੀ ਤਿੱਖੀ ਹੋਵੇ ਪਰ ਉਹ ਲਚਕਦਾਰ ਰੇਸ਼ਮ ਦੇ ਗੁਛਿਆਂ ਨੂੰ ਨਹੀਂ ਕੱਟ ਸਕਦੀ। ਪ੍ਰੋ: ਪੂਰਨ ਸਿੰਘ ਜੀ ਦਾ ਇਕ ਬੜਾ ਸੁੰਦਰ ਬਚਨ ਹੈ ਕਿ "ਜਦ ਆਪਣਾ ਅੰਦਰ ਕਿਸੀ ਅੰਦਰਲੀ ਦੌਲਤ ਨਾਲ ਭਰਿਆ ਹੁੰਦਾ

ਹੈ ਤਾਂ ਗਰਮੀਆਂ ਨੂੰ ਉਹਦੀ ਠੰਡ ਅਤੇ ਸਰਦੀਆਂ ਨੂੰ ਉਹਦੀ ਨਿੱਘ ਕਾਲਜੇ ਨੂੰ ਇਕ ਅਕਹਿ ਜਿਹੇ ਸੁੱਖ ਵਿੱਚ ਰੱਖਦੀ ਹੈ, ਤਦ ਫਿਕਾ ਬੋਲਣ ਹੋ ਹੀ ਨਹੀਂ ਸਕਦਾ।

ਗੁਰੂ ਘਰ ਦੇ ਲਮੇਰੇ ਇਤਿਹਾਸ ਵਿੱਚ ਵੀ ਪ੍ਰਤੱਖ ਦੋ ਪਾਤਰ ਉਘੜ ਕੇ ਆਉਂਦੇ ਹਨ ਜਦੋਂ ਕੋਈ ਜਗਿਆਸੂ ਦਾਨੀ ਸੋਚ ਧਾਰਨ ਕਰਕੇ ਪੜ੍ਹਦਾ ਹੈ। ਇਕ ਪਾਸੇ ਗੁਰੂ ਨਾਨਕ ਸਾਹਿਬ ਜੀ ਦੇ ਪੁੱਤਰ ਗੁਰਗੱਦੀ ਨਾ ਪ੍ਰਾਪਤ ਕਰਨ ਦੇ ਦੁੱਖ ਨੂੰ ਕੌੜੇ ਬਚਨਾਂ ਵਿਚ ਪ੍ਰਗਟ ਕਰਦੇ ਹਨ। ਪਰ ਦੂਜੇ ਪਾਸੇ ਗੁਰੂ ਅੰਗਦ ਸਾਹਿਬ ਜੀ ਸ਼ਾਂਤੀ ਪੂਰਵਕ ਸਹਾਰਦੇ ਸਨ। ਫਿਰ ਗੁਰੂ ਅੰਗਦ ਸਾਹਿਬ ਜੀ ਦੇ ਬੇਟੇ ਤਾਂ ਕੌੜੇ ਬੋਲਾਂ ਨਾਲ ਲੱਤਾਂ ਵੀ ਮਾਰਨ ਲੱਗ ਪਏ, ਪਰ ਅਜਿਹਾ ਮੁਕਾਬਲਾ ਸੰਸਾਰ ਵਿਚ ਹੋਰ ਕਿਧਰੇ ਮਿਲਣਾ ਔਖਾ ਹੈ, ਜਿਹੋ ਜਿਹਾ ਮੁਕਾਬਲਾ ਗੁਰੂ ਅਮਰਦਾਸ ਜੀ ਨੇ ਲੱਤ ਦਾ ਮਤਿ ਨਾਲ ਕੀਤਾ। ਅੱਗੇ ਗੁਰੂ ਅਮਰਦਾਸ ਜੀ ਦੀ ਔਲਾਦ ਵਿਚੋਂ ਮੁਹਰੀ ਪੁਤਰ ਸਨਮੁੱਖ ਹੋ ਗਿਆ। ਪਰ ਬਾਬਾ ਮੋਹਨ ਜੀ ਨੇ ਅੰਦਰ ਦੀ ਭੜਾਸ ਕੱਢਣ ਲਈ ਤੱਤੇ ਸ਼ਬਦ ਵੀ ਬੋਲੇ। ਪਰ ਗੁਰੂ ਰਾਮਦਾਸ ਜੀ ਧੰਨ ਸਨ, ਜਿਨ੍ਹਾਂ ਸ਼ਾਂਤੀ ਦਾ ਹੀ ਸਬਕ ਦਿਤਾ। ਅੱਗੇ ਫਿਰ ਅਜਿਹਾ ਹੀ ਬਾਬਾ ਪ੍ਰਿਥੀਚੰਦ ਤੇ ਗੁਰੂ ਅਰਜਨ ਸਾਹਿਬ ਜੀ, ਬਾਬਾ ਧੀਰਮਲ ਤੇ ਗੁਰੂ ਤੇਗ ਬਹਾਦਰ ਸਾਹਿਬ ਜੀ ਆਖਿਰ ਇਕ ਨਿਰਣਾ ਮਿਲਦਾ ਹੈ ਕਿ ਕੋਈ ਤੀਲੀ ਕਿਸੇ ਦਾ ਹੀ ਘਰ ਨਹੀਂ ਸਾੜਦੀ ਬਲਕਿ ਪਹਿਲਾਂ ਆਪਣੇ ਵੀ ਮੂੰਹ ਸਾੜਦੀ ਹੈ। ਕਿਉਕਿ ਸੜਦੀ ਤੀਲੀ ਹੀ ਕਿਸੇ ਨੂੰ ਸਾੜ ਦਿੰਦੀ ਹੈ।

ਸੋ ਭਗਤ ਫਰੀਦ ਜੀ ਦੇ ਹਿਰਦੇ ਰੂਪ ਸਮੁੰਦਰ ਵਿਚੋਂ ਪੈਦਾ ਹੋਈਆਂ ਸੰਸਾਰ ਦੇ ਭਲੇ ਲਈ ਠੰਡੀਆਂ ਮਿੱਠੀਆਂ ਲਹਿਰਾਂ ਵਿਚੋਂ ਇਸ ਲਹਿਰ ਨਾਲ ਆਪਾ ਸ਼ਾਂਤ ਕਰ ਰਹੇ ਸਾਂ ਕਿ—

ਨਿਵਣੁ ਸੁ ਅਖਰੁ ਖਵਣੁ ਗੁਣੁ ਜਿਹਬਾ ਮਣੀਆ ਮੰਤੁ ॥
ਏ ਤ੍ਰੈ ਭੈਣੇ ਵੇਸ ਕਰਿ ਤਾਂ ਵਸਿ ਆਵੀ ਕੰਤੁ ॥੧੨੭॥

(ਪੰਨਾ ੧੩੮੪)

ਜੇ ਇਨਾਂ ਦੇ ਮੰਨਣ ਵਾਲਾ ਪ੍ਰਭੂ ਪਤੀ ਦਾ ਮਿਲਾਪ ਪਾ ਸਕਦਾ ਹੈ ਤਾਂ ਕੀ ਆਪਾਂ ਆਪਣੀ ਜ਼ਿੰਦਗੀ ਵਿੱਚ ਨਿਰਬਾਹ ਕਰਕੇ ਇਸ ਨੂੰ ਸੁਖਾਂ ਦੇ ਫਲਾਂ ਲੱਦੀ ਸੇਜ ਨਹੀਂ ਬਣਾ ਸਕਦੇ ?

ਸੋ ਅੱਜ ਵਿਆਹ ਦੇ ਨਾਲ ਨਾਲ ਨਿਰਬਾਹ ਦੀ ਸਿਖਿਆ ਦਿੰਦਿਆਂ ਸਾਹਿਬ ਜੀ ਨੇ ਮਿੱਠਾ ਬੋਲ ਕੇ ਪ੍ਰੀਤ ਦੀਆਂ ਗੰਢਾਂ ਪੱਕੀਆਂ ਕਰਨ ਦਾ ਸਬਕ ਵੀ ਸਿਖਾਇਆ ਹੈ। ਐਸਾ ਹੀ ਜੋੜਾ ਸੰਸਾਰ ਦੇ ਲੋਕਾਂ ਲਈ ਜ਼ਿੰਦਗੀ ਦਾ ਮਾਡਲ ਪੇਸ਼ ਕਰ ਸਕਦਾ ਹੈ, ਜਿਸ ਨਾਲ ਕੇਵਲ ਮਾਪੇ ਹੀ ਨਹੀਂ ਬਲਕਿ ਹਰ ਸੰਬੰਧੀ ਮਾਣ ਕਰੇਗਾ। ☆

ਏਕ ਜੋਤਿ ਦੁਇ ਮੂਰਤੀ

ਪ੍ਰੀਤ ਦੀ ਦੁਨੀਆਂ ਦੇ ਵਣਜਾਰਿਆਂ ਵਿੱਚ ਇਕ ਪ੍ਰਮੁੱਖ ਗੁਣ ਹੁੰਦਾ ਹੈ ਕਿ ਇਹਨਾਂ ਦੀ ਜ਼ਿੰਦਗੀ ਵਿੱਚ ਮੈਂ ਨਹੀਂ ਵਸ ਸਕਦੀ। ਪ੍ਰੀਤਾਂ ਦੇ ਵਣਜਾਰੇ ਮੈਂ ਦਾ ਖ਼ਾਤਮਾ ਕਰਕੇ ਤੂੰ ਦੀ ਦਾਤ ਨੂੰ ਸੰਭਾਲਦੇ ਹਨ। ਜਿਥੇ ਪ੍ਰੀਤ ਦਿਲਾਂ ਨੂੰ ਰੁਸ਼ਨਾਉਂਦੀ ਹੋਵੇ ਉਥੇ ਮੈਂ ਮੇਰੀ ਦਾ ਹਨੇਰਾ ਨਹੀਂ ਹੁੰਦਾ। ਐਸੀ ਅਵਸਥਾ ਦਾ ਜ਼ਿਕਰ ਰੱਬੀ ਬਾਣੀ ਵਿੱਚ ਬਾਖ਼ੂਬੀ ਹੈ ਕਿ—

"ਜਬ ਹਮ ਹੋਤੇ ਤਬ ਤੂ ਨਾਹੀ ਅਬ ਤੂਹੀ ਮੈ ਨਾਹੀ ॥
ਅਨਲ ਅਗਮ ਜੈਸੇ ਲਹਰਿ ਮਇ ਓਦਧਿ ਜਲ ਕੇਵਲ ਜਲ ਮਾਂਹੀ ॥੧॥

(ਪੰਨਾ ੬੫੭)

ਪ੍ਰੀਤ ਜੀਵ ਨੂੰ ਅੰਦਰੋਂ ਇਕ ਕਰ ਦੇਂਦੀ ਹੈ। ਮਿਲਾਪ ਅਸਲ ਵਿਚ ਹੁੰਦਾ ਹੀ ਅੰਦਰੋਂ ਹੈ, ਬਾਹਰੀ ਮਿਲਾਪ ਤਾਂ ਕਿਸੇ ਸੁਆਰਥ ਦੀ ਗੰਢ ਹੁੰਦੀ ਹੈ। ਜਿਹੜੀ ਸੁਆਰਥ ਦੇ ਪੂਰਾ ਹੋਣ ਨਾਲ ਖੁੱਲ੍ਹ ਜਾਂਦੀ ਹੈ। ਪਰ ਜਦੋਂ ਦੋ ਜਿਸਮਾਂ ਦੇ ਅੰਦਰ ਵੱਸਦੀ ਜੋਤਿ ਇਕ ਹੋ ਜਾਵੇ, ਤਦ ਹੀ ਪ੍ਰੀਤ ਉਚਾਈਆਂ ਨੂੰ ਛੂੰਹਦੀ ਹੈ। ਇਕ ਅੰਦਰੋਂ ਹੀ ਹੋਇਆ ਜਾਂਦਾ ਹੈ, ਬਾਹਰ ਤਾਂ ਅਨੇਕਤਾ ਹੈ। ਏਕਤਾ ਤਾਂ ਕੇਵਲ ਅੰਦਰ ਦੀ ਹੁੰਦੀ ਹੈ। ਕਾਦਰ ਦੀ ਕੁਦਰਤ ਵਲ ਵੀ ਝਾਤ ਮਾਰਿਆਂ ਇਹ ਗੁੰਝਲ ਖੁੱਲ੍ਹ ਜਾਂਦੀ ਹੈ। ਕੁਦਰਤ ਵਿਚ ਅਨੇਕਤਾ ਹੈ ਪਰ ਅੰਦਰੋਂ ਸਭ ਵਿੱਚ ਇਕ ਜੋਤਿ ਹੋਣ ਕਰਕੇ ਸਾਰੀ ਕਾਇਨਾਤ ਅੰਦਰੋਂ ਇਕ ਹੀ ਹੈ। ਫੁਲਾਂ ਦੀ ਬਗੀਚੀ ਵਿੱਚ ਜਾ ਕੇ ਦੇਖੀਏ ਤਾਂ ਹਰ ਫੁੱਲ ਇਕ ਵੱਖਰੀ ਤਰ੍ਹਾਂ ਦੇ ਰੰਗ ਰੂਪ ਦਾ ਮਾਲਿਕ ਹੈ। ਪਰ ਸਾਰਿਆਂ ਦੀ ਖੁਸ਼ਬੋ ਕੇਵਲ ਇਕ ਹੈ। ਖੁਸ਼ਬੋ ਹਰ ਫੁਲ ਵਿੱਚ ਵੱਖਰੀ ਨਹੀਂ ਹੁੰਦੀ। ਗਾਵਾਂ, ਮੱਝਾਂ ਰੂਪ ਰੰਗ ਸੁਭਾਅ ਆਦਿਕ ਕਰਕੇ ਬਾਹਰੋਂ ਵੱਖੋ ਵੱਖਰੀ ਤਰ੍ਹਾਂ ਦੀਆਂ ਹੋ ਸਕਦੀਆਂ ਹਨ, ਪਰ ਦੁੱਧ ਸਾਰੀਆਂ ਦਾ ਸਫੈਦ (ਚਿੱਟਾ) ਤੇ ਦੁੱਧ ਕੋਈ ਵੱਖਰੀ ਕਿਸਮ ਦਾ ਨਹੀਂ ਹੁੰਦਾ। ਮੱਝਾਂ ਗਾਵਾਂ ਇਕੱਠੀਆਂ ਇਕ ਥਾਂ ਤੇ ਚੁਗਦੀਆਂ ਰਹਿੰਦੀਆਂ ਹੋਵਣ ਪਰ ਪਹਿਚਾਣ ਸਾਰੀ ਜ਼ਿੰਦਗੀ ਵੱਖੋ ਵੱਖਰੀ ਹੈ। ਦੁੱਧ ਇਕ ਵਾਰੀ ਇਕੱਠਾ ਕਰ ਦਿਤਾ, ਮੁੜ ਪਹਿਚਾਣ ਖਤਮ ਹੋ ਜਾਏਗੀ ਬਾਕੀ ਕੇਵਲ ਇਕ ਦੁੱਧ ਦੁੱਧ ਹੀ ਹੋਵੇਗਾ, ਕਿਸੇ ਕਾਲੀ ਗੋਰੀ ਮੱਝ ਜਾਂ ਗਾਂ ਦਾ ਨਹੀਂ। ਸਮੁੰਦਰ ਦੀਆਂ ਲਹਿਰਾਂ ਅਨੇਕ ਹੋ ਸਕਦੀਆਂ ਹਨ, ਪਰ ਅੰਦਰੋਂ ਸਮੁੰਦਰ ਇਕ ਹੈ। ਗਹਿਣੇ ਅਨੇਕ ਹੋ ਸਕਦੇ ਹਨ, ਪਰ ਅੰਦਰਲੀ ਸਾਂਝ ਸਾਰਿਆਂ ਵਿੱਚ ਸੋਨਾ ਇਕ ਹੀ ਹੈ, ਦੀਵੇ

ਜਾਂ ਚਾਨਣ ਦੇ ਸਰੋਤ ਵੱਖੋ ਵੱਖਰੇ ਹੋ ਸਕਦੇ ਹਨ ਪਰ ਚਾਨਣ ਇਕ ਹੀ ਹੈ। ਬਿਲਕੁਲ ਇਸ ਤਰ੍ਹਾਂ ਹੀ ਸਰੀਰ ਜਾਂ ਜਿਸਮ ਵੱਖੋ ਵੱਖਰੇ ਹੋ ਸਕਦੇ ਹਨ ਪਰ ਜੋਤਿ ਇਕ ਹੀ ਹੈ।

"ਸਭ ਮਹਿ ਜੋਤਿ ਜੋਤਿ ਹੈ ਸੋਇ॥
ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ॥" (ਪੰਨਾ ੧੩)

ਜਿਸ ਪਤੀ-ਪਤਨੀ ਦਾ ਮਿਲਾਪ ਕੇਵਲ ਜਿਸਮਾਂ ਦਾ ਮਿਲਾਪ ਨਹੀਂ ਬਲਕਿ ਦੋ ਰੂਹਾਂ ਦਾ ਮਿਲਾਪ ਹੈ, ਐਸਾ ਘਰ ਹੀ ਗ੍ਰਹਿਸਤ ਦਾ ਧਾਰਨੀ ਕਹਿਲਾ ਸਕਦਾ ਹੈ। ਕਿਉਂਕਿ ਗ੍ਰਹਿਸਤ ਦਾ ਅਰਥ ਹੀ ਇਹ ਹੈ ਗ੍ਰਹਿ ਦਾ ਘਰ ਅਤੇ ਸਤ ਦਾ ਅਰਥ ਸੱਚ ਹੁੰਦਾ ਹੈ। ਇਹ ਮਿਲਾਪ ਰੂਹਾਂ ਦਾ ਹੋਣ ਕਰਕੇ ਅੰਦਰੋਂ ਇਕ ਪ੍ਰੀਤ ਦੀ ਡੋਰੀ ਨਾਲ ਬੰਨ੍ਹਿਆ ਹੁੰਦਾ ਹੈ।

ਵੀਚਾਰਵਾਨਾਂ ਦੀ ਵੀਚਾਰ ਹੈ ਕਿ ਗ੍ਰਹਿਸਤੀ ਜੀਵਨ ਦੀਆਂ ਸਾਂਝਾਂ ਤਿੰਨ ਤਰ੍ਹਾਂ ਦੀਆਂ ਹੁੰਦੀਆਂ ਹਨ। ਇਕ ਵਿਕਾਰ, ਦੂਜਾ ਵਿਹਾਰ, ਤੀਜਾ ਪਿਆਰ ਦੀ ਸਾਂਝ। ਵਿਕਾਰੀ ਲੋਕ ਕੇਵਲ ਤੇ ਕੇਵਲ ਸੁਹੱਪਣ ਅਤੇ ਜੋਬਨ ਦੇ ਸੌਦਾਗਰ ਹੁੰਦੇ ਹਨ। ਜਿਥੇ ਸੁਹੱਪਣ ਵੇਖੀ, ਉਥੇ ਹੀ ਭੱਜ ਗਏ। ਅਜਿਹੇ ਲੋਕ ਜੀਵਨ ਪੰਧ ਅੰਦਰ ਕਦੇ ਸੱਚੇ ਸਾਥੀ ਨਹੀਂ ਹੁੰਦੇ। ਵੈਸੇ ਵੀ ਜੋਬਨ ਤੇ ਸੁਹੱਪਣ ਦੇ ਖਜ਼ਾਨੇ ਨੂੰ ਬੁਢੇਪਾ ਲੁੱਟ ਲੈਂਦਾ ਹੈ। ਅਜਿਹੇ ਲੋਕ ਫਿਰ ਜੀਵਨ ਸਾਥੀ ਨਹੀਂ ਬਲਕਿ ਸੁਹੱਪਣ ਸਾਥੀ ਹੁੰਦੇ ਹਨ। ਸੱਜਣ ਤਾਂ ਉਹੋ ਹੀ ਚੰਗਾ ਹੈ, ਜਿਹੜਾ ਰੱਬੀ ਵਿਛੋੜੇ ਤੋਂ ਪਹਿਲਾਂ ਆਪ ਵਿਛੋੜਾ ਦੇਵੇ। ਭਾਈ ਗੁਰਦਾਸ ਜੀ ਦੀ ਕਲਮ ਨੇ 'ਲੇਲੈ ਮਜਨੂੰ ਆਸਕੀ ਚਹੁ ਚਕੀ ਜਾਤੀ।' ਤਦ ਹੀ ਕਿਹਾ ਸੀ। ਕਿਉਂਕਿ ਸਾਰਾ ਜ਼ਮਾਨਾ, ਰਿਸ਼ਤੇਦਾਰ ਮਿੱਤਰ ਭੈਣ ਭਰਾ ਕਹਿੰਦੇ ਸਨ ਕਿ ਲੈਲਾ ਰੰਗ ਦੀ ਕਾਲੀ ਹੈ, ਇਸ ਤੋਂ ਕਿਧਰੇ ਜ਼ਿਆਦਾ ਸੁਹੱਪਣ ਸੰਸਾਰ ਵਿੱਚ ਬਰਕਰਾਰ ਹੈ; ਤੂੰ ਜਿਹੜੀ ਵੀ ਲੜਕੀ ਕਹੇਂਗਾ ਤੇਰੀ ਜੀਵਨ ਸਾਥਣ ਚੁਣ ਸਕਦੇ ਹਾਂ। ਪਰ ਤੂੰ ਲੈਲਾ ਦਾ ਖਿਆਲ ਛੱਡ ਦੇ। ਲੇਕਿਨ ਮਜਨੂੰ ਦਾ ਆਖਰੀ ਦਮ ਤੱਕ ਇਹੋ ਹੀ ਬਚਨ ਸੀ ਕਿ ਲੈਲਾ ਤੁਹਾਡੀ ਅੱਖ ਨੂੰ ਕਾਲੀ ਜਾਂ ਇਸ ਤੋਂ ਸੋਹਣੀ ਕੋਈ ਲੱਗਦੀ ਹੈ ਪਰ ਮੈਨੂੰ ਤਾਂ ਲੈਲਾ ਵਰਗੀ ਸਾਰੇ ਸੰਸਾਰ ਵਿਚ ਨਜ਼ਰ ਨਹੀਂ ਆਉਂਦੀ। ਇਹ ਉਹ ਲੋਕ ਹਨ, ਜਿਹੜੇ ਵਿਕਾਰ ਦੀ ਦ੍ਰਿਸ਼ਟੀ ਤੋਂ ਉਠ ਕੇ ਪਿਆਰ ਦੇ ਮੰਦਰਾਂ ਵਿੱਚ ਰਹਿਣ ਵਾਲੇ ਸੱਚ ਸਨੇਹੀ ਹਨ। ਇਹ ਗੱਲ ਵੱਖਰੀ ਕਿ ਇਨ੍ਹਾਂ ਕੋਲ ਇਸ ਰਿਸ਼ਤੇ ਨੂੰ ਜਾਇਜ਼ ਠਹਿਰਾਉਣ ਵਾਲੀ ਦੁਨੀਆਂ ਦੀ ਰਸਮੋਂ ਰਿਵਾਜ਼ ਵਾਲੀ ਪ੍ਰਵਾਨਗੀ ਦੀ ਮੋਹਰ ਨਹੀਂ, ਪਰ ਅੰਦਰੋਂ ਪ੍ਰੀਤ ਦੀ ਡੋਰੀ ਨੇ ਇਨ੍ਹਾਂ ਨੂੰ ਜਿਸਮ ਭਾਵੇਂ ਦੋ ਦਿਸਦੇ ਹਨ, ਪਰ ਅੰਦਰੋਂ ਇਕ ਜੋਤਿ ਹਨ।

ਦੂਜੀ ਕਿਸਮ ਦੇ ਉਹ ਲੋਕ ਹਨ ਜਿਹੜੇ ਕਿਸੇ ਮਜ਼ਬੂਰੀ ਵੱਸ ਗ੍ਰਹਿਸਤ ਦੀ ਗੱਡੀ ਨੂੰ ਰੇਹੜੀ ਜਾ ਰਹੇ ਹਨ ਇਨ੍ਹਾਂ ਵਿੱਚ ਵੀ ਸਾਂਝ ਪਿਆਰ ਦੀ ਨਹੀਂ, ਬਲਕਿ ਵਿਹਾਰ ਦੀ ਹੁੰਦੀ ਹੈ। ਦੁਨਿਆਵੀ ਪਦਾਰਥਾਂ ਦੀ ਭੁੱਖ, ਮਾਇਆ ਦੀ ਭੁੱਖ ਜਾਂ ਹੋਰ ਕੋਈ ਅਜਿਹਾ ਵਿਹਾਰ ਕਹਿ ਲਈਏ ਜਿਹੜਾ ਇਨ੍ਹਾਂ ਨੂੰ ਇਕੱਠੇ ਰਹਿਣ ਲਈ ਮਜਬੂਰ ਕਰ ਰਿਹਾ ਹੈ ਪਰ ਇਹ ਅੰਦਰੋਂ ਇਕ ਪੱਲ ਵੀ ਇਕੱਠਾ ਰਹਿਣਾ ਨਹੀਂ ਚਾਹੁੰਦੇ। ਅਜਿਹੇ ਘਰ ਵਰਗਾ ਨਰਕ ਹੋਰ ਦੁਨੀਆਂ ਵਿੱਚ ਵੇਖਣ ਦੀ ਲੋੜ ਨਹੀਂ ਕਿਉਂਕਿ ਇਥੇ ਕਦਮ ਕਦਮ ਤੇ ਝਗੜਾ ਤੇ ਕਲੇਸ਼ ਹਨ। ਅਜਿਹੀ ਸਾਂਝ ਵੀ ਵਿਹਾਰ ਦੀ ਖਤਮ ਹੁੰਦਿਆਂ ਹੀ ਆਖਰੀ ਸਾਹ ਭਰ ਕੇ ਦਮ ਤੋੜ ਦਿੰਦੀ ਹੈ ਭਾਵ ਖਤਮ ਹੋ ਜਾਂਦੀ ਹੈ। ਤੀਜੀ ਕਿਸਮ ਦੇ ਉਹ ਪਤੀ ਪਤਨੀ ਹਨ ਜਿਨ੍ਹਾਂ ਦੀ ਪ੍ਰੀਤ ਸਾਂਝ ਤੇ ਗੁਰੂ ਪਿਤਾ ਜੀ ਨੇ ਵੀ ਪ੍ਰਵਾਨਗੀ ਦੀ ਮੋਹਰ ਲਾਈ ਹੈ। ਇਹ ਪਤੀ ਪਤਨੀ ਵਿਕਾਰਾਂ ਦੀ ਗੁਲਾਮੀ ਨਹੀਂ ਕਰਦੇ, ਪ੍ਰੀਤਾਂ ਦੇ ਵਣਜਾਰੇ ਹਨ। ਇਹ ਪਤੀ ਪਤਨੀ ਵਿਹਾਰੀ ਤੌਰ ਤੇ ਵੀ ਸਮਾਜ ਦੀਆਂ ਨਜ਼ਰਾਂ ਵਿੱਚ ਘੱਟਾ ਪਾਉਣ ਲਈ ਇਕੱਠੇ ਨਹੀਂ ਹੁੰਦੇ ਬਲਕਿ ਇਹ ਤੇ ਪ੍ਰੇਮ ਬੰਧਨ ਵਿੱਚ ਬੱਧੇ ਹੁੰਦੇ ਹਨ। ਇਹ ਸਾਂਝ ਅੰਦਰੂਨੀ ਹੈ। ਆਲਿਮ ਲੋਕਾਂ ਨੇ ਇਕ ਵੀਚਾਰ ਵਿੱਚ ਪ੍ਰੋਏ ਹੋਏ ਲੋਕਾਂ ਦੀ ਹੀ ਮਿੱਤਰਤਾ ਨੂੰ ਸੱਚੀ ਮਿੱਤਰਤਾ ਦੀ ਪ੍ਰਵਾਨਗੀ ਦਿਤੀ ਹੈ।

"ਆਸਾ ਇਸ਼ਟ ਉਪਾਸਨਾ, ਖਾਨ ਪਾਨ ਪਹਿਰਾਨ ॥
ਖਟ ਲੱਖਣ ਜਹਾਂ ਮਿਲੈ ਤਹਾਂ ਮਿਤਰਤਾ ਜਾਨ ॥"

ਇਥੇ ਇਕ ਗੱਲ ਬਹੁਤ ਹੀ ਧਿਆਨ ਯੋਗ ਹੈ ਕਿ ਕਲਾ ਕਲੇਸ਼ ਜਾਂ ਝਗੜਿਆਂ ਦਾ ਕਾਰਨ ਹੀ ਬਾਹਰੀ ਸਾਂਝ ਹੁੰਦੀ ਹੈ, ਜਿਹੜੇ ਅੰਦਰੋਂ ਇਕ ਹੋ ਜਾਂਦੇ ਹਨ ਫਿਰ ਇਥੇ ਮੈਂ ਅਤੇ ਮੇਰੀ ਦਾ ਡੇਰਾ ਭੰਨਿਆਂ ਜਾਂਦਾ ਹੈ। ਇਥੇ ਕੇਵਲ ਤੂੰ ਜਾਂ ਤੇਰੇ ਦਾ ਵਾਸਾ ਹੁੰਦਾ ਹੈ। ਅਜਿਹੀ ਪ੍ਰੀਤ ਵਿੱਚ ਡੁਬੇ ਪਤੀ ਪਤਨੀ ਨੂੰ ਕੇਵਲ ਇਕ ਦੂਜੇ ਨਾਲ ਪਿਆਰ ਨਹੀਂ ਬਲਕਿ ਪਤਨੀ ਨੂੰ ਹਰ ਉਸ ਚੀਜ਼ ਨਾਲ ਪਿਆਰ ਹੁੰਦਾ, ਜਿਹੜੀ ਉਸਦੇ ਪਤੀ ਦੀ ਪਿਆਰੀ ਹੋਵੇ। ਇਸੇ ਤਰ੍ਹਾਂ ਹੀ ਪਤੀ ਵੀ ਹਰ ਉਸ ਚੀਜ਼ ਨਾਲ ਸਨੇਹ ਕਰਦਾ ਹੈ, ਜਿਹੜੀ ਪਤਨੀ ਦੀ ਪਿਆਰੀ ਹੋਵੇ। ਫਿਰ ਇਥੇ ਪਹੁੰਚ ਕੇ ਪਤੀ ਦੀ ਮਾਂ ਸੱਸ ਨਹੀਂ ਬਲਕਿ ਆਪਣੀ ਮਾਂ ਹੋਵੇਗੀ, ਪਤੀ ਦਾ ਪਿਤਾ ਸਹੁਰਾ ਨਹੀਂ ਬਲਕਿ ਅਪਣਾ ਪਿਤਾ ਹੋਵੇਗਾ, ਪਤੀ ਦਾ ਭਰਾ ਦੇਵਰ ਨਹੀਂ ਬਲਕਿ ਛੋਟਾ ਭਰਾ ਹੋਵੇਗਾ, ਪਤੀ ਦੀ ਭੈਣ ਨਨਾਣ ਨਹੀਂ ਬਲਕਿ ਭੈਣ ਹੋਵੇਗੀ। ਇਸੇ ਤਰ੍ਹਾਂ ਪਤੀ ਲਈ ਵੀ ਪਤਨੀ ਦੇ ਪ੍ਰੀਵਾਰਕ ਰਿਸ਼ਤੇ ਬਦਲ ਜਾਣਗੇ। ਝਗੜੇ ਜਾਂ ਤਕਰਾਰ ਹੁਣ ਵੀ ਹੋ ਸਕਦੇ ਹਨ ਪਰ ਉਹ ਤਕਰਾਰ ਜਿਵੇਂ ਪਹਿਲਾਂ ਮਾਪਿਆਂ ਦੇ ਘਰ ਪ੍ਰੇਮ ਭਿੱਜੇ ਹੁੰਦੇ ਸਨ ਹੁਣ ਵੀ ਅਜਿਹੇ ਹੀ ਹੋਣਗੇ। ਇਨ੍ਹਾਂ ਤਕਰਾਰਾਂ ਦਾ ਅੰਤ ਵਿਛੋੜਾ ਨਹੀਂ ਬਲਕਿ ਪ੍ਰੇਮ ਨਾਲ

ਇਕ ਦੂਜੇ ਨੂੰ ਮਨਾਉਣਾ ਹੋਵੇਗਾ। ਕਿਉਂਕਿ ਪ੍ਰੇਮੀ ਤਾਂ ਵਿਛੋੜੇ ਦਾ ਨਾਂ ਸੁਣਕੇ ਹੀ ਦੁਖੀ ਹੋ ਜਾਂਦਾ ਹੈ। "ਵਿਛੋੜਾ ਸੁਣੇ ਡੁਖੁ ਵਿਣੁ ਡਿਠੇ ਮਰਿਓਦਿ ॥ ਬਾਝੁ ਪਿਆਰੇ ਆਪਣੇ ਬਿਰਹੀ ਨਾ ਧੀਰੋਦਿ॥ (ਪੰਨਾ ੧੧੦੦) ਸਾਡੇ ਸਭਿਆਚਾਰ ਵਿਚ ਲੜਕੀਆਂ ਇਕੱਠੀਆਂ ਹੋ ਕੇ ਗਾਉਂਦੀਆਂ ਸਨ ਕਿ "ਪੇਕੇ ਲੈਣ ਕੀ ਜਾਣਾ ਜੇ ਸੱਸ ਮਾਂ ਬਣ ਜਾਏ।" ਪਰ ਅਜਿਹਾ ਸਭ ਕੁਝ ਉਥੇ ਹੀ ਸੰਭਵ ਹੈ ਜਿਥੇ ਏਕ ਜੋਤਿ ਦੁਇ ਮੂਰਤੀ ਵਾਂਗ ਪਤੀ ਪਤਨੀ ਦੇਖਣ ਲਈ ਭਾਵੇਂ ਦੋ ਜਿਸਮ ਨਜ਼ਰ ਆਵਣ ਪਰ ਦੋਨਾਂ ਦੇ ਮਨ ਮੰਦਰ ਵਿੱਚ ਜੋਤਿ ਕੇਵਲ ਇਕ ਹੀ ਜਗਦੀ ਹੋਵੇ। ਰੱਬੀ ਰੰਗ ਵਿੱਚ ਰੰਗੇ ਹੁਸੈਨ ਫਕੀਰ ਦੇ ਬੋਲ ਹਨ ਕਿ ਪ੍ਰੀਤਵਾਨ ਨੂੰ ਹਰ ਇਕ ਵਿੱਚ ਆਪਣਾ ਪਿਆਰਾ ਹੀ ਨਜ਼ਰ ਆਉਂਦਾ ਹੈ

"ਚਰਖਾ ਬੋਲੇ ਸਾਂਈ ਸਾਂਈ ਬਾਇੜ ਬੋਲੇ ਤੂੰ॥
ਕਹੈ ਹੁਸੈਨ ਫਕੀਰ ਸਾਈਂ ਦਾ ਮੈਂ ਨਾਹੀ ਸਭ ਤੂੰ॥

ਅਜਿਹਾ ਘਰ ਅਤੇ ਘਰ ਦੇ ਜੀਅ ਫਿਰ ਪਤੀ ਦੇ ਨਹੀਂ ਬਲਕਿ ਆਪਣੇ ਨਜ਼ਰ ਆਉਂਦੇ ਹਨ। ਆਪਣਿਆਂ ਨਾਲ ਕਦੇ ਝਗੜੇ ਝਮੇਲੇ ਨਹੀਂ ਬਲਕਿ ਪ੍ਰੇਮ ਗਲਵਕੜੀਆਂ ਹੁੰਦੀਆਂ ਹਨ। ਗੁਰਬਾਣੀ ਅਸਲ ਵਿੱਚ ਜੀਵਨ ਜੁਗਤਿ ਹੈ ਪਰ ਅਸੀਂ ਜਾਣ ਨਹੀਂ ਸਕੇ।

ਦੋ ਜਿਸਮ ਅਤੇ ਇਕ ਰੂਹ ਹੋਵੇ ਪ੍ਰੇਮੀਆਂ ਦੀ ਇਕ ਜੀਵਨ ਗਾਥਾ ਹਨੂੰਮਾਨ ਨਾਟਕ ਵਿੱਚ ਇਸ ਤਰ੍ਹਾਂ ਵੀ ਮਿਲਦੀ ਹੈ ਕਿ ਸ਼੍ਰੀ ਰਾਮ ਚੰਦਰ ਜੀ ਹਨੂੰਮਾਨ ਨੂੰ ਪੁੱਛਦੇ ਹਨ ਕਿ ਸੀਤਾ ਦਾ ਕੁਝ ਪਤਾ ਲੱਗਾ ਹੈ ਕਿ ਕਿਥੇ ਹੈ? (ਰਾਵਣ ਸੀਤਾ ਨੂੰ ਚੌਦਾਂ ਸਾਲਾਂ ਦਾ ਬਨਵਾਸ ਕੱਟਦਿਆਂ ਸਮੇਂ ਹਰਨ ਕਰ ਕੇ ਲੰਕਾ ਲੈ ਗਿਆ ਸੀ ਜਿਥੇ ਉਸਨੇ ਅਸ਼ੋਕ ਵਾਟਿਕਾ ਵਿੱਚ ਰੱਖਿਆ ਸੀ) ਹਨੂੰਮਾਨ ਨੇ ਸਾਰੀ ਖ਼ਬਰ ਲਿਆ ਕੇ ਦਿੱਤੀ ਸੀ ਕਿ ਹਾਂ ਪ੍ਰਭੂ ਜੀ, ਸੀਤਾ ਜੀ ਲੰਕਾ ਵਿਚ ਹਨ। ਫਿਰ ਰਾਮਚੰਦ੍ਰ ਜੀ ਹੈਰਾਨੀ ਨਾਲ ਪੁੱਛਦੇ ਹਨ ਕਿ ਮੇਰੇ ਕੋਲੋਂ ਵਿਛੜ ਕੇ ਵੀ ਜਿਉਂਦੀ ਹੈ, ਤਾਂ ਹਨੂੰਮਾਨ ਨੇ ਫਿਰ ਜਵਾਬ ਦਿਤਾ ਸੀ ਕਿ ਕਹਿਣ ਲਈ ਜਿਉਂਦੀ ਹੈ ਕਿਉਂਕਿ ਜਮਦੂਤ ਆਉਂਦੇ ਹਨ ਪਰ ਉਨਾਂ ਨੂੰ ਖਾਲੀ ਹੱਥ ਜਾਣਾ ਪੈਂਦਾ ਹੈ। ਕਿਉਂਕਿ ਉਥੇ ਕੇਵਲ ਜਿਸਮ ਹੈ ਪਰ ਉਸ ਦੀ ਰੂਹ ਤਾਂ ਤੁਹਾਡੇ ਚਰਨਾਂ ਵਿੱਚ ਵੱਸਦੀ ਹੈ॥ ਵਾਰਤਾਲਾਪ ਹੈ,

ਅਹੇ ਹਨੂੰ, ਕਹੁ ਸ੍ਰੀ ਰਘੁਬਰ, ਕਿਛੁ ਸੀਆ ਕੀ ਸੁਧ ਹੈ ਛਿਤ ਮਾਹੀ ॥
ਹੈ ਪ੍ਰਭੁ, ਲੰਕ ਕਲੰਕ ਬਿਨਾ, ਬਸ ਹੈ ਗਵਨ ਕੀ ਛਿਤ ਮਾਹੀ ॥
ਜੀਵਤ ਹੈ, ਕਹਬੇ ਕੋ ਨਾਥ, ਕਿਉਂ ਨ ਮਰੀ ਹਮ ਤੇ ਬਿਛਰਾਈ ॥
ਪ੍ਰਾਨ ਬਸੇ ਪਗ ਪੰਕਜ ਮਾਹਿ ਜਮ ਆਵਤ ਹੈ ਪਰ ਪਾਵਤ ਨਾਹੀ ॥

ਵਿਹਾਰ ਕੇਵਲ ਵਿਕਾਰਾਂ ਦੀ ਭੱਠੀ ਵਿੱਚ ਆਪਣੇ ਹੱਡਾਂ ਦਾ ਬਾਲਣ ਬਾਲ ਕੇ, ਆਪਣੀ ਹੀ ਰੱਤ ਵਿਚ ਕੀਮਤੀ ਜੀਵਨ ਦਾ ਸਰਮਾਇਆ ਸਾੜ ਦੇਣਾ ਹੀ ਨਹੀਂ ਬਲਕਿ ਇਕ ਉਤਮ ਗ੍ਰਹਿਸਥੀ ਬਣ ਕੇ ਜਿਵੇਂ ਮਾਪਿਆਂ ਸਾਨੂੰ ਪਾਲਿਆ ਅੱਜ ਉਨ੍ਹਾਂ ਲਈ ਬੁਢੇਪੇ ਦੀ ਡੰਗੋਰੀ ਬਣਨਾ ਹੈ। ਜੋ ਸਮਾਜ ਨੇ ਸਾਡੇ ਤੇ ਉਪਕਾਰ ਕੀਤੇ ਹਨ। ਉਨਾਂ ਦਾ ਕਰਜ਼ ਉਤਾਰਨਾ ਹੈ। ਸ੍ਰਿਸਟੀ ਦੀ ਝੋਲੀ ਵਿੱਚ ਜਿਵੇਂ ਸਾਨੂੰ ਮਾਪਿਆਂ ਦਾ ਮਿਲਣਾ ਹੈ ਉਸੇ ਤਰ੍ਹਾਂ ਕੁਦਰਤ ਨੂੰ ਔਲਾਦ ਰੂਪ ਭੇਟਾ ਭੇਟ ਕਰਨਾ ਹੈ। ਸਾਰੀਆਂ ਜ਼ਿੰਮੇਵਾਰੀਆਂ ਨਿਭਾਉਂਦਿਆਂ ਆਪਣੀ ਮੰਜ਼ਿਲ ਨੂੰ ਵੀ ਪਾਉਣਾ ਹੈ। ਕੇਵਲ ਵਿਕਾਰਾਂ ਦੀ ਭੱਠੀ ਵਿੱਚ ਜੀਵਨ ਸਰਮਾਇਆ ਸਾੜ ਰਹੇ ਲੋਕਾਂ ਨੂੰ ਹਜ਼ੂਰ ਨੇ ਸੁਚੱਜੇ ਗ੍ਰਹਿਸਥੀ ਨਹੀਂ ਬਲਕਿ :-

"ਕੂੜੁ ਮੀਆ ਕੂੜੁ ਬੀਬੀ ਖਪਿ ਹੋਏ ਖਾਰੁ ॥ ਕਿਹਾ ਹੈ ।

(ਪੰਨਾ ੪੬੮)

ਏਕ ਜੋਤਿ ਦੁਇ ਮੂਰਤੀ ਹੋਏ ਕੈਸੇ ਜੋੜੇ ਹਨ ਧਿਆਨ ਮਾਰ ਵੇਖੀਏ ਤਾਂ ਪ੍ਰਤੀਤ ਹੁੰਦਾ ਹੈ ਮਾਤਾ ਸੁਲੱਖਣੀ ਜੀ ਲੰਮਾ ਸਮਾਂ ਨਨਾਣ ਬੇਬੇ ਨਾਨਕੀ ਜੀ ਕੋਲ ਜਾਂ ਸੱਸ ਸਹੁਰਾ ਜੀ ਭਾਵ ਮਾਤਾ ਤ੍ਰਿਪਤਾ ਜੀ ਮਹਿਤਾ ਕਾਲੂ ਜੀ ਕੋਲ ਰਹਿ ਕੇ ਸੇਵਾ ਕਰਦਿਆਂ ਘਰ ਪ੍ਰੀਵਾਰ ਦੀ ਜ਼ਿੰਮੇਵਾਰੀ ਨਿਭਾਉਂਦਿਆਂ ਉਨ੍ਹਾਂ ਕੋਲ ਰਹੇ। ਹੈਰਾਨੀ ਦੀ ਗੱਲ ਹੈ ਕਿ ਸੱਸ ਚੰਦੋਰਾਣੀ ਨੇ ਵੀ ਉਲਾਂਭੇ ਦਿੱਤੇ, ਸਹੁਰਾ ਸਾਹਿਬ ਮੂਲ ਚੰਦ ਜੀ ਨੇ ਵੀ ਸ਼ਿਕਾਇਤਾਂ ਕੀਤੀਆਂ ਮਾਤਾ-ਪਿਤਾ ਪੁੱਤਰਾਂ ਆਦਿਕ ਸਭ ਦੇ ਕੁਝ ਨ ਕੁਝ ਇਤਰਾਜ਼ ਸਨ, ਪਰ ਧੰਨ ਹਨ ਮਾਤਾ ਸੁਲੱਖਣੀ ਜੀ ਜਿਨ੍ਹਾਂ ਨੇ ਆਪਣੇ ਸਾਂਈ ਨਾਲ, ਭਾਵ ਗੁਰੂ ਨਾਨਕ ਸਾਹਿਬ ਜੀ ਨਾਲ ਕਦੇ ਕੋਈ ਗਿਲਾ ਸ਼ਿਕਵਾ ਨਹੀਂ ਕੀਤਾ। ਸਤਿਗੁਰੂ ਜੀ ਲੰਮਾ ਲੰਮਾ ਸਮਾਂ ਪ੍ਰਚਾਰਕ ਦੌਰਿਆਂ ਤੇ ਰਹੇ, ਚਿੱਠੀ ਪੱਤਰਾਂ ਜਾਂ ਸੁਨੇਹਿਆਂ ਦਾ ਵੀ ਅੱਜ ਵਰਗਾ ਪ੍ਰਬੰਧ ਨਹੀਂ ਸੀ ਹੁੰਦਾ, ਨਾ ਖਬਰ ਦੇ ਸਕਣਾ ਨਾ ਖਬਰ ਲੈ ਸਕਣਾ ਪਰ ਫਿਰ ਵੀ ਆਪਣੇ ਪਤੀ ਦੀ ਆਗਿਆ ਵਿੱਚ ਰਹਿ ਕੇ ਜ਼ਿੰਮੇਵਾਰੀਆਂ ਨਿਭਾਈਆਂ। ਅਜਿਹੇ ਇਤਿਹਾਸਕ ਪੰਨੇ ਅੱਜ ਵੀ ਸਾਡੇ ਜੀਵਨ ਲਈ ਚਾਨਣ ਮੁਨਾਰਾ ਹਨ।

*

ਕੁੜਮ ਕੁੜਮਾਈ ਆਇਆ

ਵਿਆਹ ਦੇ ਕਾਰਜ ਵਿੱਚ ਕੁੜਮਾਈ ਦੀ ਰਸਮ ਵੀ ਕੀਤੀ ਜਾਂਦੀ ਹੈ। ਲੜਕੀ ਵਾਲੇ ਲੜਕੇ ਦੇ ਘਰ ਜਾਂ ਕਿਸੇ ਨਿਸਚਿਤ ਥਾਂ ਦੋਵੇਂ ਧਿਰਾਂ ਪਹੁੰਚ ਜਾਂਦੀਆਂ ਹਨ। ਅਸਲ ਵਿੱਚ ਇਸ ਰਸਮ ਦਾ ਮਤਲਬ ਤਾਂ ਇਤਨਾ ਸੀ ਕਿ ਲੜਕੀ ਪ੍ਰੀਵਾਰ ਵਲੋਂ ਆਪਣੀ ਧੀ ਲਈ ਲੜਕੇ ਪ੍ਰੀਵਾਰ ਪਾਸੋਂ ਇਹ ਬੱਚਾ ਮੰਗ ਲਿਆ ਅਤੇ ਇਵੇਂ ਹੀ ਦੂਜੇ ਪਾਸੇ ਕਹਿ ਲਈਏ ਕਿ ਲੜਕੇ ਪ੍ਰੀਵਾਰ ਨੇ ਲੜਕੀ ਪ੍ਰੀਵਾਰ ਤੋਂ ਆਪਣੇ ਬੇਟੇ ਲਈ ਲੜਕੀ ਮੰਗਣੀ, ਇਸ ਰਸਮ ਦਾ ਨਾਂ ਵੀ ਮੰਗਣੀ ਕਰਾਉਣੀ ਸੀ। ਪਰ ਸਮੇਂ ਦੀ ਕਰਵਟ ਕਾਰਨ ਇਸ ਕਾਰਜ ਵਿਚ ਪੈਦਾ ਹੋਈਆਂ ਕਮਜ਼ੋਰੀਆਂ ਨੇ ਇਸ ਰਿਸ਼ਤੇ ਵਿਚਲੇ ਜਾਂ ਇਸ ਰਸਮ ਵਿਚਲੇ ਨਿੱਘ ਨੂੰ ਹੀ ਗਵਾ ਦਿੱਤਾ ਹੈ। ਅੱਜ ਅਸੀ ਇਸ ਰਿਸ਼ਤੇ ਦੀ ਬੁਨਿਆਦ ਹੀ ਬਹੁਤ ਕਮਜ਼ੋਰ ਬਣਾ ਦਿੱਤੀ ਹੈ ਕਿਉਂਕਿ ਅੱਜ ਇਸ ਰਿਸ਼ਤੇ ਵਿੱਚ ਪ੍ਰੇਮ ਦੀ ਥਾਂ ਤੇ ਸੁਆਰਥ ਦਾ ਬੋਲਬਾਲਾ ਹੈ। ਸੁਆਰਥ ਕਾਰਨ ਪੈਦਾ ਹੋਏ ਲੋਭ ਨੇ ਇਸ ਰਿਸ਼ਤੇ ਦੀ ਨੀਂਹ ਹੀ ਬਹੁਤ ਕਮਜ਼ੋਰ ਕਰ ਦਿਤੀ, ਜਿਸ ਕਰਕੇ ਇਸ ਨੀਂਹ ਦੇ ਉਤੇ ਹੁਣ ਦੁੱਖਾਂ ਸੁੱਖਾਂ ਦਾ ਸਾਥੀ, ਜੀਵਨ ਸਾਥੀ, ਹਰ ਪੱਲ ਜ਼ਿੰਦਗੀ ਦੇ ਪੈਂਡੇ ਵਿਚੋਂ ਸਾਥ ਦੇਣ ਵਾਲੇ ਇਕ ਆਦਰਸ਼ਕ ਪਤੀ ਪਤਨੀ ਦੇ ਪ੍ਰੇਮ ਦਾ ਮਹੱਲ ਨਹੀਂ ਉਸਰ ਸਕਦਾ ਹੈ। ਭਗਤ ਫਰੀਦ ਜੀ ਦੀ ਰਸਨਾ ਦੁਆਰਾ ਉਚਾਰਿਆ ਸੱਚ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਜੇਕਰ ਪ੍ਰੇਮ ਦੇ ਰਿਸ਼ਤੇ ਵਿੱਚ ਲਬੁ ਹੈ ਤਾਂ ਨੇਹੁ ਕੂੜਾ ਹੈ। ਇਹ ਰਿਸ਼ਤਾ ਤਾਂ ਫਿਰ ਇਸ ਤਰ੍ਹਾਂ ਹੈ ਜਿਵੇਂ ਟੁਟੇ ਹੋਏ ਛੱਪਰ ਥੱਲੇ ਅਤਿ ਵਰਦੇ ਮੀਂਹ ਵਿੱਚ ਕਿੰਨਾ ਕੁ ਸਮਾਂ ਲੰਘਾ ਸਕਦਾ ਹੈ।

ਫਰੀਦਾ ਜਾ ਲਬੁ ਤਾ ਨੇਹੁ ਕਿਆ ਲਬੁ ਤ ਕੂੜਾ ਨੇਹੁ ॥
ਕਿਚਰੁ ਝਤਿ ਲਘਾਈਐ ਛਪਰਿ ਤੁਟੈ ਮੇਹੁ ॥੧੮॥

(ਪੰਨਾ ੧੩੭੮)

ਵਿਆਹ ਅਤੇ ਨਿਰਬਾਹ ਦੇ ਰਿਸ਼ਤੇ ਵਿੱਚ ਇਕ ਦੂਸਰੇ ਤੇ ਅਤਿਅੰਤ ਵਿਸ਼ਵਾਸ ਹੋਣਾ ਜ਼ਰੂਰੀ ਹੈ। ਪਰ ਸਾਹਿਬ ਜੀ ਆਖਦੇ ਹਨ ਕਿ ਲੋਭੀ ਪੁਰਖ ਦਾ ਕਦੇ ਵਿਸ਼ਵਾਸ ਕੀਤਾ ਹੀ ਨਹੀਂ ਜਾ ਸਕਦਾ। ਕੀ ਪਤਾ ਲੋਭੀ ਲੋਭ ਕਾਰਨ ਕੀ ਕੁਝ ਕਰ ਸਕਦਾ ਹੈ।

"ਲੋਭੀ ਕਾ ਵੇਸਾਹੁ ਨ ਕੀਜੈ ਜੇ ਕਾ ਪਾਰਿ ਵਸਾਇ॥
ਅੰਤਿ ਕਾਲਿ ਤਿਥੈ ਧੁਹੈ ਜਿਥੈ ਹਥੁ ਨ ਪਾਇ॥"

(ਪੰਨਾ ੧੪੧੭)

ਸਤਿਗੁਰੂ ਜੀ ਨੇ ਤਾਂ ਇਥੋਂ ਤੱਕ ਬਚਨ ਕਰ ਦਿਤੇ ਹਨ ਕਿ ਜਿਨ੍ਹਾਂ ਦੇ ਹਿਰਦਿਆਂ ਨੂੰ ਲੋਭ ਰੂਪ ਵਿਕਾਰ ਲੱਗ ਗਿਆ। ਉਨ੍ਹਾਂ ਦੇ ਹਿਰਦੇ ਰੂਪ ਮੰਦਰ ਵਿਚੋਂ ਪ੍ਰਭੂ [illegible] ਦਾ ਦੀਵਾ ਬੁਝ ਜਾਂਦਾ ਹੈ। ਜਿਥੇ ਰੱਬ ਭੁਲ ਜਾਏ, ਉਥੇ ਸੁੱਖ ਨਹੀਂ ਬਲਕਿ ਖੁਆਰੀ ਹੁੰਦੀ ਹੈ। ਕਿਉਂਕਿ ਪ੍ਰਭੂ ਦਾ ਭੁਲਣਾ ਹੀ ਸਾਰੇ ਦੁਖਾਂ ਦਾ ਮੂਲ ਹੈ।

"ਲੋਭ ਵਿਕਾਰ ਜਿਨਾ ਮਨੁ ਲਾਗਾ ਹਰਿ ਵਿਸਰਿਆ ਪੁਰਖੁ ਚੰਗੇਰਾ ॥

(ਪੰਨਾ ੭੧੧)

ਇਸ ਰਿਸ਼ਤੇ ਵਿੱਚ ਜ਼ਹਿਰ ਘੋਲਣ ਵਾਲਾ ਅਸਲ ਵਿਚ ਲੋਕ ਦਿਖਾਵਾ ਹੈ। ਲੋਕ ਦਿਖਾਵੇ ਖਾਤਰ ਦਾਜ ਰੂਪ ਦੈਂਤ ਪਹਿਲਾਂ ਹੀ ਵਿਚਕਾਰ ਖੜਾ ਕਰ ਲਿਆ ਜਾਂਦਾ ਹੈ। ਦਾਜ ਹੀ ਹਉਮੈਂ ਦਾ ਪ੍ਰਗਟਾਵਾ ਹੈ। ਹਉਮੈਂ ਹਮੇਸ਼ਾ ਹੀ ਪ੍ਰੇਮ ਦੀ ਕਾਤਲ ਰਹੀ ਹੈ। ਨਿਰਬਾਹ ਸਿਖਾਉਂਦਾ ਹੈ ਕਿ ਮੈਂ ਮਨਾਉਣੀ ਨਹੀਂ ਮੰਨਣਾ ਹੈ ਪਰ ਹਉਮੈ ਸਿਖਾਉਂਦੀ ਹੈ ਕਿ ਮੈ ਆਪਣੀ ਮਨਾਉਣੀ ਹੈ "ਏਕ ਜੋਤਿ ਦੁਇ ਮੂਰਤੀ ਤੱਕ ਪਹੁੰਚਣ ਦੀ ਬਜਾਇ ਆਪ ਹੀ ਆਪਣੀਆਂ ਸੱਧਰਾਂ ਤੇ ਪ੍ਰੇਮ ਦੀਆਂ ਤੰਦਾਂ ਨਾਲ ਬਣਿਆ ਆਸ਼ਿਆਨਾ ਬਰਬਾਦ ਕਰ ਬੈਠਦਾ ਹੈ।

ਹਾਂ ਗੁਰਬਾਣੀ ਨੇ ਇਸ ਰਿਸ਼ਤੇ ਦੀ ਨੀਂਹ ਪੱਕੀ ਰੱਖਣ ਵਾਸਤੇ ਵੀ ਬਹੁਤ ਹੀ ਸੋਹਣਾ ਅਤੇ ਕਲਿਆਣਕਾਰੀ ਹੱਲ ਬਖਸ਼ਿਸ਼ ਕੀਤਾ ਹੋਇਆ ਹੈ। ਲੜਕੀ ਪਹਿਲੇ ਦਿਨ ਹੀ ਆਪਣੇ ਪਿਤਾ ਜੀ ਕੋਲੋਂ ਅਜਿਹੇ ਦਾਜ ਦੀ ਮੰਗ ਕਰਦੀ ਹੈ ਜਿਸ ਨਾਲ ਮੇਰਾ ਘਰ ਬਰਬਾਦ ਨਹੀਂ ਬਲਕਿ ਅਬਾਦ ਹੋ ਜਾਵੇ। ਧੰਨ ਗੁਰੂ ਰਾਮਦਾਸ ਜੀ ਮਹਾਰਾਜ ਕਥਨ ਕਰਦੇ ਹਨ ਕਿ ਹੇ ਹਰੀ ਪ੍ਰਭ ਬਾਬਲ ਮੈਨੂੰ ਹਰੀ ਨਾਮ ਹੀ ਦਾਜ ਵਿੱਚ ਬਖਸ਼ਿਸ਼ ਕਰੋ। ਹਰੀ ਨਾਮ ਰੂਪ ਕਪੜਾ ਬਖਸ਼ੋ, ਹਰੀ ਦੇ ਦਰ ਦੀ ਸ਼ੋਭਾ ਵਡਿਆਈ ਬਖਸ਼ੋ ਭਾਵ ਅਜਿਹੇ ਗੁਣ ਬਖਸ਼ੋ ਜਿਨ੍ਹਾਂ ਨਾਲ ਮੇਰੀ ਸਹੁਰੇ ਘਰ ਵਿੱਚ ਇੱਜ਼ਤ ਹੋਵੇ, ਜਿਸ ਨਾਲ ਮੇਰੀ ਜ਼ਿੰਦਗੀ ਦਾ ਕਾਰਜ ਰਾਸ ਹੋ ਜਾਵੇ। ਮੇਰਾ ਜੀਵਨ ਸਫਲ ਹੋ ਜਾਵੇਗਾ। ਸਤਿਗੁਰੂ ਵਿਚੋਲੇ ਨੇ ਅਜਿਹਾ ਹੀ ਦਾਨ ਦਿਵਾ ਦਿਤਾ ਜਿਸ ਨਾਲ ਹਰ ਪਾਸੇ ਸੱਚੀ ਵਡਿਆਈ ਪ੍ਰਾਪਤ ਹੋਈ। ਹੈਰਾਨੀ ਦੀ ਗੱਲ ਇਹ ਕਿ ਦਾਨ ਹੈ ਵੀ ਵੱਖਰਾ ਜਿਸ ਨਾਲ ਜੀਵਨ ਵਿਚ ਸੁਖ, ਖੁਸ਼ੀਆਂ ਨਸੀਬ ਹੁੰਦੀਆਂ ਹਨ ਨਾਂਕਿ ਦੁੱਖਾਂ ਨਾਲ ਜੀਵਨ ਬਰਬਾਦ ਹੁੰਦਾ ਹੈ।

ਇਸ ਦਾਨ ਦੀ ਥਾਂ ਤੇ ਜਿਹੜਾ ਮਨਮੁਖ ਲੋਕ ਦਾਜ ਕੇਵਲ ਦੁਨੀਆਂ ਦੀ ਵਡਿਆਈ ਵਾਸਤੇ ਰੱਖ ਕੇ ਪ੍ਰਗਟਾਵਾ ਕਰਦੇ ਹਨ ਉਹ ਤਾਂ ਦਾਜ ਵੀ ਕੱਚਾ ਹੈ ਅਤੇ ਉਸ ਦਾਜ ਤੋਂ ਮਾਨ (ਇੱਜ਼ਤ) ਨਹੀਂ ਬਲਕਿ ਅਭਿਮਾਨ ਪ੍ਰਾਪਤ ਹੁੰਦਾ ਹੈ। ਇਸੇ ਅਭਿਮਾਨ ਦੀ ਗੱਲ ਆਪਾਂ ਪਹਿਲਾਂ ਕੀਤੀ ਸੀ ਕਿ ਨਿਰਬਾਹ ਲਈ ਅਭਿਮਾਨ

ਬਹੁਤ ਵੱਡੀ ਰੁਕਾਵਟ ਹੈ। ਅੰਮ੍ਰਿਤ ਬਚਨ ਹਨ।

"ਹਰਿ ਪ੍ਰਭੁ ਮੇਰੇ ਬਾਬੁਲਾ ਹਰਿ ਦੇਵਹੁ ਦਾਨੁ ਮੈ ਦਾਜੋ॥
ਹਰਿ ਕਪੜੋ ਹਰਿ ਸੋਭਾ ਦੇਵਹੁ ਜਿਤੁ ਸਵਰੈ ਮੇਰਾ ਕਾਜੋ॥
ਹਰਿ ਹਰਿ ਭਗਤੀ ਕਾਜੁ ਸੁਹੇਲਾ ਗੁਰਿ ਸਤਿਗੁਰਿ ਦਾਨੁ ਦਿਵਾਇਆ॥
ਖੰਡਿ ਵਰਭੰਡਿ ਹਰਿ ਸੋਭਾ ਹੋਈ ਇਹੁ ਦਾਨੁ ਨ ਰਲੈ ਰਲਾਇਆ॥
ਹੋਰਿ ਮਨਮੁਖ ਦਾਜੁ ਜਿ ਰਖਿ ਦਿਖਾਲਹਿ ਸੁ ਕੂੜੁ ਅਹੰਕਾਰੁ ਕਚੁ ਪਾਜੋ॥
ਹਰਿ ਪ੍ਰਭ ਮੇਰੇ ਬਾਬੁਲਾ ਹਰਿ ਦੇਵਹੁ ਦਾਨੁ ਮੈ ਦਾਜੋ॥

(ਪੰਨਾ ੭੮)

ਅਜਿਹਾ ਮਨਮੁਖਾਂ ਵਾਲਾ ਕੇਵਲ ਦਿਖਾਵੇ ਦਾ ਦਾਜ ਲੜਕੀ ਨੂੰ ਸਿਆਣੀ ਹੋ ਕੇ ਸਹੁਰੇ ਘਰ ਨੂੰ ਸੁਹਾਵਣਾ ਬਣਾਉਣ ਦੀ ਬਜਾਇ ਅਭਿਮਾਨੀ ਬਣਾ ਦਿੰਦਾ ਹੈ। ਇਹ ਕੁੜਾਵੇ ਸਾਕਾਂ ਦਾ ਮਾਣ ਸੱਚੇ ਦਿਲੋਂ ਪਲੇ ਤੈਂਡੇ ਲੱਗਣ ਹੀ ਨਹੀਂ ਦਿੰਦਾ। ਦੋਨਾਂ ਪਤੀ ਪਤਨੀ ਨੇ ਆਪਣੀ ਮਿਹਨਤ ਤੇ ਰੱਬੀ ਬਖਸ਼ਿਸ਼ ਨਾਲ ਕਮਾਈ ਕਰਕੇ ਖਰੀਦੇ ਘਰ ਦੇ ਸੁਖ ਅਰਾਮਾਂ ਦਾ ਨਸ਼ਾ ਹੀ ਕੁਝ ਵੱਖਰਾ ਹੁੰਦਾ ਹੈ ਜਿਸ ਵਿਚੋਂ ਸਾਂਝ ਭਰੀ ਪ੍ਰੀਤ ਦੀ ਖੁਸ਼ਬੋ ਆਉਂਦੀ ਹੈ।

ਅੱਜ ਅਜੋਕੀ ਜ਼ਿੰਦਗੀ ਵੱਲ ਝਾਤ ਮਾਰਿਆਂ ਹਰ ਪਿਤਾ ਨੂੰ ਆਪਣੀ ਬੱਚੀ ਦੀ ਝੋਲੀ ਵਿੱਚ ਵੱਧ ਤੋਂ ਵੱਧ ਵਿਦਿਆ ਦਾ ਦਾਜ ਪਾਉਣਾ ਚਾਹੀਦਾ ਹੈ। ਜਿਸ ਨਾਲ ਇਸ ਬੱਚੀ ਨੇ ਕਲ ਜਣਨੀ ਦਾ ਰੂਪ ਧਾਰ ਕੇ ਘਰ ਨੂੰ ਸਵਰਗ ਬਣਾਉਣਾ ਹੈ। ਸੋ ਜੇਕਰ ਕੁੜਮਾਈ ਦੀ ਰਸਮ ਤੋਂ ਹੀ ਅਜਿਹੀ ਬੁਨਿਆਦ ਰੱਖੀਏ ਜਿਸ ਨਾਲ ਇਹ ਸਾਰਾ ਕਾਰਜ ਕੇਵਲ ਕਹਿਣ ਮਾਤਰ ਹੀ ਆਨੰਦ ਕਾਰਜ ਨਾ ਹੋਵੇ ਬਲਕਿ ਇਹ ਅਸਲ ਵਿੱਚ ਆਨੰਦ ਪ੍ਰਦਾਨ ਕਰਨ ਵਾਲਾ ਕਾਰਜ ਹੋ ਨਿਬੜੇ। ਹਾਂ, ਇਸ ਕਾਰਜ ਵਿੱਚ ਪਹਿਲ ਲੜਕੇ ਪ੍ਰੀਵਾਰ ਵਲੋਂ ਹੋਣੀ ਚਾਹੀਦੀ ਹੈ। ਉਹ ਭਾਵਨਾਂ ਬਣਾਉਣ ਕਿ ਅਸੀਂ ਰਿਸ਼ਤਾ ਬਣਾਉਣ ਲੱਗੇ ਹਾਂ, ਰਿਸ਼ਤਾ ਖਰੀਦਣ ਜਾਂ ਵੇਚਣ ਨਹੀਂ ਲੱਗੇ

ਹਾਂ, ਫਿਰ ਇਸ ਰਸਮ ਨੂੰ ਕਿਵੇਂ ਨਿਭਾਈਏ ? ਇਸ ਗੱਲ ਦਾ ਵੀ ਬੋਧ ਧੰਨ ਗੁਰੂ ਰਾਮਦਾਸ ਮਹਾਰਾਜ ਜੀ ਨੇ ਬਖਸ਼ਿਸ਼ ਕੀਤਾ ਹੈ।

"ਸਤੁ ਸੰਤੋਖੁ ਕਰਿ ਭਾਉ ਕੁੜਮੁ ਕੁੜਮਾਈ ਆਇਆ ਬਲਿ ਰਾਮ ਜੀਉ॥
ਸੰਤ ਜਨਾ ਕਰਿ ਮੇਲੁ ਗੁਰਬਾਣੀ ਗਾਵਾਈਆ ਬਲਿ ਰਾਮ ਜੀਉ॥
ਬਾਣੀ ਗੁਰ ਗਾਈ ਪਰਮ ਗਤਿ ਪਾਈ ਪੰਚ ਮਿਲੇ ਸੋਹਾਇਆ॥
ਗਇਆ ਕਰੋਧੁ ਮਮਤਾ ਤਨਿ ਨਾਠੀ ਪਾਖੰਡੁ ਭਰਮੁ ਗਵਾਇਆ॥
ਹਉਮੈ ਪੀਰ ਗਈ ਸੁਖੁ ਪਾਇਆ ਆਰੋਗਤ ਭਏ ਸਰੀਰਾ॥

ਗੁਰ ਪਰਸਾਦੀ ਬ੍ਰਹਮੁ ਪਛਾਤਾ ਨਾਨਕ ਗੁਣੀ ਗਹੀਰਾ॥

(ਪੰਨਾ ੭੭੩)

ਜਿਸ ਦਿਨ ਕੁੜਮਾਈ ਹੀ ਸਤ ਸੰਤੋਖ ਦੇ ਧਾਰਨੀ ਹੋ ਕੇ ਹੋਵੇਗੀ, ਉਸ ਦਿਨ ਮਿਲਾਪ ਵੀ ਕੁੜਮਾਂ ਵਰਗਾ ਨਹੀਂ, ਬਲਕਿ "ਸੰਤ ਜਨਾ ਕਰਿ ਮੇਲੁ" ਵਾਂਗੂੰ ਹੋਵੇਗਾ ਜਿਸ ਵਿੱਚ ਗੁਰੂ ਹੀ ਵਰਤੇਗਾ। ਕਿਉਂਕਿ ਦੋਨਾਂ ਧਿਰਾਂ ਨੇ ਇਕੱਠੇ ਹੋ ਕੇ 'ਗੁਰਬਾਣੀ ਗਾਵਾਈਆ ਬਲਿ ਰਾਮ ਜੀਉ' ਦੇ ਕਥਨ ਮੁਤਾਬਿਕ ਉਥੇ ਗੁਰਬਾਣੀ ਦਾ ਸੱਚੇ ਮਨੋਂ ਪ੍ਰਕਾਸ਼ ਹੋਇਆ। ਗੁਰਬਾਣੀ ਹਿਰਦਿਓ ਗਾਈ ਜਾਏਗੀ। ਜਿਥੇ ਗੁਰਬਾਣੀ ਦੀ ਕਲਾ ਵਰਤਦੀ ਹੈ ਉਥੋਂ ਫਿਰ ਪਾਖੰਡ ਅਤੇ ਭਰਮ ਦਾ ਨਾਸ਼ ਹੋ ਜਾਂਦਾ ਹੈ। ਉਥੋਂ ਕਰੋਧ ਅਤੇ ਮਮਤਾ ਵੀ ਕੂਚ ਕਰ ਜਾਂਦੀ ਹੈ ਜਿਸ ਕੂੜ ਅਹੰਕਾਰ ਕਹ ਪਾਜੋ ਨੇ ਇਸ ਰਿਸ਼ਤੇ ਨੂੰ ਸੁਆਰਥੀ ਡੋਰੀ ਨਾਲ ਬੰਨ੍ਹਿਆ ਸੀ ਉਸ ਦੀ ਬਜਾਇ ਹੁਣ ਹਉਮੈ ਪੀਰ ਹੀ ਖਤਮ ਹੋ ਗਈ, ਇਹ ਸੁਆਰਥੀ ਡੋਰ ਬਦਲ ਕੇ ਪ੍ਰੀਤ ਦੀ ਡੋਰੀ ਬਣ ਗਈ। ਅਜਿਹੇ ਪ੍ਰੇਮ ਭਰੇ ਨੇਤਰ ਹੀ ਪਤਨੀ ਨੂੰ ਪਛਾਣ ਸਕਦੇ ਹਨ ਅਤੇ ਅਜਿਹੇ ਨੇਤਰ ਹੀ ਪਤੀ ਨੂੰ ਪਛਾਣ ਸਕਦੇ ਹਨ।

ਕਈ ਥਾਵਾਂ ਤੇ ਗੁਰਬਾਣੀ ਦੇ ਪਾਵਨ ਬਚਨਾਂ ਦੀ ਵਿਆਖਿਆ ਇਤਿਹਾਸ ਦੇ ਪੰਨਿਆਂ ਤੇ ਵੀ ਬਹੁਤ ਸੁਹਾਵਣੇ ਢੰਗ ਨਾਲ ਕੀਤੀ ਮਿਲਦੀ ਹੈ। ਜਿਸ ਨਾਲ ਕਰਨੀ ਤੇ ਕਥਨੀ ਦਾ ਸੁਮੇਲ ਸਾਡੀ ਜ਼ਿੰਦਗੀ ਦੀ ਬਾਂਹ ਪਕੜ ਕੇ ਹੋਰ ਵੀ ਦ੍ਰਿੜ੍ਹਤਾ ਬਖਸ਼ਿਸ਼ ਕਰਦਾ ਹੈ ਕਿ "ਮਨਮੁਖਾਂ ਨਾਲੋਂ ਤੁਟੀ ਭਲੀ ਜਿਨਾ ਮਾਇਆ ਮੋਹ ਪਿਆਰ" ਹੋਵੇ। ਅਜਿਹੀ ਹੀ ਇਕ ਝਲਕ ਪਾਠਕਾਂ ਨਾਲ ਸਾਂਝੀ ਕਰਨੀ ਚਾਹੁੰਦਾ ਹਾਂ।

ਧੰਨ ਗੁਰੂ ਅਰਜਨ ਸਾਹਿਬ ਜੀ ਦੇ ਦਰਬਾਰ ਵਿੱਚ (ਸ੍ਰੀ ਗੁਰੂ) ਹਰਿਗੋਬਿੰਦ ਸਾਹਿਬ ਜੀ ਲਈ ਚੰਦੂ ਦੀਵਾਨ ਦੀ ਲੜਕੀ ਦਾ ਰਿਸ਼ਤਾ, ਇਕ ਚੰਦੂ ਵਲੋਂ ਆਪਣੀ ਲੜਕੀ ਲਈ ਯੋਗ ਵਰ ਲੱਭਣ ਲਈ ਭੇਜਿਆ ਪੰਡਿਤ ਲੈ ਕੇ ਆਇਆ। ਸਾਹਿਬ ਜੀ ਨੇ ਸਾਰੀ ਵੀਚਾਰ ਸੁਣ ਕੇ ਧੀਆਂ ਭੈਣਾਂ ਸਰਬੱਤ ਦੀਆਂ ਸਾਂਝੀਆਂ ਵਾਲੀ ਵੀਚਾਰ ਅਨੁਸਾਰ ਹਾਮੀ ਭਰ ਦਿੱਤੀ। ਪੰਡਿਤ ਹਾਂ ਵਿੱਚ ਜੁਆਬ ਸੁਣ ਕੇ ਗੱਦ ਗੱਦ ਹੋ ਉਠਿਆ ਕਿਉਕਿ ਉਸ ਘਰ ਵਿੱਚ ਜਨਨੀ ਦੀ ਨਿੰਦਾ ਕਰਨ ਵਾਲਿਆਂ ਨੂੰ ਤਾੜਨਾ ਕਰ ਦਿਤੀ ਸੀ ਜਿਸ ਕਰਕੇ ਪ੍ਰਾਪਤ ਹੋਣ ਵਾਲੇ ਪਿਆਰ ਸਤਿਕਾਰ ਦਾ ਕੋਈ ਅੰਤ ਨਹੀ ਸੀ। ਧੰਨ ਪਦਾਰਥ ਦੀ ਵੀ ਕੋਈ ਕਮੀਂ ਨਹੀਂ ਸੀ। ਤੀਸਰੀ ਬਾਤ ਜਿਹੜੀ ਵਰ ਕਿਹੋ ਜਿਹਾ ਹੋਵੇ, ਉਸ ਦੀ ਤਾਂ ਗੱਲ ਹੋ ਨਹੀਂ ਸਕਦੀ ਸੀ ਕਿਉਂਕਿ ਗੁਰੂ ਹਰਿਗੋਬਿੰਦ ਸਾਹਿਬ ਮਹਾਰਾਜ ਦੀ ਸ਼ੋਭਾ ਦਾ ਪਹਿਲਾਂ ਹੀ ਅੰਤ ਨਹੀਂ ਸੀ। ਪੰਡਿਤ ਨੂੰ ਵਰ ਵੀ ਤੇ ਘਰ ਵੀ ਦੋਵੇਂ ਬਹੁਤ ਚੰਗੇ ਮਿਲ ਜਾਣ ਕਰਕੇ ਰਿਸ਼ਤੇ ਦੀ ਪੱਕੀ ਕਰਕੇ ਚੰਦੂ ਦੇ ਘਰ ਇਹ ਖੁਸ਼ੀਆਂ ਭਰੀ ਖਬਰ ਸੁਣਾਉਣ ਗਿਆ। ਪਰ ਅਗਿਓ

ਚੰਦੂ ਦੀ ਹੰਕਾਰ ਭਰੀ ਅੱਖ ਨੇ ਨਿਰੰਕਾਰ ਨੂੰ ਪਛਾਨਣ ਵਿਚ ਧੋਖਾ ਖਾ ਲਿਆ। ਹੰਕਾਰ ਵਿੱਚ ਮੱਤਾ ਬੋਲਿਆ ਕਿ ਚੁਬਾਰੇ ਦੀ ਇੱਟ ਗੰਦੀ ਨਾਲੀ ਨੂੰ ਲਗਾ ਦਿੱਤੀ ਹੈ। ਜਦੋਂ ਇਹ ਵੀਚਾਰ ਦਰਬਾਰ ਵਿੱਚ ਹੋਈ ਤਾਂ ਸੁਹਿਰਦ ਸਿਖ ਸੁਣ ਕੇ ਬਰਦਾਸ਼ਿਤ ਨਾ ਕਰਨ। ਆਪਣੇ ਸਤਿਗੁਰੂ ਗਰੀਬ ਨਿਵਾਜ਼ ਤੇ ਭਰੋਸਾ ਤੇ ਮਾਣ ਕਰਕੇ ਇਕ ਹਰਖਾਂ ਨਾਲ ਭਿੱਜੀ ਚਿੱਠੀ ਲਿਖੀ ਕਿ ਅਜਿਹੇ ਹੰਕਾਰੀ ਦੀ ਧੀ ਦਾ ਰਿਸ਼ਤਾ ਨਾ ਲਿਆ ਜਾਵੇ। ਇਤਿਹਾਸ ਗਵਾਹੀ ਭਰਦਾ ਹੈ ਕਿ ਚੰਦੂ ਜ਼ੋਰ ਲਾਉਂਦਾ ਥੱਕ ਗਿਆ ਪਰ ਆਪਣੇ ਹੰਕਾਰੀ ਅਹੁਦੇ ਵਿੱਚ ਧੰਨ ਪਦਾਰਥ ਨਾਲ ਭਾਵ ਕਿਸੇ ਤਰ੍ਹਾਂ ਵੀ ਆਪਣੀ ਗੱਲ ਨਾ ਮਨਵਾ ਸਕਿਆ।

ਇਹ ਇਤਿਹਾਸਕ ਸਚਾਈ ਸਾਨੂੰ ਸਤ ਸੰਤੋਖ ਦੇ ਧਾਰਨੀ ਹੋ ਕੇ ਇਸ ਰਿਸ਼ਤੇ ਦੀ ਨੀਂਹ ਰੱਖਣ ਲਈ ਪ੍ਰੇਰਿਤ ਕਰਦੀ ਹੈ। ਸੰਤੋਖੀ ਹਮੇਸ਼ਾ ਹੀ ਰੱਜਿਆ ਹੋਇਆ ਹੁੰਦਾ ਹੈ। ਸੰਤੋਖੀ ਘਰ ਉਜਾੜ ਨਹੀਂ ਬਲਕਿ ਉਜੜਿਆਂ ਨੂੰ ਵਸਾ ਦਿੰਦਾ ਹੈ। ਅਸਲ ਵਿਚ ਸੱਚਾ ਨਿਰਬਾਹ ਹੀ ਅਜਿਹੇ ਸੰਤੋਖੀ ਪ੍ਰੀਵਾਰ ਨਾਲ ਹੁੰਦਾ ਹੈ। ਇਸੇ ਲਈ ਇਹ ਕੇਵਲ ਵਿਆਹ ਦੀ ਹੀ ਰੀਤ ਨਹੀਂ ਬਲਕਿ ਨਿਰਬਾਹ ਦੀ ਵੀ ਸਿਖਿਆ ਹੈ।

ਗੀਹਨਿ ਚੰਗੀ (ਲੜਕਾ, ਲੜਕੀ ਵੇਖਣ ਦੀ ਰਸਮ)

ਕੁਝ ਕੁ ਗੱਲਾਂ ਨੇ ਪੁਰਾਤਨਤਾ ਦਾ ਬਿਰਧ ਚੋਲਾ ਲਾਹ ਕੇ ਨਵੀਨਤਾ ਦੀ ਨਵੀਂ ਪੁਸ਼ਾਕ ਪਹਿਣ ਲਈ ਹੈ। ਅਜਿਹਾ ਅਜੋਕੀ ਜ਼ਿੰਦਗੀ ਦੀ ਲੋੜ ਵੀ ਸੀ, ਪਰ ਮਨੁੱਖੀ ਫਿਤਰਤ (ਆਦਤ) ਹੈ ਕਿ ਇਹ ਫਿਰ ਲੋੜ ਤੱਕ ਸੀਮਤ ਨਹੀਂ ਰਹਿੰਦਾ ਓੜਕ ਭਾਲਣ ਤੁਰ ਪੈਂਦਾ ਹੈ, ਜਿਥੋਂ ਆਪਣੀ ਝੋਲੀ ਦੁੱਖਾਂ ਤੇ ਖੁਆਰੀ ਨਾਲ ਭਰ ਕੇ ਫਿਰ ਪਛਤਾਵੇ ਦੀ ਅੱਗ ਵਿੱਚ ਸੜਦਾ ਰਹਿੰਦਾ ਹੈ।

ਅਜਿਹੀ ਹੀ ਇਕ ਪੁਰਾਤਨ ਰੀਤ ਨੇ ਅੱਜ ਸਾਡੀ ਜ਼ਿੰਦਗੀ ਵਿੱਚ ਆਪਣਾ ਰੂਪ ਵਟਾ ਲਿਆ ਹੈ। ਇਹ ਰੀਤ ਹੈ ਕਿ ਅੱਜ ਲੜਕਾ ਪ੍ਰੀਵਾਰ ਲੜਕੀ ਨੂੰ ਵੇਖ ਕੇ ਰਿਸ਼ਤਾ ਪੱਕਾ ਕਰਦਾ ਹੈ। ਕੁਝਕੁ ਸਮੇਂ ਹੋਰ ਪਿਛੇ ਚਲੇ ਜਾਈਏ ਤਾਂ ਉਦੋਂ ਬਹੁਤੀ ਵਾਰੀ ਲੜਕੀ ਵਾਲੇ ਲੜਕਾ ਵੀ ਨਹੀਂ ਸਨ ਦੇਖਦੇ। ਇਹੋ ਕਾਰਨ ਹੈ ਕਿ ਉਦੋਂ ਸਿਹਰਾ ਬੰਨ੍ਹਣ ਦੀ ਰਸਮ ਨੇ ਜਨਮ ਲਿਆ ਸੀ। ਲੜਕਾ ਵਿਆਹ ਹੋ ਜਾਣ ਮਗਰੋਂ ਸਿਹਰਾ ਖੋਲ੍ਹਦਾ ਸੀ। ਉਦੋਂ "ਜੋੜੀਆਂ ਜੱਗ ਥੋੜੀਆਂ ਗਲਿ ਨਰੜ ਬਥੇਰੈ" ਦੀ ਕਹਾਵਤ ਪੈਦਾ ਹੋਈ। ਭਾਵ ਇਕ ਦੂਜੇ ਦੇ ਹਾਣੀ ਪ੍ਰਵਾਣੀ (ਮੇਲ) ਘੱਟ ਹੁੰਦੇ ਸਨ, ਬਹੁਤੀ ਵਾਰੀ ਧੋਖਾ ਵੀ ਹੋ ਜਾਂਦਾ ਸੀ। ਸਮਾਂ ਪਾ ਕੇ ਲੜਕੀ ਪ੍ਰੀਵਾਰ ਵਾਲੇ ਲੜਕੇ ਨੂੰ ਵੇਖ ਪਰਖ ਕੇ ਰਿਸ਼ਤਾ ਕਰਨ ਲੱਗ ਪਏ, ਜਿਸ ਨਾਲ ਸਿਹਰੇ ਦੀ ਰਸਮ ਵੀ ਹੱਟ ਗਈ ਕਿਉਂਕਿ ਲੜਕਾ ਵੇਖਿਆ ਹੋਣ ਕਰਕੇ ਮੂੰਹ ਕੱਜਣ ਦੀ ਲੋੜ ਨਹੀਂ ਸੀ। ਇਹ ਰੀਤ ਲੰਮਾ ਸਮਾਂ ਚੱਲਦੀ ਰਹੀ। ਪਰ ਹਾਲੇ ਵੀ ਇਸ ਦਾ ਇਕ ਪੱਖ ਕਮਜ਼ੋਰ ਸੀ ਕਿਉਂਕਿ ਲੜਕੀ ਨਾਲ ਸ਼ਰਮ ਹਯਾ ਦਾ ਅਤੇ ਇੱਜ਼ਤ ਦਾ ਰਿਸ਼ਤਾ ਸਮਾਜ ਨੇ ਜ਼ਿਆਦਾ ਜ਼ੋਰ ਦੇਣ ਕਰਕੇ ਲੜਕੀ ਕਿਹੋ ਜਿਹੀ ਹੈ। ਇਸ ਗੱਲ ਲਈ ਵਿਚੋਲੇ ਤੇ ਇਤਬਾਰ ਕਰ ਲਿਆ ਜਾਂਦਾ ਸੀ। ਇਸ ਰੀਤ ਵਿੱਚ ਧੋਖਾ ਰਾਜ ਕਰਨ ਲੱਗ ਪਿਆ। ਮਨੁੱਖੀ ਚੇਤਨਾ ਨੇ ਇਕ ਕਦਮ ਹੋਰ ਪੁੱਟ ਲਿਆ ਕਿ ਕਿਉਂ ਨਾ ਕਿਸੇ ਥਾਂ ਤੇ ਇਕੱਤਰ ਹੋ ਕੇ ਲੜਕਾ ਪ੍ਰੀਵਾਰ ਲੜਕੀ ਨੂੰ ਵੇਖ ਲਵੇ ਤੇ ਲੜਕੀ ਸਮੇਤ ਸਾਰਾ ਪ੍ਰੀਵਾਰ ਲੜਕੇ ਨੂੰ ਵੇਖ ਲਵੇ। ਇਸੇ ਤਰ੍ਹਾਂ ਲੜਕਾ ਲੜਕੀ ਵੀ ਆਪਸ ਵਿੱਚ ਇਕ ਦੂਜੇ ਨਾਲ ਕੁਝ ਪੱਲ ਬੈਠੇ ਤੇ ਆਉਣ ਵਾਲੀ ਜ਼ਿੰਦਗੀ ਦੇ ਸੁਪਨੇ ਸਿਰਜਣ ਲਈ ਅਰੰਭਤਾ ਹਕੀਕਤ ਤੋਂ ਕਰ ਲੈਣ। ਇਹ ਰੀਤ ਕਿਸੇ ਹੱਦ ਤੱਕ ਸਮਾਜਿਕ ਪ੍ਰਵਾਨ ਵੀ ਹੋਈ ਅਤੇ ਹੈ ਵੀ ਕਰੀਬ ਠੀਕ ਸੀ।

ਮਨੁੱਖੀ ਜ਼ਿੰਦਗੀ ਦੀ ਕਮਜ਼ੋਰੀ ਨੇ ਇਥੇ ਵੀ ਇਕ ਹੋਰ ਕੁਰੀਤੀ ਨੂੰ ਜਨਮ ਦੇ

ਦਿੱਤਾ। ਮਨੁੱਖੀ ਕਮਜ਼ੋਰੀ ਹੈ ਕਿ ਇਹ ਕੇਵਲ ਰੂਪ ਦਾ ਸ਼ੌਕੀਨ ਹੈ। ਸੁੰਦਰਤਾ ਕਦੇ ਵੀ ਸਥਿਰ ਨਹੀਂ ਰਹਿੰਦੀ। ਆਖਿਰ ਹਰ ਸੁੰਦਰਤਾ ਨੇ ਇਕ ਦਿਨ ਕਰੂਪਤਾ ਵਿੱਚ ਤਬਦੀਲ ਹੋ ਜਾਣਾ ਹੈ। ਇਸ ਲਈ ਅੱਜ ਰੂਪ ਦੇ ਖਰੀਦਦਾਰ ਨੇ ਕੱਲ ਕਰੂਪਤਾ ਨੂੰ ਪ੍ਰਵਾਨ ਨਹੀਂ ਕਰਨਾ। ਜਿਸ ਕਾਰਨ ਨਿਰਬਾਹ ਦੇ ਰਸਤੇ ਵਿੱਚ ਸੁਆਲੀਆ ਚਿੰਨ ਲੱਗ ਜਾਣਾ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਜ਼ਿੰਦਗੀ ਵਿੱਚ ਕੁਝ ਕੁ ਹਿੱਸਾ ਸੁੰਦਰਤਾ ਵਿਖਾਵੇ ਦਾ ਵੀ ਹੈ ਪਰ ਬਹੁਤੀ ਵਾਰੀ ਕੋਈ ਚੀਜ਼, ਗੁਣਾਂ ਕਰਕੇ ਚੰਗੀ ਹੋਵੇ, ਪ੍ਰਾਪਤੀ ਕੀਤੀ ਜਾਂਦੀ ਨਾਕਿ ਕੇਵਲ ਸੁੰਦਰਤਾ ਕਰਕੇ। ਦੋ ਚੀਜ਼ਾਂ ਦਾ ਸੁਮੇਲ ਬਹੁਤ ਜ਼ਰੂਰੀ ਹੈ। ਸ਼ਕਲ ਵੀ ਹੋਵੇ ਅਤੇ ਅਕਲ ਵੀ ਹੋਵੇ ਕਿਉਂਕਿ ਘਰ ਪ੍ਰੀਵਾਰ ਦੀਆਂ ਖੁਸ਼ੀਆਂ, ਉਨਾਂ ਵਿਚ ਆਏ ਦੁਖਾਂ ਸੁਖਾਂ ਦੀ ਸਾਂਝ ਅਤੇ ਇਕੱਠ ਦੀ ਲੜੀ ਵਿੱਚ ਅਕਲ ਨੇ ਪਰੋ ਕੇ ਰੱਖਣਾ ਹੈ। ਕੇਵਲ ਸ਼ਕਲ ਨਾਲ ਕਈ ਘਰ ਪ੍ਰੀਵਾਰ ਉਜੜਦੇ ਵੀ ਵੇਖੇ ਜਾਂਦੇ ਹਨ। ਸੁੰਦਰਤਾ ਵਾਲਾ ਕੇਵਲ ਆਪ ਹੀ ਸੁੰਦਰ ਹੋ ਸਕਦਾ ਹੈ ਪਰ ਗੁਣਾਂ ਵਾਲਾ ਹੋਰਾਂ ਨੂੰ ਵੀ ਗੁਣਵਾਨ ਬਣਾ ਕੇ ਹੋਰਾਂ ਦੀਆਂ ਜ਼ਿੰਦਗੀਆਂ ਵਿੱਚ ਵੀ ਖੁਸ਼ੀਆਂ ਦੇ ਫੁੱਲ ਖਿੜਾ ਸਕਦਾ ਹੈ। ਅਕਲ ਸਮਾਂ ਪਾ ਕੇ ਜਾਂ ਗੁਣ ਸਮਾਂ ਪਾ ਕੇ ਹੋਰ ਸਫਲਤਾ ਤਾਂ ਪ੍ਰਾਪਤ ਕਰ ਸਕਦਾ ਹੈ, ਪਰ ਕੇਵਲ ਸੁੰਦਰਤਾ ਵਾਂਗੂੰ ਇਸ ਨੇ ਕਦੇ ਕਰੂਪਤਾ ਵਿੱਚ ਨਹੀਂ ਬਦਲਣਾ। ਪ੍ਰੇਮ ਅਸਲ ਵਿਚ ਹੁੰਦਾ ਹੀ ਦੋਵੇਂ ਸੂਰਤ ਤੇ ਸੀਰਤ ਦਾ ਮਿਲਾਪ ਹੈ। ਫਿਰ ਪ੍ਰੇਮ ਪੈਦਾ ਹੋ ਜਾਣ ਨਾਲ ਪ੍ਰੇਮ ਕਦੇ ਵੀ ਸੁੰਦਰਤਾ ਦਾ ਮੁਥਾਜ ਨਹੀਂ ਹੁੰਦਾ। ਸ਼ਾਇਦ ਲੈਲਾ ਮਜਨੂੰ ਦੀ ਆਸ਼ਕੀ ਸੁੰਦਰਤਾ ਦੇ ਆਧਾਰਿਤ ਹੁੰਦੀ ਤਾਂ ਅੱਜ ਚਹੁ ਚੱਕੀ ਜਾਤੀ ਨਹੀਂ ਸੀ ਹੋਣੀ। ਭਗਤ ਫਰੀਦ ਜੀ ਦਾ ਅੰਕਿਤ ਬੋਲ ਹੈ ਕਿ ਮੈਂ ਤਾਂ ਸਾਈਂ ਦੀ ਪ੍ਰੀਤ ਲਈ ਆਪਣਾ ਸੁਹੱਪਣ ਭਾਵ ਆਪਣਾ ਜੋਬਨ ਵਾਰਦਿਆਂ ਮੈਨੂੰ ਜੋਬਨ ਵੀ ਪ੍ਰਵਾਨ ਨਹੀਂ, ਪਰ ਮੇਰੀ ਪ੍ਰੀਤ ਨਾ ਟੁੱਟੇ।

> **"ਜੋਬਨ ਜਾਂਦੇ ਨਾ ਡਰਾਂ ਜੇ ਸਹ ਪ੍ਰੀਤਿ ਨ ਜਾਇ ॥**
> **ਫਰੀਦਾ ਕਿਤੀ ਜੋਬਨ ਪ੍ਰੀਤਿ ਬਿਨੁ ਸੁਕਿ ਗਏ ਕੁਮਲਾਇ ॥੩੪॥**

(ਪੰਨਾ ੧੩੭੯)

ਦੂਜੇ ਪਾਸੇ ਹਜ਼ੂਰ ਹੋਰ ਵੀ ਅਗਵਾਈ ਬਖਸ਼ਿਸ਼ ਕਰਦੇ ਹਨ ਕਿ-

> **ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ ॥**
> **ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ ॥੧॥**

(ਪੰਨਾ ੨੫੩)

ਭਾਈ ਸਾਹਿਬ ਜੀ ਵੀ ਇਕ ਬਚਨ ਬਹੁਤ ਪਿਆਰਾ ਕਰਦੇ ਹਨ ਕਿ ਜਿਵੇਂ ਬੱਚੀ ਮਾਪਿਆਂ ਦੇ ਘਰ ਤਾਂ ਹਰ ਗੱਲ ਇਸ ਲਈ ਮਨਵਾ ਲੈਂਦੀ ਹੈ ਕਿਉਂਕਿ ਮਾਪਿਆਂ ਦੇ ਘਰ ਉਨਾਂ ਦੀਆਂ ਅੱਖਾਂ ਤੇ ਲਾਡ ਪਿਆਰ ਦਾ ਚਸ਼ਮਾਂ ਲੱਗਾ ਹੋਣ

ਕਰਕੇ ਹੋਰ ਕੁਝ ਨਜ਼ਰ ਹੀ ਨਹੀਂ ਆਉਂਦਾ ਪਰ ਵਿਆਹ ਤੋਂ ਬਾਅਦ ਸਹੁਰੇ ਘਰ ਵਿੱਚ ਤਾਂ ਨਿਰਬਾਹ ਕਰਨ ਲਈ ਗੁਣਾਂ ਦੀ ਲੋੜ ਪੈਂਦੀ ਹੈ। ਪੇਕੇ ਘਰ ਵਿੱਚ ਪਿਆਰ ਪਹਿਲਾਂ ਗੁਣ ਮਗਰੋਂ ਪਰ ਸਹੁਰੇ ਘਰ ਵਿਚ ਗੁਣ ਪਹਿਲਾਂ ਪਿਆਰ ਮਗਰੋਂ ਬਲਕਿ ਗੁਣਾਂ ਨੇ ਹੀ ਪਿਆਰ ਸਤਿਕਾਰ ਪੈਦਾ ਕਰਨਾ ਹੈ। ਬਚਨ ਹਨ

ਨੈਹਰ ਕੁਆਰ ਕੰਨਿਆਂ ਲਾਡਲੀ ਕੈ ਮਾਨੀਅਤ
ਬਿਆਹੇ ਸਸੁਰਾਲ ਜਾਇ ਗੁਨਨ ਕੈ ਮਾਨੀਐ ॥

(ਭਾਈ ਗੁਰਦਾਸ ਜੀ ਕਬਿੱਤ ੧੧੮)

ਇਸੇ ਲਈ ਸਾਹਿਬ ਜੀ ਬਾਲੜੀ ਨੂੰ ਸਮਝਾਉਂਦੇ ਹਨ ਕਿ ਜੇਕਰ ਇਸਤ੍ਰੀ ਗੁਣਾਂ ਦਾ ਟੂਣਾ ਆਪਣੇ ਪਤੀ ਤੇ ਕਰ ਸਕਦੀ ਹੈ ਤਾਂ ਉਹ ਹਕੀਕਤ ਹੈ ਕਿ ਇਕ ਦਿਨ ਪਤੀ ਪਿਆਰ ਹਾਸਿਲ ਕਰ ਲੈਂਦਾ ਹੈ।

"ਗੁਣ ਕਾਮਣ ਕਾਮਣਿ ਕਰੈ ਤਉ ਪਿਆਰੇ ਕਉ ਪਾਵੈ ॥"

(ਪੰਨਾ ੭੨੫)

ਪਰ ਦੂਜੇ ਪਾਸੇ ਜੇਕਰ ਕੇਵਲ ਸੁੰਦਰਤਾ ਦਾ ਮਾਣ ਹੈ ਪਰ ਪਤੀ ਪਿਆਰ ਨਸੀਬ ਨਹੀਂ ਹੋਇਆ ਤਾਂ ਸਾਹਿਬ ਜੀ ਫੁਰਮਾਉਂਦੇ ਹਨ ਕਿ-

ਚੂੜਾ ਭੰਨੁ ਪਲੰਘ ਸਿਉ ਮੁੰਧੇ ਸਣੁ ਬਾਹੀ ਸਣੁ ਬਾਹਾ ॥
ਏਤੇ ਵੇਸ ਕਰੇਦੀਏ ਮੁੰਧੇ ਸਹੁ ਰਾਤੋ ਅਵਰਾਹ ॥

(ਪੰਨਾ ੫੫੭)

ਇਕ ਚੰਗੇ ਅਮੀਰ ਅਤੇ ਸੁਖੀ ਪ੍ਰੀਵਾਰ ਵਿਚ ਇਕ ਲੜਕਾ ਪੈਦਾ ਹੋਇਆ। ਮਾਪਿਆਂ ਨੇ ਇਕਲੌਤਾ ਪੁੱਤ ਹੋਣ ਕਰਕੇ ਹਰ ਤਰਾਂ ਨਾਲ ਲਾਡ ਮਲਾਰ ਨਾਲ ਪਾਲਿਆ। ਵੱਡਾ ਹੋਇਆ ਮਾਪਿਆਂ ਦੇ ਪਿਆਰ ਨੇ ਪੜ੍ਹਨ ਵਿੱਚ ਵੀ ਰੁਕਾਵਟ ਪਾ ਦਿੱਤੀ। ਜੁਆਨ ਹੋਇਆ, ਪੈਸੇ ਹੋਣ ਕਰਕੇ ਮਿਤਰਾਂ ਦਾ ਵੀ ਘਾਟਾ ਨਹੀਂ ਸੀ। ਜ਼ਿੰਦਗੀ ਦੇ ਕਦਮ ਗਲਤ ਰਸਤੇ ਤੇ ਤੁਰ ਪਏ। ਭੈੜੀ ਸੰਗਤ ਦਾ ਸ਼ਿਕਾਰ ਹੋ ਗਿਆ। ਮਾਤਾ ਪਿਤਾ ਨੂੰ ਵੀ ਹੋਸ਼ ਪਰਤੀ ਫਿਰ ਉਸ ਦੀ ਜ਼ਿੰਦਗੀ ਨੂੰ ਸੁਧਾਰਨ ਲਈ ਇਕ ਚੰਗੇ ਖਾਨਦਾਨੀ ਭਾਵ ਚੰਗੀ ਪੜ੍ਹੀ ਲਿਖੀ ਚੰਗੇ ਗੁਣਾਂ ਦੀ ਮਾਲਿਕ ਲੜਕੀ ਵੇਖ ਕੇ ਵਿਆਹ ਕਰ ਦਿੱਤਾ। ਘਰ ਪ੍ਰੀਵਾਰ ਵਿਚ ਸੁਖ ਆਉਣ ਦੀ ਬਜਾਇ ਬੁੱਢੇ ਮਾਪਿਆਂ ਲਈ ਹੋਰ ਦੁੱਖ ਪੈਦਾ ਹੋ ਗਿਆ, ਕਿਉਂਕਿ ਉਹ ਪਹਿਲਾਂ ਹੀ ਜਿਸ ਇਸਤ੍ਰੀ ਦੇ ਪ੍ਰੇਮ ਜਾਲ ਵਿੱਚ ਫਸਿਆ ਸੀ, ਉਸ ਨੇ ਅਜਿਹੇ ਤਰੀਕੇ ਭਰਮਾ ਦਿਤਾ ਕਿ ਪ੍ਰੇਮ ਪਿਆਰ ਤਾਂ ਦੂਰ ਦੀ ਗੱਲ ਆਪਣੀ ਘਰਵਾਲੀ ਦਾ ਕਦੇ ਚਿਹਰਾ ਵੀ ਧਿਆਨ ਨਾਲ ਨਹੀਂ ਤੱਕਿਆ ਸੀ। ਕਦੇ ਕਦਾਈਂ ਘਰ ਆਉਣਾ ਉਹ ਵੀ ਨਸ਼ੇ ਦੇ ਲੋਰ ਵਿੱਚ ਹੀ ਵਾਪਿਸ ਮੁੜ ਜਾਣਾ। ਮਾਤਾ ਪਿਤਾ (ਸੱਸ ਸਹੁਰਾ)

ਲੜਕੀ ਦੀ ਜ਼ਿੰਦਗੀ ਵੱਲ ਵੇਖ ਕੇ ਹੋਰ ਵੀ ਦੁਖੀ ਹੋਣ ਲਗੇ। ਇਕ ਦਿਨ ਸਾਰਿਆਂ ਹੱਥ ਜੋੜ ਕੇ ਕਹਿ ਹੀ ਦਿਤਾ ਕਿ ਬੱਚੀਏ ਭਾਵੇਂ ਤੇਰੀ ਜ਼ਿੰਦਗੀ ਦੀ ਬਰਬਾਦੀ ਦੇ ਅਸੀਂ ਜ਼ਿੰਮੇਵਾਰ ਹਾਂ, ਪਰ ਫਿਰ ਵੀ ਤੂੰ ਸਾਨੂੰ ਛੱਡ ਕੇ ਆਪਣੀ ਨਵੀਂ ਦੁਨੀਆਂ ਵਸਾ ਕੇ ਰਹਿੰਦੀ ਜ਼ਿੰਦਗੀ ਸੁਖ ਨਾਲ ਕੱਟ ਸਕਦੀ ਹੈਂ। ਲੜਕੀ ਬਹੁਤ ਸਮਝਦਾਰ ਸੀ ਉਸ ਨੇ ਅੱਗੋ ਹੱਥ ਜੋੜ ਕੇ ਬੇਨਤੀ ਕੀਤੀ ਕਿ ਨਹੀਂ ਆਪਾ ਹੌਸਲਾ ਹਾਰਨ ਦੀ ਬਜਾਇ ਉਸਨੂੰ ਸੁਧਾਰਨ ਦੀ ਕੋਸ਼ਿਸ਼ ਕਰੀਏ। ਲੜਕੀ ਨੇ ਕਿਹਾ ਕਿ ਮੈਨੂੰ ਕੁਝ ਦਿਨ ਆਗਿਆ ਦਿਉ? ਪਰ ਮੈਂ ਵਾਅਦਾ ਕਰਦੀ ਹਾਂ ਕਿ ਤੁਹਾਡੀ ਬਜ਼ੁਰਗੀ ਨੂੰ ਕਿਸੇ ਤਰ੍ਹਾਂ ਦਾ ਵੀ ਕੋਈ ਦਾਗ ਨਹੀ ਲਗਣ ਦੇਵਾਂਗੀ। ਲੜਕੀ ਨੇ ਇਕ ਦਿਨ ਆਪਣੇ ਪਤੀ ਦਾ ਪਿੱਛਾ ਕਰਕੇ ਸਾਰਾ ਕੁਝ ਸਮਝ ਪਰਖ ਲਿਆ। ਵਾਪਿਸ ਆ ਕੇ ਆਪਣੇ ਸੱਸ ਸਹੁਰੇ ਨਾਲ ਸਲਾਹ ਕੀਤੀ ਕਿ ਇਕ ਤਾਂ ਘਰ ਦਾ ਗੁਜ਼ਾਰਾ ਵੀ ਦਿਨ ਪ੍ਰਤੀ ਦਿਨ ਔਖਾ ਹੁੰਦਾ ਜਾ ਰਿਹਾ ਹੈ ਦੂਜਾ ਸੁਧਾਰਨ ਲਈ ਵੀ ਮੈਨੂੰ ਇਕ ਦੁਕਾਨ ਕਰਨੀ ਪੈਣੀ ਹੈ, ਸੋ ਤੁਸੀਂ ਕ੍ਰਿਪਾ ਕਰਕੇ ਮੇਰੀ ਮਦਦ ਕਰੋ। ਇਕ ਮੈਨੂੰ ਥੋੜ੍ਹੇ ਪੈਸੇ ਦਿਉ, ਦੂਜਾ ਜਦੋਂ ਤੱਕ ਮੈਂ ਨਾ ਕਹਾਂ ਉਦੋਂ ਤੱਕ ਦੁਕਾਨ ਤੇ ਨਹੀਂ ਆਉਣਾ। ਆਖਰਕਾਰ ਰੋਜ਼ਾਨਾਂ ਦੀਆਂ ਲੋੜਾਂ ਮੁਤਾਬਿਕ ਸਮਗਰੀ ਇਕੱਠੀ ਕਰ ਦੁਕਾਨ ਖੋਹਲ ਲਈ। ਸਮਾਂ ਪਾ ਕੇ ਸਭ ਤੋਂ ਪਹਿਲਾਂ ਤਾਂ ਉਸ ਇਸਤ੍ਰੀ ਨਾਲ ਹੀ ਨੇੜਤਾ ਬਣਾਈ। ਇਸ ਨੇੜਤਾ ਨਾਲ ਹੀ ਆਪਣੇ ਪਤੀ ਨਾਲ ਨੇੜਤਾ ਬਣਾਈ ਕਿਉਂਕਿ ਇਸ ਪਹਿਲੀ ਇਸਤ੍ਰੀ ਨੇ ਸਾਰਾ ਪੈਸਾ ਖਾ ਲੈਣ ਕਾਰਨ ਉਸ ਨਾਲ ਪਿਆਰ ਸਤਿਕਾਰ ਦੇਣਾ ਵੀ ਛੱਡ ਦਿਤਾ। ਪਰ ਇਧਰ ਪਤੀ ਨੂੰ ਵਾਪਿਸ ਲਿਆਉਣ ਲਈ ਹਰ ਯੋਗ ਤਰੀਕਾ ਵਰਤਿਆ ਜਾ ਰਿਹਾ ਸੀ। ਇਕ ਦਿਨ ਆਪ ਹੀ ਦੁਕਾਨ ਤੇ ਆ ਕੇ ਘਰ ਦਾ ਪਤਾ ਪੁੱਛਣ ਲੱਗਾ। ਪਰ ਪਤਨੀ ਨੇ ਚੰਗੀ ਤਰ੍ਹਾਂ ਪਿਆਰ ਸਤਿਕਾਰ ਨਾਲ ਗੁਣਾਂ ਦੇ ਟੂਣੇ ਨਾਲ ਆਪਣੇ ਵੱਸ ਵਿੱਚ ਕਰਕੇ ਦੱਸ ਦਿਤਾ ਕਿ ਹੁਣ ਤੈਨੂੰ ਮੇਰੇ ਨਾਲ ਵਿਆਹ ਕਰਵਾਉਣ ਦੀ ਲੋੜ ਨਹੀਂ ਕਿਉਂਕਿ ਮੈਂ ਤਾਂ ਪਹਿਲਾਂ ਹੀ ਤੇਰੇ ਨਾਲ ਵਿਆਹੀ ਹੋਈ ਹਾਂ ਪਰ ਤੈਨੂੰ ਹੀ ਕਦੇ ਵਿਕਾਰੀ ਦੁਨੀਆਂ ਤੇ ਨਸ਼ੇ ਦੀ ਲੋਰ ਨੇ ਜਾਗਣ ਨਹੀ ਸੀ ਦਿਤਾ। ਪਤੀ ਨੇ ਜਿਥੇ ਰੋ ਰੋ ਕੇ ਪਛਤਾਵਾ ਕਰ ਆਪ ਆਪਣੀਆਂ ਗਲਤੀਆਂ ਦੀ ਮੁਆਫੀ ਮੰਗੀ, ਉਥੇ ਮਾਪਿਆਂ ਵੀ ਇਸ ਬੱਚੀ ਨੂੰ ਹੋਰ ਦਿਲ ਦੇ ਤਖਤ ਤੇ ਬਿਠਾ ਕੇ ਸਤਿਕਾਰ ਦਿੱਤਾ, ਜਿਸ ਦੇ ਗੁਣਾਂ ਨੇ ਉਨਾਂ ਦੀ ਉਜੜੀ ਦੁਨੀਆਂ ਵਸਾ ਦਿਤੀ ਸੀ।

ਭਗਤ ਧੰਨਾ ਜੀ ਦੀ ਰਸਨਾਂ ਤੋਂ ਉਚਾਰੇ ਰੱਬੀ ਬੋਲ, ਬੜੀ ਨਿੱਗਰ ਅਗਵਾਈ ਕਰਦੇ ਹਨ। ਜਿਥੇ ਭਗਤ ਧੰਨਾ ਜੀ ਨੇ ਰੋਜ਼ਾਨਾਂ ਜ਼ਿੰਦਗੀ ਦੀਆਂ ਲੋੜਾਂ ਦੀ ਪੂਰਤੀ ਲਈ ਸੱਚੇ ਸਾਂਈ ਦੀ ਯਾਦ ਦਾ ਪੱਲਾ ਪਕੜ ਕੇ ਮੰਗ ਕੀਤੀ ਹੈ ਉਥੇ ਨਾਲ ਹੀ

ਇਹ ਬੇਨਤੀ ਵੀ ਕੀਤੀ ਹੈ ਕਿ ਇਨਾਂ ਚੀਜ਼ਾਂ ਦੀ ਕੋਈ ਅਹਿਮੀਅਤ ਨਹੀਂ ਜੇਕਰ ਘਰ ਵਿੱਚ ਘਰ ਕੀ ਗੀਹਨਿ ਚੰਗੀ ਨਾ ਹੋਵੇ। ਭਗਤ ਧੰਨਾਂ ਜੀ ਨੇ ਸੁੰਦਰ ਨਹੀਂ ਬਲਕਿ ਚੰਗੀ ਘਰਵਾਲੀ ਦੀ ਮੰਗ ਕੀਤੀ ਹੈ ਕਿਉਂਕਿ ਘਰ ਪ੍ਰੀਵਾਰ ਨੂੰ ਸੰਭਾਲਣ ਲਈ ਕੇਵਲ ਸ਼ਕਲ ਨਹੀਂ ਬਲਕਿ ਅਕਲ ਬਹੁਤ ਜ਼ਰੂਰੀ ਹੈ। ਪਾਵਨ ਬਚਨ ਹਨ ਕਿ

ਗੋਪਾਲ ਤੇਰਾ ਆਰਤਾ ॥
ਜੋ ਜਨ ਤੁਮਰੀ ਭਗਤਿ ਕਰੰਤੇ ਤਿਨ ਕੇ ਕਾਜ ਸਵਾਰਤਾ ॥੧॥ ਰਹਾਉ ॥
ਦਾਲਿ ਸੀਧਾ ਮਾਗਉ ਘੀਉ ॥ ਹਮਰਾ ਖੁਸੀ ਕਰੈ ਨਿਤ ਜੀਉ ॥
ਪਨੀਆ ਛਾਦਨੁ ਨੀਕਾ ॥ ਅਨਾਜੁ ਮਗਉ ਸਤ ਸੀ ਕਾ ॥੧॥
ਗਊ ਭੈਸ ਮਗਉ ਲਾਵੇਰੀ ॥ ਇਕ ਤਾਜਨਿ ਤੁਰੀ ਚੰਗੇਰੀ ॥
ਘਰ ਕੀ ਗੀਹਨਿ ਚੰਗੀ ॥ ਜਨੁ ਧੰਨਾ ਲੇਵੈ ਮੰਗੀ ॥੨॥੪॥ *(ਪੰਨਾ ੬੯੫)*

ਸ਼ੇਖ ਸਾਅਦੀ ਨੂੰ ਕਿਸੇ ਜਗਿਆਸੂ ਨੇ ਸੁਆਲ ਕੀਤਾ ਸੀ ਕਿ ਆਮ ਕਰਕੇ ਮੁੰਦਰੀ ਖੱਬੇ ਹੱਥ ਵਿੱਚ ਹੀ ਕਿਉਂ ਪਾਈ ਜਾਂਦੀ ਹੈ ? ਤਾਂ ਸ਼ੇਖ ਸ਼ਾਅਦੀ ਨੇ ਬੜੇ ਪਿਆਰ ਨਾਲ ਜਵਾਬ ਦਿਤਾ ਸੀ ਕਿ ਸੱਜੇ ਹੱਥ ਨੂੰ ਤਾਂ ਪਹਿਲਾਂ ਹੀ ਪਰਉਪਕਾਰ ਦੇ ਭਲੇ ਦੇ ਕੰਮ ਕਰਕੇ ਆਪਣੀ ਸੁੰਦਰਤਾ ਦੀ ਲੋੜ ਨਹੀਂ ਹੁੰਦੀ, ਉਸ ਕੋਲ ਤਾਂ ਪਹਿਲਾਂ ਹੀ ਸ਼ੁਭ ਦੇ ਗਹਿਣੇ ਪਹਿਣੇ ਹੋਏ ਹਨ। ਇਸ ਲਈ ਖੱਬੇ ਹੱਥ ਨੂੰ ਅਜਿਹੇ ਗਹਿਣਿਆਂ ਦੀ ਲੋੜ ਹੁੰਦੀ ਹੈ। ਭਾਵ ਗੁਣੀ ਜੀਵਨ ਨਿਰਾ ਸੁੰਦਰਤਾ ਦਾ ਗੁਲਾਮ ਨਹੀਂ ਹੁੰਦਾ।

ਪਰ ਅੱਜ ਦੁਖ ਦੀ ਗੱਲ ਇਹ ਵੀ ਹੈ ਕਿ ਅਸੀਂ ਕੇਵਲ ਤੇ ਕੇਵਲ ਚੰਗੇ ਪੁਜਾਰੀ ਹੋ ਗਏ ਹਾਂ। ਦੋਨਾਂ ਪਾਸਿਆਂ ਤੋਂ ਸਿਰਫ ਚਿੱਟੇ (ਗੋਰੇ) ਚੰਮ ਦੀ ਹੀ ਪਰਖ ਕਰਦੇ ਹਾਂ, ਜਦ ਕਿ ਜ਼ਿੰਦਗੀ ਦੀ ਲੋੜ ਕੇਵਲ ਚੰਮ ਨਹੀਂ ਨਾਲ ਕੰਮ ਵੀ ਜ਼ਰੂਰੀ ਹੈ। ਇਕ ਦੂਜੇ ਦੇ ਮੇਲ ਮਿਲਾਪ ਵੇਲੇ ਗੁਣਾਂ ਦੀ ਕਦਰ ਕਰਨੀ ਚਾਹੀਦੀ ਹੈ। ਇਸ ਨਾਲ ਮਾਪਿਆਂ ਵਿੱਚ ਵੀ ਆਪਣੀ ਔਲਾਦ ਨੂੰ ਹੋਰ ਗੁਣਵਾਨ ਬਣਾਉਣ ਦਾ ਉਤਸ਼ਾਹ ਜਾਗੇਗਾ। ਜਿਸ ਨਾਲ ਸਮਾਜਿਕ ਕੁਰੀਤੀਆਂ ਦਾ ਖਾਤਮਾ ਹੋਵੇਗਾ। ਇਕ ਸੱਚੇ ਸੁੱਚੇ ਸਮਾਜ ਦੀ ਸਿਰਜਣਾ ਹੋਵੇਗੀ। ਸਮਾਜ ਦੀ ਪਹਿਲੀ ਇਕਾਈ ਭਾਵ ਸ਼ੁਰੂਆਤ ਪ੍ਰੀਵਾਰ ਹੀ ਤਾਂ ਹੈ, ਇਥੋਂ ਹੀ ਵੱਧ ਫੁੱਲ ਕੇ ਬਾਕੀ ਸਮਾਜ ਜਾਂ ਸ਼ਿੰਗਾਰ ਬਣਦਾ ਹੈ। ਆਉ ਫਿਰ ਕੋਸ਼ਿਸ਼ ਕਰੀਏ ਆਪਣੇ ਬੱਚੇ ਬੱਚੀਆਂ ਦੇ ਰਿਸ਼ਤੇ ਕਰਨ ਲੱਗਿਆਂ ਜਿਥੇ ਸ਼ਕਲਾਂ ਦਾ ਸੁਮੇਲ ਵੇਖਦੇ ਹਾਂ, ਉਥੇ ਊਚ ਨੀਚ, ਫੋਕੀਆਂ ਰਸਮਾਂ ਰਿਵਾਜ਼ਾਂ ਦੇ ਸੰਗਲਾਂ ਨੂੰ ਤੋੜਨਾ ਹੈ। ਨਿਰੇ ਸ਼ਕਲਾਂ ਦੇ ਆਧਾਰਿਤ ਪੈਦਾ ਹੋਏ ਸੁਮੇਲਾਂ ਦਾ ਮਾਰਗ ਬਹੁਤ ਛੋਟਾ ਹੁੰਦਾ ਹੈ ਪਰ ਚੰਗੇ ਗੁਣਾਂ ਦੇ ਆਧਾਰਿਤ ਹੋਏ ਸੁਮੇਲ ਨਾਲ ਜ਼ਿੰਦਗੀ ਭਰ ਦਾ ਨਿਰਬਾਹ ਹੁੰਦਾ ਹੈ। ਨਿਰਬਾਹ ਹੀ ਜ਼ਿੰਦਗੀ ਦੇ ਸੁਖਾਂ ਨੂੰ ਜਨਮ ਦਿੰਦਾ ਹੈ। ✡

"ਜੁਆਈ ਕਿਹੋ ਜਿਹਾ ਹੋਵੇ"

ਗ੍ਰਿਹਿਸਤੀ ਜੀਵਨ ਰਿਸ਼ਤਿਆਂ ਦਾ ਤਾਣਾ ਬਾਣਾ ਹੈ। ਜੇਕਰ ਇਕ ਚੰਗਾ ਗ੍ਰਹਿਸਤੀ ਬਣਨਾ ਹੋਵੇ ਤਾਂ ਹਰ ਰਿਸ਼ਤੇਦਾਰੀ ਦਾ ਫ਼ਰਜ਼ ਅਤੇ ਭਾਵਨਾ ਨੂੰ ਸਮਝਣਾ ਪੈਂਦਾ ਹੈ, ਜਿਵੇਂ ਇਕ ਦਰੱਖਤ ਨੂੰ ਦੇਖਦੇ ਹਾਂ ਤਾਂ ਧਰਤੀ ਤੋਂ ਉਪਰ ਥੋੜ੍ਹਾ ਜਿਹਾ ਹੀ ਹਿੱਸਾ ਉਸਦਾ ਇਕ ਸਾਫ ਨਜ਼ਰ ਆਉਂਦਾ ਹੈ ਜਿਸਦਾ ਨਾਉਂ ਤਣਾ ਹੁੰਦਾ ਹੈ। ਤਣੇ ਤੋਂ ਉਪਰ ਵੀ ਦਰੱਖਤ ਦਾ ਬਹੁਤ ਖਿਲਾਰਾ ਹੈ, ਟਾਹਣੇ ਹਨ, ਟਾਹਣੀਆਂ ਹਨ, ਪੱਤੇ ਹਨ, ਫੁੱਲ ਹਨ ਅਤੇ ਫਲ ਹਨ। ਇਨ੍ਹਾਂ ਸਭ ਕੁਝ ਦਾ ਜਿਤਨਾ ਗਹਿਰਾ ਸੁਮੇਲ ਹੋਵੇਗਾ, ਉਤਨੀ ਹੀ ਉਸ ਦਰੱਖਤ ਕੋਲ ਗਹਿਰੀ ਛਾਂ ਹੁੰਦੀ ਹੈ। ਇਹ ਛਾਂ ਹੀ ਸੰਸਾਰੀ ਜੀਵਾਂ ਦੀ ਤਪਸ਼ ਮਿਟਾ ਕੇ ਸ਼ਾਂਤੀ ਪ੍ਰਦਾਨ ਕਰਦੀ ਹੈ। ਥੱਕੇ ਹਾਰੇ ਰਾਹੀ ਨੂੰ ਪਿਆਰੀ ਛਾਂ ਦੇ ਕੇ ਉਸ ਦੀ ਥਕਾਵਟ ਦੂਰ ਕਰਕੇ ਨਵੇਂ ਸਫਰ ਲਈ ਹੋਰ ਤਾਜ਼ਾ ਕਰਕੇ ਤੋਰਨ ਕਾਰਨ ਹੀ ਸੰਸਾਰੀ ਲੋਕਾਂ ਨੇ ਦਰੱਖਤ ਲਗਾਉਣਾ ਵੀ ਪੁਰਾਤਨ ਸਮੇਂ ਇਕ ਪੁੰਨ ਕਰਮ ਮੰਨਿਆਂ ਹੋਇਆ ਸੀ। ਦਰੱਖਤ ਦੇ ਤਣੇ ਥੱਲੇ ਵੀ ਲੰਮੀਆਂ ਜੜ੍ਹਾਂ ਦਾ ਖਿਲਾਰਾ ਹੁੰਦਾ ਹੈ। ਇਹ ਭਾਵੇਂ ਦਿਸਦਾ ਨਹੀਂ ਪਰ ਸਪੱਸ਼ਟ ਹੈ ਜਿਤਨਾ ਖਿਲਾਰਾ ਉਤੇ ਹੋਵੇਗਾ ਉਤਨਾ ਹੀ ਧਰਤੀ ਦੇ ਅੰਦਰ ਵੀ ਹੁੰਦਾ ਹੈ। ਸ਼ਾਇਦ ਇਹੋ ਹੀ ਕਾਰਨ ਹੋਵੇਗਾ ਕਿ ਇਤਨੇ ਰਿਸ਼ਤੇ ਇਕ ਮਨੁੱਖ ਦੇ ਉਪਰ ਥੱਲੇ ਪ੍ਰਤੀਤ ਹੋਣ ਕਰਕੇ ਕਮਜ਼ੋਰ ਦਿਲਾਂ ਦੇ ਲੋਕਾਂ ਨੇ ਗ੍ਰਹਿਸਥੀ ਜੀਵਨ ਨੂੰ ਤਿਆਗਿਆ ਹੀ ਨਹੀਂ, ਜੰਜਾਲ ਕਹਿ ਕੇ ਖੂਬ ਭੰਡਿਆ ਤੇ ਪ੍ਰਚਾਰਿਆ ਵੀ ਹੈ।

ਮਨੁੱਖ ਦੀ ਜ਼ਿੰਦਗੀ ਦੇ ਇਨ੍ਹਾਂ ਰਿਸ਼ਤਿਆਂ ਦੇ ਜਾਲ ਵਿਚੋਂ ਇਕ ਰਿਸ਼ਤਾ ਜੁਆਈ ਦਾ ਵੀ ਹੈ। ਇਹ ਰਿਸ਼ਤਾ ਅਤਿ ਸਤਿਕਾਰਯੋਗ ਵੀ ਹੁੰਦਾ ਹੈ। ਸਾਡੇ ਸਮਾਜ ਨੇ ਘਰ ਆਏ ਮਹਿਮਾਨ ਲਈ ਪ੍ਰਾਹੁਣਾ ਸ਼ਬਦ ਵਰਤਿਆ ਹੈ। ਪਰ ਇਹ ਸ਼ਬਦ ਚੰਦ ਰੋਜ਼ (ਕੁਝ ਦਿਨ) ਰਹਿਣ ਵਾਲੇ ਲਈ ਹੀ ਹੈ। ਲੇਕਿਨ ਜੁਆਈ ਭਾਵੇਂ ਬੁੱਢਾ ਵੀ ਹੋ ਜਾਵੇ ਤਾਂ ਵੀ ਸਹੁਰੇ ਘਰ ਵਿੱਚ ਇਹੋ ਹੀ ਕਿਹਾ ਜਾਂਦਾ ਹੈ ਕਿ ਇਹ ਫਲਾਣੇ ਦਾ ਪ੍ਰਾਹੁਣਾ ਭਾਵ ਜੁਆਈ ਹੈ, ਕਿਉਂਕਿ ਇਸ ਰਿਸ਼ਤੇ ਦਾ ਸਾਰੀ ਜ਼ਿੰਦਗੀ ਹੀ ਸਤਿਕਾਰ ਹੁੰਦਾ ਹੈ।

ਇਸ ਸਤਿਕਾਰ ਦਾ ਪਿਛੋਕੜ ਸ਼ਾਇਦ ਇਹ ਹੋਵੇ ਕਿ ਬਾਕੀ ਰਿਸ਼ਤੇ ਸੌਖੇ ਢੰਗ ਨਾਲ ਬਣ ਜਾਂਦੇ ਹਨ, ਜਿਵੇਂ ਭਰਾ, ਭੈਣ, ਭਰਜਾਈ, ਮਾਤਾ, ਪਿਤਾ ਮਾਮਾ,

ਨ਼ਾਨਾ, ਨਾਨੀ ਆਦਿਕ ਇਨ੍ਹਾਂ ਲਈ ਕੋਈ ਕੀਮਤ ਨਹੀਂ ਚੁਕਾਉਣੀ ਪੈਂਦੀ। ਪਰ ਜੁਆਈ ਦਾ ਰਿਸ਼ਤਾ ਗੰਢਣ ਲਈ ਮਨੁੱਖ ਨੂੰ ਆਪਣੇ ਜਿਗਰ ਦਾ ਟੁਕੜਾ ਦੇ ਕੇ ਇਹ ਰਿਸ਼ਤਾ ਗੰਢਣਾ ਪੈਂਦਾ ਹੈ। ਫਿਰ ਇਥੇ ਹੀ ਬਸ ਨਹੀਂ ਇਸ ਜਿਗਰ ਦੇ ਟੁਕੜੇ ਭਾਵ ਧੀ ਦਾ ਜਿਸ ਦਿਨ ਤੋਂ ਜਨਮ ਹੋ ਜਾਵੇ ਉਦੋਂ ਤੋਂ ਹੀ ਸਿਆਣੇ ਲੋਕ ਧੀ ਨੂੰ ਬਿਗਾਨੀ ਅਮਾਨਤ ਜਾਣ ਕੇ ਪਾਲਦੇ ਹਨ। ਉਤਨੀ ਅੱਜ ਵੀ ਸਮਾਜ ਨੂੰ ਲੜਕੇ ਦੀ ਪ੍ਰਵਾਹ ਨਹੀਂ ਜਿਤਨੀ ਲੜਕੀ ਦੀ ਪ੍ਰਵਾਹ ਕਰਨੀ ਪੈਂਦੀ ਹੈ। ਜਦੋਂ ਤੱਕ ਇਹ ਅਮਾਨਤ ਹਵਾਲੇ ਨਾ ਕਰ ਦਿੱਤੀ ਜਾਵੇ ਉਤਨਾ ਚਿਰ ਉਸਦੇ ਜੀਵਨ ਚਰਿੱਤਰ ਦੀ ਖੁਸ਼ਬੋ ਦੀ ਰਾਖੀ ਕਰਨਾ ਸਿਆਣੇ ਮਾਤਾ ਪਿਤਾ ਆਪਣਾ ਗਹਿਰਾ ਫਰਜ਼ ਸਮਝਦੇ ਹਨ। ਇਕ ਵਿਦਵਾਨ ਪੁਰਸ਼ ਦਾ ਬਚਨ ਹੈ ਕਿ

"ਕੁੜੀਆ ਵਧਣ ਕੌੜੀ ਵੇਲ ਦੇ ਵਾਂਗੂੰ, ਜੰਮੀ ਅੱਜ ਭਲਕੇ ਮੁਟਿਆਰ।
ਢੂੰਡੋ ਇਸ ਲਈ ਹੁਣੇ ਪ੍ਰਾਹੁਣਾ, ਚੜ੍ਹ ਗਿਆ ਜਾਣੋਂ ਸਿਰ ਭਾਰ।

ਧੀ ਦਾ ਘਰ ਵਿੱਚ ਜਨਮ ਲੈਣਾ ਹੀ ਕਿਸੇ ਜ਼ਿੰਮੇਵਾਰੀ ਦਾ ਅਹਿਸਾਸ ਕਰਵਾਉਂਦਾ ਹੈ ਕਿਉਂਕਿ ਇਸ ਦਾ ਪਾਲਣਾ ਭਾਵੇਂ ਬਾਬਲ ਦੇ ਵਿਹੜੇ ਹੈ, ਪਰ ਖਿੜਨਾ ਹਮੇਸ਼ਾ ਬਿਗਾਨੇ ਵਿਹੜੇ ਹੈ। ਇਸੇ ਲਈ ਸਮਾਜਿਕ ਕਹਾਵਤਾਂ ਬਣ ਗਈਆਂ ਕਿ ਜਿਸ ਦੀ ਧੀ ਸੁੱਖੀ ਉਸ ਦੀ ਕੁਲ ਸੁਖੀ ਹੁੰਦੀ ਹੈ। ਜਿਨ੍ਹਾਂ ਲੋਕਾਂ ਨੇ ਦਾਜ ਦੇ ਲੋਭੀ ਬਣਕੇ ਜਾਂ ਕਿਸੇ ਹੋਰ ਕਿਸਮ ਦੀ ਖੁਦਗਰਜ਼ੀ ਬਦਲੇ ਇਸ ਪਿਆਰ ਭਰੇ ਰਿਸ਼ਤੇ ਵਿੱਚ ਜ਼ਹਿਰ ਘੋਲਿਆ, ਉਨ੍ਹਾਂ ਲੋਕਾਂ ਵਲ ਵੇਖਕੇ ਹੀ ਦਾਨੇ ਲੋਕਾਂ ਨੇ ਜੁਆਈਆਂ ਨੂੰ ਕਾਲੇ ਨਾਗਾਂ ਨਾਲ ਵੀ ਤਸ਼ਬੀਹ (ਉਦਾਹਰਣ) ਦਿਤੀ ਹੈ ਕਿਉਂਕਿ ਪਤਾ ਨਹੀਂ, ਕਦੋਂ ਡੰਗ ਮਾਰ ਦੇਣ?

ਇਸ ਸਮਾਜਿਕ ਕੌੜੀ ਸਚਾਈ ਨੂੰ ਗੁਰਸਿਖੀ ਨੇ ਬਹੁਤ ਮਿੱਠਾ ਕਰਕੇ ਪ੍ਰਗਟ ਕੀਤਾ ਹੈ, ਕਿਉਂਕਿ ਗੁਰਸਿਖੀ ਦੀ ਫੁਲਵਾੜੀ ਵਿਚੋਂ ਹੋਰ ਮਨੁੱਖੀ ਰਿਸ਼ਤੇ ਦੇ ਸੋਹਣੇ ਖਿੜੇ ਹੋਏ ਫੁੱਲ ਮਿਲ ਜਾਂਦੇ ਹਨ ਜਿਨ੍ਹਾਂ ਦੀ ਖੁਸ਼ਬੋ ਅੱਜ ਵੀ ਸਮਾਜ ਨੂੰ ਇਕ ਨਿੱਗਰ ਤੇ ਸੁਖਾਵੀਂ ਅਗਵਾਈ ਬਖਸ਼ਿਸ਼ ਕਰਦੀ ਹੈ। ਇਸੇ ਤਰ੍ਹਾਂ ਜੁਆਈ ਕਿਹੋ ਜਿਹਾ ਹੋਵੇ? ਦਾ ਜਵਾਬ ਧੰਨ ਗੁਰੂ ਰਾਮਦਾਸ ਮਹਾਰਾਜ ਜੀ ਦਾ ਜੀਵਨ ਪੜ੍ਹਿਆਂ ਪਤਾ ਲੱਗ ਜਾਂਦਾ ਹੈ। ਧੰਨ ਗੁਰੂ ਅਮਰਦਾਸ ਜੀ ਦੇ ਘਰ ਵਿੱਚ ਸ਼੍ਰੀ ਬਾਬਾ ਜੇਠਾ ਜੀ ਜਿਤਨੀ ਪਿਆਰ ਤੇ ਲਗਨ ਨਾਲ ਸੇਵਾ ਕਰਦੇ ਸਨ ਉਤਨੀ ਹੀ ਲਗਨ ਨਾਲ ਉਦੋਂ ਵੀ ਸੇਵਾ ਕਰਦੇ ਰਹੇ ਜਦੋਂ ਗੁਰੂ ਅਮਰਦਾਸ ਜੀ ਨੇ ਆਪਣੀ ਪਿਆਰੀ ਬੱਚੀ ਬੀਬੀ ਭਾਨੀ ਜੀ ਦਾ ਰਿਸ਼ਤਾ ਵੀ ਕਰ ਦਿਤਾ। ਘਰ ਜੁਆਈ ਬਣ ਕੇ ਵੀ ਇਹ ਖਿਆਲ ਨਹੀਂ ਕੀਤਾ ਕਿ ਮੈਂ ਹੁਣ ਇਸ ਘਰ ਦਾ ਜੁਆਈ ਹਾਂ। ਅੱਜ ਮੇਰਾ ਕੋਈ ਪਿਆਰ ਸਤਿਕਾਰ ਅਤੇ ਰੁਤਬਾ ਕੋਈ ਹੋਰ ਹੋਣਾ ਚਾਹੀਦਾ ਹੈ, ਸਗੋਂ ਅੱਗੇ ਤੋਂ

ਵੀ ਵਧੀ ਨਿਮਰਤਾ ਭਾਵਨਾ ਨਾਲ ਸੇਵਾ ਕਰਦੇ ਸਨ ਤਾਂਕਿ ਕਿਸੇ ਨੂੰ ਇਹ ਅਹਿਸਾਸ ਹੀ ਨਾ ਹੋਵੇ ਕਿ ਉਹੋ ਮਾਤਾ ਪਿਤਾ ਦੀ ਛਾਂ ਗਵਾ ਚੁੱਕਾ, ਗਲੀ ਗਲੀ ਘੁਗਣੀਆਂ ਵੇਚਣ ਵਾਲਾ ਬਾਬਾ ਜੇਠਾ ਅੱਜ ਗੁਰੂ ਅਮਰਦਾਸ ਜੀ ਦਾ ਜੁਆਈ ਬਣਕੇ ਆਪਣੀ ਜੀਵਨ ਤੋਰ ਤੋਂ ਉਖੜ ਗਿਆ ਹੈ। ਸੰਗਤਾਂ ਵਿੱਚ ਭਾਵੇਂ ਅਥਾਹ ਪਿਆਰ ਸਤਿਕਾਰ ਵੱਧ ਗਿਆ ਸੀ, ਪਰ ਉਸੇ ਹੀ ਨਿਰਮਾਣਤਾ ਨਾਲ ਟੋਕਰੀ ਢੋ ਢੋ ਕੇ ਅਤੇ ਹਰ ਇਕ ਨਾਲ ਨਿਮਰਤਾ ਨਾਲ ਪੁੱਛ ਪੁੱਛ ਕੇ ਸੇਵਾ ਕਰਦੇ ਰਹੇ। ਇਥੋਂ ਤੱਕ ਕੇ ਇਕ ਸਾਖੀ ਆਉਂਦੀ ਹੈ ਕਿ ਚੂਨਾ ਮੰਡੀ ਲਾਹੌਰ ਤੋਂ ਕੁਝ ਲੋਕ ਮਿਲਣ ਲਈ ਆਏ ਜਿਹੜੇ ਤੀਰਥ ਯਾਤਰਾ ਕਰ ਰਹੇ ਸਨ। ਆਪਣੇ ਇਲਾਕੇ ਦਾ ਹੋਣ ਕਰਕੇ ਸੁਣਿਆ ਹੋਇਆ ਸੀ ਕਿ ਮਹਾਨ ਸੇਵਾ ਦਾ ਸਦਕਾ ਗੁਰੂ ਘਰ ਵਿੱਚ ਉਹੋ ਅਨਾਥ ਬੱਚਾ ਅੱਜ ਗੁਰੂ ਅਮਰਦਾਸ ਜੀ ਦਾ ਜੁਆਈ ਹੈ। ਗੋਇੰਦਵਾਲ ਸਾਹਿਬ ਦੀ ਸੇਵਾ ਚੱਲ ਰਹੀ ਸੀ। ਇਸ ਕਾਫਲੇ ਨੇ ਗੋਇੰਦਵਾਲ ਸਾਹਿਬ ਪਹੁੰਚ ਕੇ ਇਕ ਸੇਵਾਦਾਰ ਕੋਲੋਂ ਬਾਬੇ ਜੇਠੇ ਦਾ ਨਾਂ ਪੁੱਛਿਆ ਤਾਂ ਇਸ ਸੇਵਾਦਾਰ ਨੇ ਬੜੀ ਨਿਮਰਤਾ ਨਾਲ ਸਮਝਾਇਆ ਕਿ ਔਹ ਸਾਹਮਣੇ ਧੰਨ ਗੁਰੂ ਅਮਰਦਾਸ ਜੀ ਸੇਵਾ ਕਰਵਾ ਰਹੇ ਹਨ ਤੁਸੀਂ ਕੋਈ ਵੀ ਬਚਨ ਕਰਨਾ ਹੈ ਜਾਂ ਕਿਸੇ ਨੂੰ ਮਿਲਣਾ ਹੈ ਤਾਂ ਉਨ੍ਹਾਂ ਨੂੰ ਬੇਨਤੀ ਕਰੋ। ਇਹ ਕਾਫਲਾ ਸਤਬਚਨ ਕਹਿ ਕੇ ਗੁਰੂ ਅਮਰਦਾਸ ਜੀ ਕੋਲ ਚਲਾ ਗਿਆ। ਜਾ ਕੇ ਸਾਰੀ ਆਪਣੀ ਕਹਾਣੀ ਦੱਸੀ ਕਿ ਅਸੀਂ ਇਸ ਤਰ੍ਹਾਂ ਤੀਰਥ ਯਾਤਰਾ ਆਦਿਕ ਕਰ ਰਹੇ ਹਾਂ। ਤੁਹਾਡੇ ਨਾਲ ਹੁਣ ਸਾਡੀ ਰਿਸ਼ਤੇਦਾਰੀ ਹੈ ਅਤੇ ਉਹ ਰਿਸ਼ਤੇਦਾਰੀ ਵੀ ਕੁੜਮਾਦਾਰੀ ਦੀ ਹੈ, ਕਿਉਂਕਿ ਅਸੀ ਤੁਹਾਡੇ ਘਰ ਵਿੱਚ ਜੁਆਈ ਜੇਠੇ ਦੇ ਨਗਰੋਂ ਆਏ ਹਾਂ। ਕਾਫੀ ਸਮਾਂ ਵੀਚਾਰਾਂ ਕਰਦਿਆਂ ਲੰਘ ਗਿਆ। ਫਿਰ ਕਾਫਲੇ ਵਿਚੋਂ ਇਕ ਬਜ਼ੁਰਗ ਬੋਲਿਆ ਕਿ ਸਾਨੂੰ ਲੜਕਾ ਮਿਲਾ ਤਾਂ ਦਿਉ ਕਿਉਕਿ ਅਸੀਂ ਤਾਂ ਬਹੁਤ ਹੀ ਬਚਪਨ ਵਿੱਚ ਵੇਖਿਆ ਹੋਇਆ ਹੈ। ਉਨਾਂ ਦੇ ਮਨਾਂ ਵਿੱਚ ਇਹ ਤਸਵੀਰ ਬਣੀ ਹੋਈ ਸੀ ਕਿ ਬਹੁਤ ਸੋਹਣੀ ਅਤਿ ਕੀਮਤੀ ਪੁਸ਼ਾਕ ਪਾ ਕੇ ਕਿਸੇ ਸ਼ਾਨੋਸ਼ੌਕਤ ਨਾਲ ਆ ਕੇ ਸਾਡੇ ਕੋਲ ਬੈਠੇਗਾ ਜਿਸ ਨਾਲ ਸਾਡਾ ਸਿਰ ਫਖਰ ਨਾਲ ਹੋਰ ਉੱਚਾ ਹੋਵੇਗਾ। ਪਰ ਜਦੋਂ ਗੁਰੂ ਅਮਰਦਾਸ ਜੀ ਨੇ ਸੁਨੇਹਾ ਭੇਜ ਕੇ ਸ੍ਰੀ ਬਾਬਾ ਜੇਠਾ ਜੀ ਨੂੰ ਬੁਲਵਾਇਆ ਤਾਂ ਸਾਰੇ ਹੱਕੇ ਬੱਕੇ ਰਹਿ ਗਏ ਕਿਉਂਕਿ ਬਾਬਾ ਜੇਠਾ ਜੀ ਤਾਂ ਸੇਵਾ ਵਿੱਚ ਲੱਗੇ ਹੋਣ ਕਰਕੇ ਹੱਥ ਵਿੱਚ ਟੋਕਰੀ ਪਕੜੀ ਮਿੱਟੀ ਨਾਲ ਤੇ ਪਸੀਨੇ ਨਾਲ ਲੱਥ ਪੱਥ ਹੋਏ ਉਵੇਂ ਹੀ ਹਾਜ਼ਿਰ ਹੋ ਗਏ ਸਨ। ਅਜਿਹਾ ਸਭ ਕੁਝ ਵੇਖ ਕੇ ਉਹ ਲੋਕ ਖੜੇ ਹੋ ਗਏ ਬਾਬਾ ਜੇਠਾ ਜੀ ਦੀ ਦੁਆ ਸਲਾਮ ਦਾ ਜਵਾਬ ਦੇਣ ਦੀ ਬਜਾਇ ਕਰੋਧਿਤ ਹੋ ਕੇ ਬੋਲੇ ਇਹ ਤੁਸੀਂ ਤਾਂ ਸਾਡਾ ਸਾਰਿਆਂ ਦਾ ਨੱਕ ਹੀ ਵਢਵਾ ਦਿਤਾ ਹੈ। ਜੇਕਰ ਟੋਕਰੀ ਹੀ ਢੋਣੀ ਸੀ ਤਾਂ ਲਾਹੌਰ ਆ

ਕੇ ਢੋ ਲੈਂਦੇ ਇਥੇ ਤਾਂ ਸਹੁਰਾ ਘਰ ਸੀ, ਜਿਥੇ ਤੁਹਾਨੂੰ ਜੁਆਈਆਂ ਵਾਂਗ ਰਹਿਣਾ ਚਾਹੀਦਾ ਹੈ। ਪਰ ਇਥੇ ਤਾਂ ਤੁਸੀਂ ਆਮ ਸੇਵਾਦਾਰਾਂ ਨਾਲੋਂ ਵੀ ਵੱਧ ਸੇਵਾ ਕਰਦੇ ਪ੍ਰਤੀਤ ਹੋ ਰਹੇ ਹੋ। ਬਾਬਾ ਜੇਠਾ ਜੀ ਨੇ ਸੁਣ ਕੇ ਉਨਾਂ ਲੋਕਾਂ ਨੂੰ ਜਵਾਬ ਦੇਣ ਦੀ ਬਜਾਇ ਧੰਨ ਗੁਰੂ ਅਮਰਦਾਸ ਜੀ ਮਹਾਰਾਜ ਦੇ ਚਰਨ ਪਕੜ ਕੇ ਬੇਨਤੀ ਕੀਤੀ ਕਿ ਮਹਾਰਾਜ ਜੀ ਇਹ ਤਾਂ ਅਣਜਾਣ ਲੋਕ ਹਨ, ਇਹ ਕੁਝ ਵੀ ਕਹਿਣ ਪਰ ਤੁਸੀਂ ਮੈਨੂੰ ਆਪਣੇ ਚਰਨਾਂ ਤੋਂ ਅਤੇ ਇਸ ਸੇਵਾ ਤੋਂ ਦੂਰ ਨਾ ਕਰਨਾ। ਗੁਰੂ ਅਮਰਦਾਸ ਜੀ ਮਹਾਰਾਜ ਨੇ ਬੜੇ ਅਦਬ ਨਾਲ ਬਚਨ ਕੀਤਾ ਕਿ ਭਾਈ ਜੇਠਾ ਜੇਕਰ ਤੁਹਾਡਾ ਹੈ ਤਾਂ ਤੁਸੀਂ ਅੱਜ ਵੀ ਲਿਜਾ ਸਕਦੇ ਹੋ। ਅੱਜ ਵੀ ਤੁਸੀਂ ਆਪਣੇ ਨਗਰ ਟੋਕਰੀ ਢੁਆ ਸਕਦੇ ਹੋ ਪਰ ਮੈਂ ਇਤਨਾ ਜ਼ਰੂਰ ਜਾਨਣਾ ਚਾਹਾਂਗਾ ਕਿ ਇਸ ਦੀ ਇਸ ਟੋਕਰੀ ਢੋਣ ਬਦਲੇ ਇਸ ਨੂੰ ਕੀ ਦਿਉਗੇ। ਤਾਂ ਉਸੇ ਵੇਲੇ ਕਾਫਲੇ ਵਿਚੋਂ ਇਕ ਪੁਰਖ ਬੋਲਿਆ ਕਿ ਜੋ ਕੁਝ ਬਾਕੀਆਂ ਨੂੰ ਦਿੰਦੇ ਹਾਂ ਜੋ ਸਮਾਜਿਕ ਰੀਤ ਹੈ। ਅਸੀਂ ਘੱਟ ਤੋਂ ਘੱਟ ਵੀ ਆਪ ਜੀ ਨਾਲੋਂ ਚੰਗਾ ਵਿਹਾਰ ਕਰਾਂਗੇ। ਨਾਲ ਅਸੀਂ ਇਹ ਵੀ ਪੁੱਛਣਾ ਚਾਹੁੰਦੇ ਹਾਂ ਕਿ ਤੁਸੀਂ ਕੀ ਦਿੰਦੇ ਹੋ ਤੇ ਤੁਸੀਂ ਕੀ ਦੇਵੋਗੇ ਤਾਂ ? ਧੰਨ ਗੁਰੂ ਅਮਰਦਾਸ ਜੀ ਨੇ ਬਚਨ ਆਖੇ ਸਨ ਕਿ ਪਹਿਲੀ ਦਾਤ ਤਾਂ ਆਪਣੀ ਬੱਚੀ ਦੇ ਕੇ ਜੁਆਈ ਬਣਾ ਲਿਆ ਹੈ। ਦੂਜੀ ਇਹ ਧੰਨ ਗੁਰੂ ਨਾਨਕ ਸਾਹਿਬ ਪਾਤਿਸ਼ਾਹ ਦਾ ਘਰ ਹੈ, ਜਿਥੇ ਸੇਵਾ ਕਰਦਿਆਂ ਹੋ ਸਕਦਾ ਹੈ ਕਿ ਕੱਲ ਛਾਬੜੀ ਚੁੱਕਣ ਵਾਲਾ ਅੱਜ ਟੋਕਰੀ ਚੁੱਕਦਾ ਹੈ ਤੇ ਅੱਜ ਟੋਕਰੀ ਚੁੱਕਣ ਵਾਲੇ ਦੇ ਸਿਰ ਤੇ ਕੱਲ ਛਤਰ ਹੋਵੇ। ਉਹੋ ਹੀ ਬਚਨ ਸੱਚ ਹੋ ਨਿਬੜਿਆ। ਜਿਸ ਦਿਨ ਉਨਾਂ ਨੂੰ ਤਖਤ ਤੇ ਬਿਠਾ ਕੇ ਧੰਨ ਗੁਰੂ ਅਮਰਦਾਸ ਜੀ ਮਹਾਰਾਜ ਨੇ ਆਪ ਵੀ ਮੱਥਾ ਟੇਕ ਕੇ ਗੁਰੂ ਸ਼ਬਦ ਸਚ ਨੀਸਾਣ ਦਾ ਟਿੱਕਾ ਦੇ ਕੇ ਧੰਨ ਧੰਨ ਰਾਮਦਾਸ ਗੁਰੂ ਸੁਸ਼ੋਭਿਤ ਕਰ ਦਿਤਾ।

ਇਹ ਜੀਵਨ ਸਾਖੀ ਅਜੋਕੀ ਜ਼ਿੰਦਗੀ ਲਈ ਇਕ ਮਾਰਗ ਦਰਸ਼ਨ ਹੈ ਕਿ ਜੁਆਈ ਅਜਿਹਾ ਵੀ ਹੋ ਸਕਦਾ ਹੈ ਜਿਹੜਾ ਸੇਵਾ ਤੇ ਨਿਮਰਤਾ ਭਾਵਨਾ ਨਾਲ ਇਤਨਾ ਵੱਡਾ ਰੁਤਬਾ ਹਾਸਿਲ ਕਰ ਸਕਦਾ ਹੈ। ਭਾਵੇਂ ਇਹ ਅਧਿਆਤਮਿਕਵਾਦ ਦੀ ਵੀਚਾਰ ਹੈ ਪਰ ਇਸ ਵਿਚੋਂ ਜੀਵਨ ਸੁਖੀ ਬਣਾਉਣ ਲਈ ਸੰਸਾਰਿਕ ਰਿਸ਼ਤੇ ਨਿਭਾਉਣ ਦੀ ਵੀ ਖੁਸ਼ਬੋ ਆਉਂਦੀ ਹੈ।

ਅੱਜ ਵੀ ਇਸ ਸਾਖੀ ਤੋਂ ਸਿਖਿਆ ਲੈ ਕੇ ਨਿਮਰਤਾ ਭਾਵਨਾ ਨਾਲ ਇਸ ਰਿਸ਼ਤੇ ਵਿੱਚ ਨਿੱਘ ਭਰ ਸਕਦਾ ਹੈ ਤਾਂ ਉਸਨੂੰ ਸਹੁਰਾ ਘਰ ਤੇ ਲੜਕੀ ਦੇ ਮਾਪੇ ਅਤੇ ਭੈਣ ਭਰਾ ਸਭ ਕੁਝ ਆਪਣਾ ਨਜ਼ਰ ਆਵੇਗਾ। ਇਹ ਆਪਣਾ ਪਨ ਹੀ ਇਨ੍ਹਾਂ ਰਿਸ਼ਤਿਆਂ ਵਿਚਲੀ ਕਉੜਤਣ ਨੂੰ ਧੋ ਕੇ ਮਿਠਾਸ ਭਰ ਦੇਵੇਗਾ। ਇਸ

ਨਾਲ ਹੋ ਸਕਦਾ ਹੈ ਕਿ ਧੀਆਂ ਵਾਲੇ ਧੀਆਂ ਦੇ ਦੁਖਾਂ ਤੋਂ ਡਰਦਿਆਂ ਧੀਆਂ ਜੰਮਣ ਵੇਲੇ ਹੋਣ ਵਾਲੀ ਉਦਾਸੀ ਸ਼ਾਇਦ ਖੁਸ਼ੀਆਂ ਵਿੱਚ ਬਦਲ ਜਾਵੇ। ਹੋ ਸਕਦਾ ਫਿਰ ਕੋਈ ਧੀ ਜੰਮੀ ਤੇ ਵੀ ਫਖਰ ਮਹਿਸੂਸ ਕਰਨ ਲੱਗ ਜਾਵੇ।

"ਮਾਇ ਬਾਪ ਕੋ ਬੇਟਾ ਨੀਕਾ ਸਸੁਰੈ ਚਤੁਰੁ ਜਵਾਈ ॥
ਬਾਲ ਕੰਨਿਆ ਕੌ ਬਾਪੁ ਪਿਆਰਾ ਭਾਈ ਕੌ ਅਤਿ ਭਾਈ ॥"

(ਪੰਨਾ ੫੯੬)

ਵਿਆਹ ਦੀ ਰਸਮ ਨੂੰ ਪੱਕੀ ਮਰਿਯਾਦਾ ਵਿੱਚ ਬੰਨ੍ਹਣ ਲਈ ਸੂਹੀ ਰਾਗ ਵਿੱਚ ਚਾਰ ਲਾਵਾਂ ਦੇ ਕਰਤਾ ਨੇ ਜਿਥੇ ਵਿਆਹ ਦੀ ਇਸ ਰਸਮ ਨਿਭਾਉਣ ਲਈ ਇਹ ਮਿੱਠੀ ਪਿਆਰੀ ਸੌਗਾਤ ਬਖਸ਼ੀ ਉਥੇ ਨਿਰਬਾਹ ਦੀ ਜਾਂਚ ਸਿਖਾਉਣ ਲਈ ਆਪ ਘਰ ਜੁਆਈ ਰਹਿ ਕੇ ਨਿਰਮਾਣਤਾ ਧਾਰਨ ਕਰਨੀ ਵੀ ਸਿਖਾਈ।

*

"ਨੂੰਹ ਕਿਹੋ ਜਿਹੀ ਹੋਵੇ"

ਦੁਖ ਸੁਖ ਜ਼ਿੰਦਗੀ ਦਾ ਅੰਗ ਹਨ। ਇਨ੍ਹਾਂ ਨੂੰ ਹੰਢਾਉਂਦਿਆਂ ਜ਼ਿੰਦਗੀ ਕੋਲ ਹਰ ਰੋਜ਼ ਨਵੇਂ ਤੋਂ ਨਵੇਂ ਤਜ਼ਰਬੇ ਹੱਥ ਲੱਗਦੇ ਰਹਿੰਦੇ ਹਨ। ਇਥੇ ਪਾਠਕਾਂ ਦੀ ਨਜ਼ਰ ਇਕ ਉਦਾਹਰਣ ਕਰਨੀ ਚਾਹੁੰਦਾ ਹਾਂ। ਕਈ ਵਾਰੀ ਵੇਖਿਆ ਹੋਵੇਗਾ ਕਿ ਕਿਸੇ ਦੁਖਿਆਰੇ ਲਈ ਅਚਾਨਕ ਖੂਨ ਦੀ ਲੋੜ ਪੈ ਜਾਵੇ ਤਾਂ ਡਾਕਟਰ ਸਭ ਤੋਂ ਪਹਿਲਾਂ ਮਰੀਜ਼ ਦੇ ਖੂਨ ਦਾ ਗਰੁਪ ਚੈਕ ਕਰਦੇ ਹਨ। ਉਸ ਹੀ ਗਰੁਪ ਦੇ ਖੂਨ ਦਾ ਪ੍ਰਬੰਧ ਕਰਦੇ ਹਨ। ਕਿਉਂਕਿ ਜਿਹੜਾ ਗਰੁਪ ਹੋਵੇ, ਉਸਨੂੰ ਉਸ ਹੀ ਗਰੁਪ ਦਾ ਖੂਨ ਦਿਤਾ ਜਾਂਦਾ ਹੈ। ਕਿਸੇ ਹੋਰ ਗਰੁਪ ਦਾ ਖੂਨ ਸਗੋਂ ਹੋਰ ਦੁਖਾਂ ਵਿੱਚ ਵਾਧਾ ਕਰ ਸਕਦਾ ਹੈ। ਬਿਲਕੁਲ ਇਸ ਤਰ੍ਹਾਂ ਹੀ ਵਿਆਂਦੜ ਲੜਕੀ ਨਾਲ ਹੁੰਦਾ ਹੈ ਕਿਉਂਕਿ ਲੜਕੀ ਦਾ ਦੂਜਾ ਨਾਮ ਔਰਤ ਹੈ। ਔਰਤ ਦੇ ਅਰਥ ਹਨ "ਔ ਤੋਂ ਭਾਵ ਔਰ-ਭਾਵ ਹੋਰ ਅਤੇ ਰੱਤ ਦੇ ਅਰਥ ਹਨ ਖੂਨ" ਔਰਤ ਦਾ ਅਰਥ ਬਿਗਾਨੀ ਰੱਤ ਹੈ। ਅਸਲ ਵਿਚ ਜਿਸ ਲੜਕੀ ਨੇ ਵਿਆਹ ਕੇ ਜਾਣਾ ਹੈ, ਉਹ ਬਿਗਾਨੀ ਰੱਤ ਹੈ। ਬਿਗਾਨੀ ਰੱਤ ਦੇ ਉਸ ਘਰ ਵਿੱਚ ਜਾ ਕੇ ਸਹਿਜ ਨਾਲ ਗੁਜ਼ਾਰੇ ਚੰਦ ਰੋਜ਼ ਫਿਰ ਸਾਰੀ ਜ਼ਿੰਦਗੀ ਇਸ ਸਹਿਜ ਦਾ ਰਸ ਬਖਸ਼ਿਸ਼ ਕਰਦੇ ਹਨ। ਪਰ ਜੇਕਰ ਔਰਤ ਨੇ ਆਪਣੀ ਪਿਛਲੀ ਰੱਤ ਭਾਵ ਮਾਤਾ ਪਿਤਾ ਦੇ ਘਰ ਵਰਗਾ ਇਥੇ ਆਉਂਦਿਆਂ ਹੀ ਹੱਕ ਜਮਾਉਣਾ ਸ਼ੁਰੂ ਕਰ ਦਿਤਾ ਫਿਰ ਕਈ ਵਾਰੀ ਸੱਧਰਾਂ ਦੇ ਮਹਿਲ ਢਹਿ ਢੇਰੀ ਹੋ ਜਾਂਦੇ ਹਨ।

ਇਹ ਤਾਂ ਅੰਦਰੂਨੀ ਵੀਚਾਰ ਸੀ। ਪਰ ਬਾਹਰੀ ਤੌਰ ਤੇ ਵੀ ਵੇਖੀਏ ਬੰਦੇ ਨੇ ਮੈਂ ਮੇਰੀ ਦੀ ਗਹਿਰੀ ਤਾਣੀ ਵਿੱਚ ਉਲਝਿਆ ਹੋਣ ਕਰਕੇ ਸਾਰੇ ਹੀ ਰਿਸ਼ਤਿਆਂ ਵਿੱਚ ਆਪਣੀ ਹੀ ਰੱਤ ਨੂੰ ਅੱਗੇ ਰੱਖਿਆ ਹੁੰਦਾ ਹੈ। ਬਿਗਾਨੀ ਰੱਤ ਨੂੰ ਉਤਨਾਂ ਮਾਣ ਸਤਿਕਾਰ ਨਹੀਂ ਜਿਤਨਾ ਘਰ ਦੀ ਰੱਤ ਨੂੰ ਦਿਤਾ ਜਾਂਦਾ ਹੈ। ਮਿਸਾਲ ਦੇ ਤੌਰ ਤੇ ਸਮਝੀਏ ਜਦੋਂ ਅਸੀ ਦੱਸਦੇ ਹਾਂ ਕਿ ਮੇਰੇ ਚਾਚੇ ਦਾ ਲੜਕਾ ਹੈ ਪਰ ਕੋਈ ਚਾਚੀ ਦਾ ਲੜਕਾ ਨਹੀਂ ਕਹਿੰਦਾ ਕਿਉਂਕਿ ਚਾਚਾ ਘਰੋਂ ਹੈ ਅਤੇ ਚਾਚੀ ਬਾਹਰੋਂ ਹੈ। ਇਸੇ ਤਰ੍ਹਾਂ ਤਾਏ ਦਾ ਲੜਕਾ ਤਾਇਆ ਘਰੋਂ ਹੈ, ਪਰ ਤਾਈ ਬਾਹਰੋਂ ਹੈ। ਭਾਈ ਮੇਰੀ ਮਾਸੀ ਦਾ ਲੜਕਾ ਹੈ ਕਿਉਂਕਿ ਭੂਆ ਅਤੇ ਮਾਸੀ ਆਪਣੀ ਰੱਤ ਹਨ ਜਦ ਕਿ ਫੁਫੜ ਅਤੇ ਮਾਸੜ ਇਹ ਰਿਸ਼ਤਾ ਬਾਹਰੋਂ ਹੈ ਇਸੇ ਤਰ੍ਹਾਂ ਇਹ ਮੇਰੀ ਭੈਣ ਦਾ ਲੜਕਾ ਜਾਂ ਲੜਕੀ ਹੈ। ਪਰ ਕੋਈ ਨਹੀਂ ਕਹਿੰਦਾ ਕਿ ਇਹ ਮੇਰੇ ਜੀਜੇ ਦੀ

ਔਲਾਦ ਹੈ ਕਿਉਂਕਿ ਭੈਣ ਘਰੋਂ ਹੈ। ਬਸ ਇਹ ਗੱਲ ਨੂੰ ਚੰਗੀ ਤਰ੍ਹਾਂ ਸਮਝ ਲੈਣਾ ਚਾਹੀਦਾ ਹੈ ਕਿ ਮੈਂ ਔਰਤ ਹਾਂ ਤੇ ਮੈਂ ਵੀ ਸਮਾਂ ਪਾ ਕੇ ਆਪਣੀ ਰੱਤ ਬਣਨਾ ਹੈ। ਜਿਸ ਦਿਨ ਅਜਿਹਾ ਸਮਝ ਲਿਆ ਉਸ ਦਿਨ ਤੋਂ ਬਾਅਦ ਸੁਖਾਂ ਦੇ ਦਿਨ ਬਹੁਤੇ ਦੂਰ ਨਹੀਂ ਹੁੰਦੇ।

ਦੂਜੀ ਗੱਲ ਇਹ ਵੀ ਵੀਚਾਰਨ ਯੋਗ ਹੈ ਕਿ ਲੜਕੀ ਨੇ ਪਹਿਲੀ ਹਰ ਗੱਲ ਦਾ ਤਿਆਗ ਕਰਕੇ ਨਵੀਂ ਹੋਰ ਅਪਨਾਉਣੀ ਹੈ। ਜਿਸ ਲਈ ਉਸ ਨੂੰ ਸਮੇਂ ਅਤੇ ਧੀਰਜ ਦੀ ਲੋੜ ਹੁੰਦੀ ਹੈ। ਲੜਕੀ ਨੇ ਪੇਕੇ ਘਰ ਦੀਆਂ ਮੋਹ ਮੁਹੱਬਤਾਂ ਭਰੀਆਂ ਗੱਲਾਂ ਆਪਣੀਆਂ ਆਦਤਾਂ, ਮਾਤਾ ਪਿਤਾ ਭੈਣ ਭਰਾ ਸਭ ਨੂੰ ਛੱਡ ਕੇ ਬਿਲਕੁਲ ਨਵੇਂ ਸਿਰੇ ਤੋਂ ਜ਼ਿੰਦਗੀ ਆਰੰਭ ਕਰਨੀ ਹੁੰਦੀ ਹੈ। ਇਥੇ ਹੁਣ ਉਸ ਲਈ ਘਰ ਵੀ ਨਵਾਂ, ਮਾਤਾ ਪਿਤਾ ਵੀ ਨਵੇਂ, ਪਤੀ ਦੀ ਜ਼ਿੰਮੇਵਾਰੀ ਵੀ ਨਵੀਂ, ਨਨਾਣ ਜੇਠ ਜਠਾਣੀ, ਦੇਵਰ, ਦੇਵਰਾਣੀ ਭਾਵ ਹਰ ਰਿਸ਼ਤਾ ਨਵਾਂ ਹੈ। ਜਿਨ੍ਹਾਂ ਦੇ ਸੁਭਾਵਾਂ ਤੋਂ ਜਾਣੂ ਹੁੰਦਿਆਂ ਵਕਤ ਲੱਗਦਾ ਹੈ। ਘਰ ਦੇ ਸਭ ਰੀਤੀ ਰਿਵਾਜ ਮਾਣ ਮਰਿਯਾਦਾ ਸਭ ਕੁਝ ਨੂੰ ਜਾਨਣਾ ਹੁੰਦਾ ਹੈ। ਪਰ ਜਿਹੜੀ ਲੜਕੀ ਥੋੜ੍ਹੇ ਜਿਹੇ ਧੀਰਜ ਨਾਲ ਸਭ ਦਾ ਮਨ ਜਿੱਤ ਲੈਂਦੀ ਹੈ ਫਿਰ ਉਹ ਸਦਾ ਲਈ ਰਾਜ ਕਰਦੀ ਹੈ ਪਰ ਜਿਹੜੀ ਲੜਕੀ ਇਨ੍ਹਾਂ ਪ੍ਰੀਖਿਆ ਦੇ ਦਿਨਾਂ ਵਿੱਚ ਕਾਹਲੀ ਪੈ ਕੇ ਮਾਪਿਆਂ ਦੇ ਜ਼ੋਰ ਦਾ ਸਹਾਰਾ ਲੈ ਕੇ ਚਲਣਾ ਚਾਹੁੰਦੀ ਹੈ ਉਹ ਕਈ ਵਾਰੀ ਘਰ ਦੀਆਂ ਜਾਂ ਜ਼ਿੰਦਗੀ ਦੀਆਂ ਖੁਸ਼ੀਆਂ ਨੂੰ ਆਪ ਹੀ ਉਜਾੜ ਲੈਂਦੀ ਹੈ। ਇਸ ਲਈ ਵਿਆਹ ਦੇ ਨਾਲ ਨਾਲ ਨਿਰਬਾਹ ਦੀ ਵੀ ਵੀਚਾਰ ਜ਼ਰੂਰੀ ਹੈ।

ਗੁਰਸਿਖੀ ਜੀਵਨ ਜਾਚ ਹੋਣ ਕਰਕੇ ਇਥੋਂ ਜੀਵਨ ਦੇ ਹਰ ਪੱਖ ਦੀ ਅਗਵਾਈ ਪ੍ਰਾਪਤ ਹੋ ਜਾਂਦੀ ਹੈ। ਇਤਿਹਾਸ ਵਿਚੋਂ ਨੂੰਹ ਕਿਹੋ ਜਿਹੀ ਹੋਵੇ ? ਦੇ ਸੁਆਲ ਦਾ ਜੁਆਬ ਵੀ ਮਿਲਦਾ ਹੈ। ਧੰਨ ਗੁਰੂ ਅੰਗਦ ਸਾਹਿਬ ਸੱਚੇ ਪਾਤਿਸ਼ਾਹ ਜੀ ਦੀ ਪੁੱਤਰੀ ਬੀਬੀ ਅਮਰੋ ਜੀ ਧੰਨ ਗੁਰੂ ਅਮਰਦਾਸ ਜੀ ਦੇ ਭਰਾ ਦੇ ਬੇਟੇ ਭਾਈ ਸੁਜੂ ਜੀ ਨੂੰ ਵਿਆਹੀ ਹੋਈ ਸੀ। ਗੁਰੂ ਪਿਤਾ ਦੇ ਵਿਹੜੇ ਗੁਡੀਆਂ ਪੋਟਲਿਆਂ ਦੀਆਂ ਖੇਡਾਂ ਖੇਡਦਿਆਂ ਸੱਚ ਹਕੀਕਤ ਜ਼ਿੰਦਗੀ ਦੇ ਸ਼ੁਭ ਗੁਣ ਵੀ ਬਹੁਤ ਕੁਝ ਕੁਟਕੇ ਭਰੇ ਹੋਏ ਸਨ ਜਿਨ੍ਹਾਂ ਕਰਕੇ ਸਹੁਰੇ ਘਰ ਵਿੱਚ ਖਾਸ ਪਿਆਰ ਸਤਿਕਾਰ ਨਸੀਬ ਹੋਇਆ ਸੀ। ਬੀਬੀ ਅਮਰੋ ਜੀ ਦਾ ਅੰਮ੍ਰਿਤ ਵੇਲੇ ਉਠ ਕੇ ਦੁਧ ਰਿੜਕਦਿਆਂ ਅੰਮ੍ਰਿਤ ਗੁਰੂ ਕੀ ਬਾਣੀ ਦਾ ਪ੍ਰੇਮ ਰਸ ਵਿਚ ਭਿਜਕੇ ਪਾਠ ਕਰਨਾ ਇਕ ਇਤਿਹਾਸਕ ਸਚਾਈ ਹੈ। ਇਸ ਹੀ ਘਰ ਵਿੱਚ ਬਾਬਾ ਅਮਰਦਾਸ ਜੀ ਸਹੁਰਾ ਲੱਗਦੇ ਹਨ। ਇਹ ਤੀਰਥਾਂ ਤੇ ਇਸ਼ਨਾਨ ਕਰਨ ਦੇ ਭਰਮ ਨੂੰ ਹੀ ਧਰਮ ਸਮਝ ਕੇ ਕਮਾ ਰਹੇ ਸਨ। ਭਰਮ ਨੇ ਆਖਿਰ ਇਕ ਦਿਨ ਟੁੱਟਣਾ ਹੀ ਹੁੰਦਾ ਹੈ। ਭਰਮ ਟੁੱਟ ਕੇ ਹੀ

ਅਸਲੀਅਤ ਦੀ ਪਹਿਚਾਣ ਹੁੰਦੀ ਹੈ। ਇਕ ਵਾਰੀ ਗੰਗਾ ਇਸ਼ਨਾਨ ਕਰਨ ਗਿਆਂ ਹੋਇਆਂ ਨੂੰ ਕਿਸੇ ਵੈਸਨੂੰ ਸਾਧੂ ਦੇ ਨਿਗੁਰਾ ਕਹਿ ਕੇ ਉਚਾਰੇ ਹੋਏ ਬੋਲਾਂ ਨੇ ਭਰਮ ਤੋੜ ਦਿਤਾ ਤੇ ਅਸਲੀਅਤ ਪ੍ਰਗਟ ਕਰ ਦਿਤੀ ਕਿ ਗੁਰੂ ਤੋਂ ਬਿਨਾਂ ਜੀਵਨ ਬਿਰਥਾ ਹੈ। ਗੁਰੂ ਦੀ ਭਾਲ ਸੀ। ਸੱਚੀ ਲਗਨ ਹੀ ਸਫਲਤਾ ਦੇ ਮੁਕਾਮ ਤੇ ਪਹੁੰਚਾ ਸਕਦੀ ਹੈ। ਇਕ ਗੁਰੂ ਮਿਲਾਪ ਦੀ ਤਾਂਘ ਦੂਜੀ ਗੱਲ ਅੱਜ ਵੀ ਬੀਬੀ ਅਮਰੋ ਜੀ ਰੱਬੀ ਮਸਤੀ ਵਿੱਚ ਆਪਣੀ ਨਿੱਤ ਦੀ ਕ੍ਰਿਆ ਕਰ ਰਹੇ ਸਨ। ਅੰਮ੍ਰਿਤ ਵੇਲੇ ਅਮਰੋ ਜੀ ਦੇ ਕੰਠੋਂ ਉਚਾਰੇ ਅੰਮ੍ਰਿਤ ਬੋਲਾਂ ਨੇ ਬਾਬਾ ਅਮਰਦਾਸ ਜੀ ਦਾ ਨਿਸਚਾ ਬਣਾ ਦਿਤਾ ਕਿ ਅਮਰਦਾਸ ਇਹ ਅੰਮ੍ਰਿਤ ਬੋਲ ਹੀ ਹੁਣ ਤੈਨੂੰ ਅਮਰ ਕਰ ਸਕਦੇ ਹਨ। ਘਰ ਪ੍ਰੀਵਾਰ ਨਾਲ ਸਲਾਹ ਕਰਕੇ ਆਪਣੀ ਨੂੰਹ ਨੂੰ ਨਾਲ ਲੈ ਕੇ ਧੰਨ ਗੁਰੂ ਅੰਗਦ ਸਾਹਿਬ ਜੀ ਦੀ ਹਜ਼ੂਰੀ ਵਿੱਚ ਹਾਜ਼ਿਰ ਹੋ ਕੇ ਦਿਨ ਰਾਤ ਐਸੀ ਸੇਵਾ ਕੀਤੀ ਕਿ ਇਕ ਦਿਨ ਧੰਨ ਗੁਰੂ ਅਮਰਦਾਸ ਜੀ ਦਾ ਪਾਵਨ ਪਵਿੱਤਰ ਰੁਤਬਾ ਹਾਸਿਲ ਕਰ ਲਿਆ।

ਆਮ ਕਰਕੇ ਸਿਆਣੇ ਬਜ਼ੁਰਗ ਬੱਚਿਆਂ ਦੀ ਅਗਵਾਈ ਕਰਦੇ ਹੁੰਦੇ ਹਨ ਪਰ ਇਨ੍ਹਾਂ ਇਤਿਹਾਸਿਕ ਪੰਨਿਆਂ ਤੇ ਉਕਰੀ ਇਹ ਸਚਾਈ ਜਿਥੇ ਇਕ ਬੱਚੀ ਨੇ (ਨੂੰਹ ਨੇ) ਬਜ਼ੁਰਗ (ਸਹੁਰੇ) ਦੀ ਅਗਵਾਈ ਕਰਕੇ ਇਕ ਤੀਰਥਾਂ ਦੇ ਇਸ਼ਨਾਨੀ ਨੂੰ ਸੱਚ ਗੁਰਮਤਿ ਦੀ ਚੋਟੀ ਤੇ ਪਹੁੰਚਾ ਦਿਤਾ।

ਅੱਜ ਵੀ ਜੇਕਰ ਕੋਈ ਬੱਚੀ ਬੀਬੀ ਅਮਰੋ ਜੀ ਦੇ ਇਸ ਤਰ੍ਹਾਂ ਚੰਗੀ ਨੂੰਹ ਹੋਣ ਦੇ ਸ਼ੁਭ ਗੁਣਾਂ ਨੂੰ ਆਪਣੇ ਦਾਮਨ ਨਾਲ ਛੀਕ ਗਾਠਰੀ ਬੰਧ ਲਵੇ (ਭਾਵ ਧਾਰਨ ਕਰ ਲਵੇ) ਤਾਂ ਹਰ ਇਕ ਸਹੁਰਾ ਘਰ ਸਵਰਗ ਵਰਗਾ ਬਣ ਸਕਦਾ ਹੈ।

ਇਸੇ ਤਸਵੀਰ ਦਾ ਦੂਜਾ ਪਾਸਾ ਭਾਈ ਗੁਰਦਾਸ ਜੀ ਨੇ ਆਪਣੀ ਲਿਖਤ ਵਾਰਾਂ ਵਿੱਚ ਦਰਸਾਇਆ ਹੈ ਕਿ ਕਈ ਵਾਰੀ ਇਸਤ੍ਰੀ ਆਪਣੇ ਪਤੀ ਦੀਆਂ ਜਾਂ ਘਰ ਪ੍ਰੀਵਾਰ ਦੀਆਂ ਹੋਰ ਕਮਜ਼ੋਰੀਆਂ ਦਾ ਨਜਾਇਜ਼ ਲਾਹਾ ਲੈਂਦਿਆਂ ਆਪਣੇ ਪਤੀ ਨੂੰ ਝੂਠ ਸੱਚ ਦੇ ਜਾਲ ਵਿਚ ਫਸਾ ਕੇ ਐਸਾ ਪ੍ਰਗਟ ਕਰ ਦਿੰਦੀਆਂ ਹਨ ਕਿ ਜਨਮ ਦਾਤੇ ਅਤੇ ਅਨੇਕਾਂ ਦੁਖ ਝੱਲ ਕੇ ਪਾਲਣ ਵਾਲੇ ਮਾਤਾ ਪਿਤਾ, ਪਤੀ ਨੂੰ ਆਪਣੇ ਸਭ ਤੋਂ ਵੱਡੇ ਦੁਸ਼ਮਣ ਪ੍ਰਤੀਤ ਹੋਣ ਲੱਗ ਪੈਂਦੇ ਹਨ। ਆਖਿਰ ਪੁੱਤਰ ਇਕ ਦਿਨ ਮਾਤਾ ਪਿਤਾ ਦੇ ਕੀਤੇ ਪਰਉਪਕਾਰਾਂ ਨੂੰ ਭੁਲਾ ਕੇ ਆਪਣੀ ਪਤਨੀ ਮਗਰ ਲੱਗ ਇਕ ਵੱਖਰੀ ਦੁਨੀਆਂ ਵਸਾ ਕੇ ਰਹਿਣ ਲੱਗ ਪੈਂਦਾ ਹੈ, ਪਤਾ ਉਦੋਂ ਲੱਗਦਾ ਹੈ ਜਦੋਂ ਗੁਰਬਾਣੀ ਕਥਨ ਅਨੁਸਾਰ "ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ" ਆਪਣਾ ਬੀਜਿਆ ਆਪ ਵੱਢਣਾ ਪੈਂਦਾ ਹੈ। ਭਾਈ ਗੁਰਦਾਸ ਜੀ ਦੇ ਬਚਨਾਂ ਵਿਚ ਉਕਰੀ ਸਚਾਈ ਹੈ ਕਿ–

ਕਾਮਣਿ ਕਾਮਣਿਆਰੀਐ ਕੀਤੋ ਕਾਮਣੁ ਕੰਤ ਪਿਆਰੇ॥
ਜੰਮੇ ਸਾਈਂ ਵਿਸਾਰਿਆ ਵੀਵਾਹਿਆਂ ਮਾਂ ਪਿਅ ਵਿਸਾਰੇ॥
ਸੁਖਾਂ ਸੁਖਿ ਵਿਵਾਹਿਆ ਸਉਣੁ ਸੰਜੋਗੁ ਵਿਚਾਰਿ ਵਿਚਾਰੇ॥
ਪੁਤ ਨੂਹੈਂ ਦਾ ਮੇਲੁ ਵੇਖਿ ਅੰਗ ਨਾ ਮਾਥਨਿ ਮਾਂ ਪਿਉ ਵਾਰੇ ॥
ਨੂੰਹ ਨਿਤ ਮੰਤ ਕੁਮੰਤ ਦੇਇ ਮਾਂ ਪਿਉ ਛਡਿ ਵਡੇ ਹਤਿਆਰੇ॥
ਵਖ ਹੋਵੈ ਪੁਤੁ ਰੰਨਿ ਲੈ ਮਾਂ ਪਿਉ ਦੇ ਉਪਕਾਰੁ ਵਿਸਾਰੇ॥
ਲੋਕਾਚਾਰਿ ਹੋਇ ਵਡੇ ਕੁਚਾਰੇ ॥੨੧॥

(੩੭ ਵੀ ਵਾਰ, ੧੨ ਵੀਂ ਪਉੜੀ)

ਅਸਲ ਵਿੱਚ ਕਾਰਨ ਇਹ ਹੁੰਦਾ ਹੈ ਕਿ ਪਤਨੀ ਆ ਕੇ ਕੇਵਲ ਤੇ ਕੇਵਲ ਸਭ ਚੀਜ਼ਾਂ ਉਤੇ ਆਪਣਾ ਹੱਕ ਜਿਤਾਉਣਾ ਚਾਹੁੰਦੀ ਹੈ। ਉਸਦੀ ਭਾਵਨਾ ਹੁੰਦੀ ਹੈ ਕਿ ਪਤੀ ਕੇਵਲ ਮੇਰੀ ਹੀ ਗੱਲ ਸੁਣੇ। ਸਿਆਣੀ ਨੂੰਹ ਇਹ ਵੀ ਸਮਝਦੀ ਹੈ ਕਿ ਨਹੀਂ ਮੇਰੇ ਪਤੀ ਉਤੇ ਕੇਵਲ ਮੇਰਾ ਹੀ ਨਹੀਂ ਬਲਕਿ ਭੈਣ ਭਰਾਵਾਂ ਅਤੇ ਮਾਤਾ ਪਿਤਾ ਸਭ ਦਾ ਹੱਕ ਹੁੰਦਾ ਹੈ। ਕਹਿੰਦੇ ਹਨ ਕਿ ਇਕ ਵਾਰੀ ਅਕਬਰ ਬਾਦਸ਼ਾਹ ਦੀ ਮਾਂ ਨੇ ਮਾਂ ਦਾ ਦਰਜਾ ਕੀ ਹੁੰਦਾ ਹੈ ਦਰਸਾਉਣ ਵਾਸਤੇ ਅਕਬਰ ਦੇ ਬਿਸਤਰ ਤੇ ਪਾਣੀ ਸੁੱਟ ਦਿਤਾ। ਜਦੋਂ ਅਕਬਰ ਆ ਕੇ ਲੇਟਿਆ ਤਾਂ ਇਕ ਦਮ ਉਠ ਖਲੋਤਾ ਨਾਲ ਹੀ ਕਰੋਧਿਤ ਹੋ ਕੇ ਨੌਕਰ ਸੱਦ ਲਏ ਪਰ ਨਾਲ ਹੀ ਮਾਂ ਵੀ ਆ ਗਈ। ਨੌਕਰਾਂ ਨੂੰ ਗੁੱਸੇ ਹੋਣ ਹੀ ਲੱਗਾ ਸੀ ਕਿ ਮਾਂ ਨੇ ਆਖਿਆ ਕਿ ਗੁਨਹਗਾਰ ਮੈਂ ਹਾਂ ਕਿਉਕਿ ਪਾਣੀ ਨੌਕਰ ਨੇ ਨਹੀਂ ਬਲਕਿ ਮੈਂ ਡੋਲ੍ਹਿਆ। ਅਕਬਰ ਦਾ ਮਾਂ ਨਾਲ ਬਹੁਤ ਪਿਆਰ ਸੀ ਕਹਿਣ ਲੱਗਾ ਫਿਰ ਮਾਂ ਤੂੰ ਕਿਉਂ ਪਾਣੀ ਡੋਲ੍ਹਿਆ ? ਤੈਨੂੰ ਪਤਾ ਹੋਣਾ ਚਾਹੀਦਾ ਹੈ ਕਿ ਹੁਣ ਮੈਂ ਕਿਵੇਂ ਸੋਵਾਂਗਾ। ਮਾਂ ਨੇ ਬੜੇ ਪ੍ਰੇਮ ਨਾਲ ਆਖਿਆ ਜਿਵੇ ਕਦੇ ਮੈਂ ਸੌਂਦੀ ਸੀ। ਇਹ ਤਾਂ ਕੇਵਲ ਪਾਣੀ ਨਾਲ ਗਿੱਲਾ ਹੈ ਪਰ ਮਾਂ ਤੇ ਪਿਸ਼ਾਬ ਨਾਲ ਗਿੱਲੇ ਹੋਏ ਬਿਸਤਰੇ ਉਪਰ ਸੌਂਦੀ ਹੈ, ਫਿਰ ਜਿਸ ਮਾਂ ਨੂੰ ਪੁੱਤਰ ਵੱਡਾ ਹੋ ਕੇ ਭੁਲਾ ਦਿੰਦਾ ਹੈ। ਸੋ ਸਿਆਣੀ ਨੂੰਹ ਆਪਣੀ ਔਲਾਦ ਨੂੰ ਪਾਲਦਿਆਂ ਇਹ ਯਾਦ ਰੱਖਦੀ ਹੈ ਕਿ ਮੇਰੇ ਪਤੀ ਦੀ ਮਾਂ ਤੇ ਬਾਪ ਨੇ ਵੀ ਕਦੇ ਆਪਣੀ ਔਲਾਦ ਨੂੰ ਇਸ ਤਰ੍ਹਾਂ ਹੀ ਪਾਲਿਆ ਸੀ। ਜੇ ਮੈਂ ਆਪਣੇ ਪੁੱਤ ਦਾ ਦੁੱਖ ਜਾਂ ਵਿਛੋੜਾ ਨਹੀਂ ਸਹਿ ਸਕਦੀ ਤਾਂ ਇਹ ਵੀ ਤਾਂ ਮੇਰੇ ਵਰਗੀ ਹੀ ਮਾਂ ਹੈ। ਇਸ ਨੂੰ ਇਸ ਦੇ ਪੁੱਤਰ ਤੋਂ ਕਿਉਂ ਵਿਛੋੜਾਂ। ਅਜਿਹਾ ਦਰਦ ਕਦੇ ਪ੍ਰੀਵਾਰ ਵਿੱਚ ਦੁਫਾੜ ਕਿਵੇਂ ਪੈਦਾ ਹੋਣ ਦੇ ਸਕਦਾ ਹੈ ? ਜੇ ਕਿਧਰੇ ਹਰ ਨੂੰਹ ਅਜਿਹੀ ਸੋਚ ਦੀ ਧਾਰਨੀ ਹੋ ਜਾਵੇ ਤਾਂ ਹਰ ਘਰ ਸੁੱਖਾਂ ਨਾਲ ਭਰ ਸਕਦਾ ਹੈ ਕਿਉਂਕਿ ਨਿਰਬਾਹ ਹੀ ਸੁਖਾਂ ਦਾ ਰਾਹ ਹੈ।

*

"ਔਲਾਦ-ਪੁੱਤਰ"

ਜ਼ਿੰਦਗੀ ਇਕ ਸਫਰ ਹੈ। ਜਿਸ ਤਰ੍ਹਾਂ ਸਫਰ ਵਿੱਚ ਅਨੇਕਾਂ ਪੜਾਅ ਆਉਂਦੇ ਹਨ ਇਸੇ ਤਰ੍ਹਾਂ ਗ੍ਰਹਿਸਤੀ ਦੀ ਜ਼ਿੰਦਗੀ ਦੇ ਅੰਦਰ ਵੀ ਕਈ ਪੜਾਅ ਆਉਂਦੇ ਹਨ। ਇਨ੍ਹਾਂ ਪੜਾਵਾਂ ਵਿੱਚ ਇਕ ਪੜਾ ਹੈ ਗ੍ਰਹਿਸਤੀ ਜੀਵਨ ਅੰਦਰ ਔਲਾਦ ਦੀ ਮਹੱਤਤਾ। ਔਲਾਦ ਪਿਛੇ ਆਮ ਸੰਸਾਰੀ ਬੰਦਿਆਂ ਦੀ ਤਾਂ ਗੱਲ ਆਮ ਕਹਿ ਕੇ ਛੱਡ ਦਿੰਦੇ ਹਾਂ ਪਰ ਔਲਾਦ ਪਿਛੇ ਕਈ ਵਾਰੀ ਇਤਿਹਾਸ ਪੀਰਾਂ ਪੈਗੰਬਰਾਂ ਦੇ ਮੂੰਹੋਂ ਨਿਕਲੇ ਠੰਢੇ ਹਉਕੇ ਵੀ ਸੁਣਾਉਂਦਾ ਹੈ। ਔਲਾਦ ਪਿਛੇ ਪਹਿਲਾਂ ਤੋਂ ਹੀ ਮਨੁੱਖੀ ਤੜਫ ਦੀਆਂ ਤਸਵੀਰਾਂ ਨੂੰ ਇਤਿਹਾਸ ਨੇ ਕਈ ਉੱਘਾ ਕਰਕੇ ਪ੍ਰਗਟ ਕੀਤਾ ਹੈ।

ਸਿਆਣੇ ਲੋਕਾਂ ਨੇ ਇਸਤ੍ਰੀ ਕੋਲ ਦੋ ਤਰ੍ਹਾਂ ਦਾ ਖ਼ਜ਼ਾਨਾ ਮੰਨਿਆਂ ਹੈ। ਪਤੀ ਵਾਸਤੇ ਸੁੱਖ ਅਤੇ ਸੰਸਾਰਕ ਸਾਂਝ ਵਾਸਤੇ ਕੁੱਖ ਹੁੰਦੀ ਹੈ। ਜੇ ਕਿਧਰੇ ਇਸਤਰੀ ਦੀ ਕੁੱਖ ਸਫਲੀ ਨਾ ਹੋਵੇ ਤਾਂ ਇਕ ਲੜਕੀ ਦਾ ਜਨਮ ਤਾਂ ਹੋਇਆ, ਇਕ ਨੂੰਹ ਦਾ ਜਨਮ ਤਾਂ ਹੋਇਆ, ਪਰ ਇਕ ਮਾਂ ਦਾ ਜਨਮ ਨਹੀਂ ਹੋਇਆ, ਕਿਉਂਕਿ ਜਿਸ ਦਿਨ ਔਲਾਦ ਜੰਮਦੀ ਹੈ, ਉਸ ਦਿਨ ਇਕ ਮਾਂ ਅਤੇ ਪਿਤਾ ਦਾ ਜਨਮ ਹੁੰਦਾ ਹੈ। ਔਲਾਦ ਦੀ ਪ੍ਰਾਪਤੀ ਨਾ ਹੋਣ ਨਾਲ ਵੀ ਕਈ ਵਾਰੀ ਅਗਿਆਨੀ ਲੋਕ ਪਾਖੰਡੀਆਂ ਦੇ ਮਗਰ ਲੱਗ ਕੇ ਇਤਨੀ ਘਨੌਣੀ ਹਰਕਤ ਕਰਦੇ ਹਨ ਜਿਹੜੀ ਕਿ ਇਨਸਾਨੀਅਤ ਦੇ ਮੱਥੇ ਤੇ ਕਲੰਕ ਵਾਂਗ ਚਮਕਦੀ ਹੈ। ਕਿਸੇ ਦੀ ਔਲਾਦ ਦੀ ਬਲੀ ਦੇ ਕੇ ਜਾਂ ਕਿਸੇ ਦੀ ਔਲਾਦ ਮਾਰ ਮੁਕਾ ਕੇ ਆਪਣੀ ਔਲਾਦ ਦੀ ਪ੍ਰਾਪਤੀ ਦੀ ਲਾਲਸਾ ਰੱਖਣਾ ਜਿਥੇ ਅਤਿ ਘਿਨੌਣਾ ਪਾਪ ਹੈ, ਉਥੇ ਕਿਸੇ ਦਾ ਘਰ ਉਜਾੜ ਕੇ ਆਪਣੇ ਘਰ ਨੂੰ ਵੱਸਦਾ ਵੇਖਣ ਵਾਲਾ ਇਕ ਬਹੁਤ ਵੱਡੇ ਭਰਮ ਦਾ ਸ਼ਿਕਾਰ ਹੁੰਦਾ ਹੈ। ਇਕ ਵਿਦਵਾਨ ਪੁਰਸ਼ ਦਾ ਬਚਨ ਹੈ ਕਿ "ਜੈਸੀ ਕਰਨੀ ਵੈਸੀ ਭਰਨੀ ਕੁਦਰਤਿ ਯਹ ਸਿਖਲਾਏ ਕਾਂਟੇ ਬੋਨੇ ਵਾਲਾ ਜਗ ਮਹਿ ਫੂਲ ਕਹਾ ਸੇ ਪਾਏ।"

ਔਲਾਦ ਦੀ ਪ੍ਰਾਪਤੀ ਲਈ ਹੀ ਕਈ ਵਾਰੀ ਦੋ-ਦੋ ਤਿੰਨ-ਤਿੰਨ ਸ਼ਾਦੀਆਂ ਕਰਕੇ ਇਸ ਲੋੜ ਦੀ ਪ੍ਰਾਪਤੀ ਲਈ ਸੰਸਾਰਕ ਤੜਫ ਵੇਖੀ ਜਾ ਸਕਦੀ ਸੀ। ਇਹ ਗੱਲ ਵੱਖਰੀ ਹੈ ਕਿ ਸੁੱਖਾਂ ਦੀ ਪ੍ਰਾਪਤੀ ਦੀ ਲਾਲਸਾ ਜਾਂ ਮੋਹ ਮਮਤਾ ਦੀ ਪਕੜ ਕਾਰਨ ਲਗਾਇਆ ਇਹ ਬੂਟਾ ਕਈ ਵਾਰੀ ਸੁਖਾਂ ਦੀ ਥਾਂ ਦੁੱਖਾਂ ਨਾਲ ਝੋਲੀ ਭਰ ਦਿੰਦਾ ਹੈ, ਪਰ ਇਸ ਦੀ ਪ੍ਰਾਪਤੀ ਦੀ ਪਕੜ ਅੱਜ ਵੀ ਘੱਟ ਨਹੀਂ, ਬਲਕਿ ਸਾਇੰਸ ਦੁਆਰਾ

ਵੀ ਇਸ ਦੇ ਹੱਲ ਲੱਭ ਕੇ ਇਸ ਮਨੁੱਖੀ ਭੁੱਖ ਦੀ ਤ੍ਰਿਪਤੀ ਦਾ ਇਲਾਜ ਕੀਤਾ ਜਾ ਰਿਹਾ ਹੈ। ਸਿੱਖ ਇਤਿਹਾਸ ਵਿਚੋਂ ਵੀ ਬਾਬਾ ਆਦਮ ਜੀ ਚੌਥੇ ਪਾਤਿਸ਼ਾਹ ਵੇਲੇ ਅਰਦਾਸ ਕਰਕੇ ਔਲਾਦ ਮੰਗਣੀ ਤੇ ਭਾਈ ਭਗਤੂ ਜੀ ਦਾ ਪੈਦਾ ਹੋਣਾ ਅਤੇ ਦੂਜੇ ਪਾਸੇ ਮਾਤਾ ਸੁਲੱਖਣੀ ਦੀ ਅਰਦਾਸ ਦੀ ਮਿਸਾਲ ਤਾਂ ਹਰ ਕੋਈ ਜਾਣਦਾ ਹੈ ਕਿ ਉਸਨੇ ਕਿਵੇਂ ਧੰਨ ਗੁਰੂ ਹਰਿਗੋਬਿੰਦ ਪਾਤਿਸ਼ਾਹ ਜੀ ਕੋਲੋਂ ਇਹ ਦਾਤ ਪ੍ਰਾਪਤ ਕੀਤੀ ਸੀ।

ਗੁਰੂ ਪਾਤਿਸ਼ਾਹ ਜੀ ਨੇ ਵੀ ਗ੍ਰਿਹਸਤੀ ਦੀਆਂ ਲੋੜਾਂ ਦੀ ਲਿਸਟ ਸੱਚੇ ਦਰਬਾਰ ਵਿੱਚ ਸਾਡੀ ਅਗਵਾਈ ਕਰਦਿਆਂ ਜਿਹੜੀ ਅਰਦਾਸ ਰੂਪ ਵਿਚ ਬਿਆਨ ਕੀਤੀ ਹੈ ਉਸ ਵਿੱਚ ਵੀ ਔਲਾਦ ਦੀ ਮੰਗ ਹੈ, ਅੰਮ੍ਰਿਤ ਬਚਨ ਹਨ :

ਸਾਜਨੋ ਤੂ ਮੀਤੁ ਮੇਰਾ ਗ੍ਰਿਹਿ ਤੇਰੈ ਸਭੁ ਕੇਹੁ ॥੧॥ ਰਹਾਉ ॥
ਮਾਨੁ ਮਾਂਗਉ ਤਾਨੁ ਮਾਂਗਉ ਧਨੁ ਲਖਮੀ ਸੁਤ ਦੇਹ ॥੧॥

(ਪੰਨਾ ੧੩੦੭)

ਗ੍ਰਿਹਸਤੀ ਦੇ ਇਸ ਪੜਾਅ ਤੇ ਸਤਿਗੁਰੂ ਜੀ ਬੜੀ ਵੱਡੀ ਦ੍ਰਿੜ੍ਹਤਾ ਵਾਲੀ ਅਗਵਾਈ ਬਖਸ਼ਿਸ਼ ਕਰਦੇ ਹਨ ਕਿ ਹੇ ਭਾਈ ਇਸ ਅਮੋਲਕ ਦਾਤ ਨੂੰ ਪ੍ਰਾਪਤ ਕਰਕੇ ਕਿਧਰੇ ਹੰਕਾਰ ਨਾਲ ਆਕੜ ਨਾ ਜਾਣਾ, ਬਲਕਿ ਇਸ ਦਾਤ ਨੂੰ ਵੀ ਮਾਲਿਕ ਵਲੋਂ ਬਖਸ਼ਿਸ਼ ਕੀਤੀ ਪ੍ਰੇਮ ਨਿਸ਼ਾਨੀ ਜਾਣ ਕੇ "ਗਾਵੈ ਕੋ ਦਾਤਿ ਜਾਣੈ ਨੀਸਾਣ ॥" ਦੇ ਮਹਾਵਾਕ ਅਨੁਸਾਰ ਹਮੇਸ਼ਾ ਸ਼ੁਕਰਾਨਾ ਹੀ ਕਰਨਾ ਹੈ। ਇਤਿਹਾਸਿਕ ਗਵਾਹੀ ਹੈ ਕਿ ਜਦੋਂ ਸ੍ਰੀ ਹਰਿਗੋਬਿੰਦ ਸਾਹਿਬ ਜੀ ਦਾ ਪ੍ਰਕਾਸ਼ ਹੋਇਆ ਸੀ ਤਾਂ ਸਾਹਿਬ ਜੀ ਨੇ ਆਉਣ ਵਾਲੀਆਂ ਪੀੜ੍ਹੀਆਂ ਲਈ ਮਾਰਗ ਦਰਸ਼ਨ ਕਰਨ ਵਾਸਤੇ ਅਤੇ ਸੱਚੇ ਦਾ ਸ਼ੁਕਰਾਨਾ ਕਰਨ ਵਾਸਤੇ ਇਹ ਅਲਾਹੀ ਬਚਨਾਂ ਨਾਲ ਕੀਰਤਨ ਕਰਕੇ ਰੱਬੀ ਖੁਸ਼ੀ ਦਾ ਆਨੰਦ ਮਾਣਿਆ ਸੀ।

"ਸਤਿਗੁਰ ਸਾਚੈ ਦੀਆ ਭੇਜਿ ॥ ਚਿਰੁ ਜੀਵਨੁ ਉਪਜਿਆ ਸੰਜੋਗਿ ॥
ਉਦਰੈ ਮਾਹਿ ਆਇ ਕੀਆ ਨਿਵਾਸੁ ॥ ਮਾਤਾ ਕੈ ਮਨਿ ਬਹੁਤੁ ਬਿਗਾਸੁ ॥੧॥
ਜੰਮਿਆ ਪੂਤੁ ਭਗਤੁ ਗੋਬਿੰਦ ਕਾ ॥ ਪ੍ਰਗਟਿਆ ਸਭ ਮਹਿ ਲਿਖਿਆ ਧੁਰ ਕਾ ॥ਰਹਾਉ॥
ਦਸੀ ਮਾਸੀ ਹੁਕਮਿ ਬਾਲਕ ਜਨਮੁ ਲੀਆ ॥ ਮਿਟਿਆ ਸੋਗੁ ਮਹਾ ਅਨੰਦੁ ਥੀਆ ॥
ਗੁਰਬਾਣੀ ਸਖੀ ਅਨੰਦੁ ਗਾਵੈ ॥ ਸਚੇ ਸਾਹਿਬ ਕੈ ਮਨਿ ਭਾਵੈ ॥੨॥
ਵਧੀ ਵੇਲਿ ਬਹੁ ਪੀੜੀ ਚਾਲੀ ॥ ਧਰਮ ਕਲਾ ਹਰਿ ਬੰਧਿ ਬਹਾਲੀ ॥
ਮਨ ਚਿੰਦਿਆ ਸਤਿਗੁਰੂ ਦਿਵਾਇਆ ॥ ਭਏ ਅਚਿੰਤ ਏਕ ਲਿਵ ਲਾਇਆ ॥੩॥
ਜਿਉ ਬਾਲਕੁ ਪਿਤਾ ਊਪਰਿ ਕਰੇ ਬਹੁ ਮਾਣੁ ॥ ਬੁਲਾਇਆ ਬੋਲੈ ਗੁਰ ਕੈ ਭਾਣਿ ॥
ਗੁਝੀ ਛੰਨੀ ਨਾਹੀ ਬਾਤ ॥ ਗੁਰੁ ਨਾਨਕੁ ਤੁਠਾ ਕੀਨੀ ਦਾਤਿ ॥੪॥

(ਪੰਨਾ ੩੯੬)

ਸੱਤਿਗੁਰੂ ਜੀ ਵੱਲੋਂ ਮਿਲੀ ਤੁਠ ਕੇ ਇਸ ਦਾਤ ਦਾ ਸ਼ੁਕਰਾਨਾ ਕਰਦਿਆਂ ਨਾਲ ਹੀ ਇਹ ਭਰੋਸਾ ਵੀ ਬਣ ਜਾਂਦਾ ਹੈ ਕਿ ਜਿੰਨਾ ਚਿਰ ਸਾਹਿਬ ਦੀ ਨਦਰ ਸਵੱਲੀ ਹੈ ਓਨਾਂ ਚਿਰ ਤੱਤੀ ਹਵਾ ਵੀ ਨਹੀਂ ਲੱਗ ਸਕਦੀ। ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਬਚਪਨ ਜ਼ਾਹਰਾ ਤੌਰ ਤੇ ਇਸ ਗੱਲ ਦਾ ਇਕ ਜਿਉਂਦਾ ਜਾਗਦਾ ਸਬੂਤ ਹੈ ਕਿ ਬਾਬਾ ਪ੍ਰਿਥੀ ਚੰਦ ਜੀ ਨੇ ਈਰਖਾ-ਵੱਸ ਹੋ ਕੇ ਆਪਣੇ ਹੀ ਸਕੇ ਭਰਾ ਦੀ ਔਲਾਦ ਉਤੇ ਇਤਨੇ ਕੋਝੇ ਵਾਰ ਕੀਤੇ। ਪਰ ਹਰ ਵਾਰੀ "ਹਰਿ ਗੋਵਿਦੁ ਨਵਾ ਨਿਰੋਆ" (ਪੰਨਾ ੬੨੦) ਹੋ ਕੇ ਪ੍ਰਗਟ ਹੋਣਾ ਰੱਬੀ ਰਹਿਮਤ ਦੀ ਹੀ ਗੱਲ ਹੈ। ਅੱਜ ਦਾ ਗ੍ਰਹਿਸਤੀ ਥੋੜੀ ਜਿਹੀ ਗੱਲ ਦਾ ਵੀ ਸ਼ੰਕਾ ਕਰਕੇ ਨਕਲੀ ਸਿਆਣਿਆਂ ਮਗਰ ਭੱਜ ਦੌੜਦਾ ਹੈ ਕਿ ਮੇਰੇ ਬੱਚੇ ਨੂੰ ਕੁਝ ਕਰਵਾ ਦਿਤਾ, ਜਦ ਕਿ ਗੁਰਬਾਣੀ ਦੇ ਅਲਾਹੀ ਬਚਨ ਹਨ।

ਇਸ ਕਰਕੇ ਹੀ ਧੰਨ ਗੁਰੂ ਅਰਜਨ ਸਾਹਿਬ ਪਾਤਿਸ਼ਾਹ ਦਾ ਯਕੀਨ ਅਡੋਲ ਹੈ। ਉਨ੍ਹਾਂ ਬਾਬਾ ਪ੍ਰਿਥੀ ਚੰਦ ਜੀ ਨੂੰ ਵੀ ਤਦ ਹੀ ਕਦੇ ਉਲ੍ਹਾਸਾ ਨਹੀਂ ਦਿਤਾ ਬਲਕਿ ਹਰ ਵਾਰੀ ਪ੍ਰਮੇਸ਼ਰ ਦਾ ਹੀ ਸ਼ੁਕਰਾਨਾ ਕੀਰਤਨ ਰਾਹੀਂ ਕਰਦੇ ਰਹੇ। ਇਹ ਤਾਂ ਚਲੋ ਜੀਵਨ ਚਿਰਾਗ ਨੂੰ ਬੁਝਾ ਦੇਣਗੇ, ਪਰ ਜਦੋਂ ਰੱਬੀ ਆਫਤ ਵੀ ਆਈ ਤਦ ਵੀ ਸ੍ਰੀ ਗੁਰੂ ਅਰਜਨ ਸਾਹਿਬ ਜੀ ਦੀ ਅਡੋਲਤਾ ਹੱਦ ਦਰਜੇ ਦੀ ਕਮਾਲ ਹੈ। ਇਤਿਹਾਸਿਕ ਜ਼ਿਕਰ ਹੈ ਕਿ ਚੇਚਕ ਨੇ ਬਾਲੜੇ ਸ੍ਰੀ ਹਰਿਗੋਬਿੰਦ ਜੀ ਨੂੰ ਆਪਣੀ ਲਪੇਟ ਵਿੱਚ ਲੈ ਲਿਆ। ਇਕੋ ਇਕ ਪੁੱਤਰ ਹੋਵੇ, ਹੋਰ ਕੋਈ ਵੀ ਭੈਣ ਭਰਾ ਨਾ ਹੋਵੇ, ਤਾਂ ਵੀ ਸ੍ਰੀ ਗੁਰੂ ਅਰਜਨ ਸਾਹਿਬ ਜੀ ਦੇ ਕੁਝ ਅਜਿਹੇ ਸ਼ਰਧਾਲੂ ਜਿਹੜੇ ਅਗਿਆਨਤਾ ਵੱਸ ਇਸਨੂੰ ਬਿਮਾਰੀ ਸਮਝਣ ਦੀ ਬਜਾਇ ਇਕ ਮਾਤਾ ਦੀ ਕਰੋਪੀ ਸਮਝ ਕੇ ਉਸ ਦੀ ਪ੍ਰਸੰਨਤਾ ਹਾਸਿਲ ਕਰਨ ਵਾਸਤੇ ਅਨੇਕਾਂ ਵਾਰੀ ਬੇਨਤੀ ਕਰਨ ਕਿ ਤੁਸੀਂ ਆਗਿਆ ਦਿਉ, ਅਸੀਂ ਦੇਵੀ ਦੀ ਪੂਜਾ ਕਰ ਲਈਏ। ਧੰਨ ਗੁਰੂ ਅਰਜਨ ਦੇਵ ਜੀ ਜਿਨ੍ਹਾਂ ਨੇ ਅਡੋਲ ਨਿਸ਼ਚਾ ਪ੍ਰਮੇਸ਼ਰ ਤੇ ਰੱਖਿਆ ਅਤੇ ਰੱਖਣ ਲਈ ਕਿਹਾ ਕਿ "ਗੁਰੁ ਨਾਨਕੁ ਤੁਠਾ ਕੀਨੀ ਦਾਤਿ ॥" (ਪੰਨਾ ੩੯੬) ਹੈ, ਫਿਰ ਡਰ ਕਿਸ ਗੱਲ ਦਾ ਹੈ ? ਅਖੀਰ ਦੇਹ ਅਰੋਗਤਾ ਨਸੀਬ ਹੋਈ ਦੇਵੀ ਦੀ ਪੂਜਾ ਕਰਨ ਦੀ ਬਜਾਇ ਫਿਰ ਆਪਣੇ ਪ੍ਰਮੇਸ਼ਰ ਦਾ ਹੀ ਸ਼ੁਕਰਾਨਾ ਕੀਤਾ, ਸ਼ਬਦ ਗਾਇਆ ਸੀ ਕਿ-

ਨੇਤ੍ਰ ਪ੍ਰਗਾਸੁ ਕੀਆ ਗੁਰਦੇਵ ॥
ਭਰਮ ਗਏ ਪੂਰਨ ਭਈ ਸੇਵ ॥੧॥ ਰਹਾਉ ॥
ਸੀਤਲਾ ਤੇ ਰਖਿਆ ਬਿਹਾਰੀ ॥
ਪਾਰਬ੍ਰਹਮ ਪ੍ਰਭ ਕਿਰਪਾ ਧਾਰੀ ॥੧॥

ਨਾਨਕ ਨਾਮੁ ਜਪੈ ਸੈ ਜੀਵੈ ॥
ਸਾਧਸੰਗਿ ਹਰਿ ਅੰਮ੍ਰਿਤੁ ਪੀਵੈ ॥੨॥

(ਪੰਨਾ ੨੦੦)

ਸਾਰੀ ਵੀਚਾਰ ਦਾ ਇਹ ਸਿੱਟਾ ਹੈ ਕਿ ਗ੍ਰਿਹਸਤੀ ਜੀਵਨ ਵਿੱਚ ਇਸ ਪੜਾਅ ਤੋਂ ਗੁਜ਼ਰਦਿਆਂ ਹਮੇਸ਼ਾ ਇਨ੍ਹਾਂ ਤਿੰਨਾਂ ਗੱਲਾਂ ਦਾ ਖਿਆਲ ਰੱਖਣਾ ਹੈ ਕਿ ਔਲਾਦ ਦੀ ਪ੍ਰਾਪਤੀ ਲਈ ਪਾਖੰਡੀਆਂ ਦੇ ਜਾਲ ਵਿਚ ਫਸ ਕੇ ਪਾਪ ਨਹੀਂ ਕਰਨੇ। ਕਿਉਂਕਿ ਰੱਬੀ ਬਚਨ ਹੈ :

"ਅਨ ਕਾਏ ਰਾਤੜਿਆ ਵਾਟ ਦੁਹੇਲੀ ਰਾਮ ॥
ਪਾਪ ਕਮਾਵਦਿਆ ਤੇਰਾ ਕੋਇ ਨ ਬੇਲੀ ਰਾਮ ॥

(ਪੰਨਾ ੫੪੬)

ਸਿਰਫ ਰੱਬੀ ਦਰਗਾਹ ਵਿਚ ਕੀਤੀ ਹੋਈ ਅਰਦਾਸ ਹੀ ਨਿਰਾਸਤਾ ਨੂੰ ਆਸਤਾ ਵਿਚ ਬਦਲ ਸਕਦੀ ਹੈ। ਦੂਜਾ ਦਾਤਿ ਦੀ ਪ੍ਰਾਪਤੀ ਤੇ ਹੰਕਾਰ ਨਹੀਂ ਬਲਕਿ ਸ਼ੁਕਰਾਨਾ ਕਰਨਾ ਹੈ। ਤੀਜਾ ਟੇਕ ਵਾਹਿਗੁਰੂ ਜੀ ਤੇ ਰੱਖ ਕੇ ਹਰ ਦੁੱਖ-ਸੁੱਖ ਉਸੇ ਦਾ ਭਾਣਾ ਮੰਨ ਕੇ ਗੁਜ਼ਾਰਨਾ ਹੈ। ਉਹ ਦਾਤਾਰ ਹੈ। ਸਭ ਉਸ ਦੀਆਂ ਹੀ ਦਿਤੀਆਂ ਦਾਤਾਂ ਹਨ, ਸਾਡੇ ਕੋਲ ਤਾਂ ਅਮਾਨਤਾਂ ਹਨ। ਉਹੋ ਜੀਵ ਸੁੱਖੀ ਰਹਿੰਦਾ ਹੈ, ਜਿਹੜਾ ਉਸ ਦੀਆਂ ਦਾਤਾਂ ਦਾ ਅਮਾਨਤ ਸਮਝ ਕੇ ਇਸਤੇਮਾਲ ਕਰਦਾ ਹੈ। ਹਾਂ, ਇਕ ਅਰਦਾਸ ਦਾ ਪਾਂਧੀ ਹੋਵੇ। ਇਸ ਵਿਚੋਂ ਧਰਮ ਅਤੇ ਇਨਸਾਨੀਅਤ ਵਾਲੇ ਚੰਗੇ ਗੁਣਾਂ ਦੀ ਖੁਸ਼ਬੋ ਆਵੇ, ਤਾਂ ਕਿ ਸਾਰੀ ਜ਼ਿੰਦਗੀ ਇਨ੍ਹਾਂ ਬੱਚਿਆਂ ਨੂੰ ਵੀ ਸੁੱਖ ਮਿਲੇ ਅਤੇ ਜਿਸ ਦਾ ਸਦਕਾ ਸਾਡਾ ਨਿਰਬਾਹ ਵੀ ਸੌਖਾ ਹੋ ਸਕੇ।

*

ਔਲਾਦ (ਲੜਕੀ)

ਔਲਾਦ ਇਕ ਸਾਂਝਾ ਸ਼ਬਦ ਹੈ। ਜਿਸ ਦੀਆਂ ਦੋ ਪ੍ਰਮੁਖ ਸ਼ਾਖਾਵਾਂ ਹਨ। ਇਕ ਸ਼ਾਖਾ ਦਾ ਨਾਂ ਪੁੱਤਰ ਹੈ ਅਤੇ ਦੂਜੀ ਸ਼ਾਖਾ ਦਾ ਨਾਂ ਧੀ ਹੈ। ਭਾਵੇਂ ਅੱਜ ਇਸ ਰਿਸ਼ਤੇ ਵਿਚ ਕਹਿਣ ਨੂੰ ਇਹੋ ਕੁਝ ਕਿਹਾ ਜਾਂਦਾ ਹੈ ਕਿ ਲੜਕੇ ਅਤੇ ਲੜਕੀ ਵਿੱਚ ਕੋਈ ਅੰਤਰ ਨਹੀਂ ਪਰ ਨਿਰੀਆਂ ਕਹਿਣ ਕਥਨ ਦੀਆਂ ਹੀ ਗੱਲਾਂ ਹਨ। ਲੜਕੀ ਦੇ ਜਨਮ ਵੇਲੇ ਪ੍ਰੀਵਾਰਕ ਦਸ਼ਾ ਹੀ ਇਸ ਗੱਲ ਦਾ ਪ੍ਰਤੱਖ ਸਬੂਤ ਹੁੰਦੀ ਹੈ ਕਿ ਲੜਕੀ ਦਾ ਸਾਡੇ ਸਮਾਜ ਵਿੱਚ ਕੀ ਰੁਤਬਾ ਹੈ। ਕਹਿਣ ਨੂੰ ਅੱਜ ਅਸੀਂ ਭਾਵੇਂ 21ਵੀਂ ਸਦੀ ਵਿਚ ਜੀਅ ਰਹੇ ਹਾਂ ਪਰ ਹਾਲੇ ਵੀ ਕਈ ਥਾਵਾਂ ਤੇ ਮਨੁੱਖੀ ਮਾਨਸਿਕਤਾ ਜਾਂ ਬੌਧਕ ਪੱਖ ਤੋਂ ਅਸੀਂ 17ਵੀਂ, 18ਵੀ ਸਦੀ ਵਿੱਚ ਹੀ ਭਟਕਦੇ ਨਜ਼ਰ ਆਉਂਦੇ ਹਾਂ, ਕਈ ਪ੍ਰੀਵਾਰਾਂ ਵਿੱਚ ਪੁੱਤਰ ਪ੍ਰਾਪਤੀ ਦੀ ਲਾਲਸਾ ਨੇ ਕਈ ਕਈ ਧੀਆਂ ਨੂੰ ਜਨਮ ਦੇ ਕੇ ਵੀ ਮਾਪਿਆਂ ਦੇ ਠੰਢੇ ਹੌਕੇ ਕਿਸੇ ਅੰਦਰਲੀ ਥੋੜ ਨੂੰ ਪ੍ਰਗਟ ਕਰ ਜਾਂਦੇ ਹਨ। ਪਰ ਅਜਿਹਾ ਪ੍ਰੀਵਾਰ ਇਕ ਵੀ ਨਹੀਂ ਵੇਖਿਆ ਜਿਹੜਾ ਧੀ ਦੀ ਪ੍ਰਾਪਤੀ ਲਈ ਕਈ-ਕਈ ਪੁੱਤਰ ਜੰਮ ਬੈਠਾ ਹੋਵੇ ਤੇ ਹਾਲੇ ਵੀ ਉਸ ਦੇ ਅੰਦਰ ਧੀ ਪ੍ਰਾਪਤੀ ਦੀ ਲਾਲਸਾ ਬਰਕਰਾਰ ਹੋਵੇ।

ਪਹਿਲਾਂ ਤਾਂ ਲੜਕੀ ਨਾਲ ਜਨਮ ਤੋਂ ਵਿਤਕਰਾ ਸ਼ੁਰੂ ਹੁੰਦਾ ਸੀ। ਪਰ ਅੱਜ ਕਲ ਤਾਂ ਸਾਇੰਸ ਦੀ ਕਾਢ ਅਲਟਰਾ ਸਾਊਂਡ ਨੇ ਇਸ ਉਤੇ ਮਾਤਾ ਦੇ ਪੇਟ ਵਿੱਚ ਹੀ ਕਹਿਰ ਕਰਨਾ ਸ਼ੁਰੂ ਕਰ ਦਿੱਤਾ ਹੈ। ਕਹਿਣ ਨੂੰ ਭਾਵੇਂ ਕਾਨੂੰਨ ਵੀ ਹੋਂਦ ਵਿੱਚ ਆਇਆ ਹੈ ਪਰ ਫਿਰ ਵੀ ਕੋਈ ਨਾ ਕੋਈ ਖਬਰ ਅਖਬਾਰਾਂ ਵਿੱਚ ਚੋਰੀ ਛੁਪੇ ਹੋਏ ਇਸ ਜ਼ੁਲਮ ਦੀ ਗਵਾਹੀ ਭਰ ਦਿੰਦੀ ਹੈ। ਧੀ ਹੋਣ ਦਾ ਕਰਜ਼ ਇਹ ਵੀਚਾਰੀ ਪਹਿਲੇ ਦਿਨ ਤੋਂ ਹੀ ਉਤਾਰਨ ਲੱਗ ਪੈਂਦੀ ਹੈ । ਜਨਮ ਤੋਂ ਹੀ ਲੋਕੀਂ ਅਖਾਣ ਪੜ੍ਹਨ ਲੱਗ ਪੈਂਦੇ ਹਨ ਕਿ ਚਲੋ ਹਨੇਰੀ ਆਈ ਹੈ, ਮੀਂਹ ਵੀ ਆਵੇਗਾ। ਫਿਰ ਘਰ ਵਿੱਚ ਪਾਲਣ ਪੋਸਣ ਵੇਲੇ ਵੀ ਇਹ ਗੱਲ ਹਰ ਕੋਈ ਆਸਾਨੀ ਨਾਲ ਕਹਿ ਸਕਦਾ ਹੈ ਕਿ ਮਰ ਜਾਣੀ ਰੋਜ਼ ਵਧਦੀ ਜਾਂਦੀ ਹੈ। ਪਰ ਪੁੱਤਰ ਲਈ ਮਰ ਜਾਣਾ ਸ਼ਬਦ ਕੋਈ ਭੁੱਲ ਕੇ ਵੀ ਨਹੀਂ ਵਰਤਦਾ। ਦੂਸਰਾ ਕਹਿਰ ਭਾਵੇਂ ਘਟਦਾ ਜਾ ਰਿਹਾ ਹੈ, ਪਰ ਅੱਜ ਵੀ ਬਰਕਰਾਰ ਹੈ, ਇਸਨੂੰ ਪੜ੍ਹਾਈ ਦੀ ਵੀ ਉਤਨੀ ਆਜ਼ਾਦੀ ਨਹੀਂ। ਸਮਾਜਿਕ ਪੱਧਰ ਤੇ ਜਿਤਨਾ ਸੰਕੋਚ ਕੇ ਲੜਕੀ ਨੂੰ ਚੱਲਣਾ ਪੈਂਦਾ ਹੈ ਉਤਨੀ ਲੜਕੇ ਦੀ ਆਜ਼ਾਦੀ ਤੇ ਰੋਕ ਨਹੀਂ ਹੁੰਦੀ। ਫਿਰ ਵਿਆਹ ਸ਼ਾਦੀ ਦੇ ਦੁਖੜੇ ਵੀ

ਇਸ ਦੇ ਲੜਕੇ ਨਾਲੋਂ ਵੱਖਰੀ ਕਿਸਮ ਦੇ ਹਨ। ਸੱਸ ਸਹੁਰੇ ਦਾ **ਕਹਿਰ ਵੀ ਇਸਦੇ** ਹੀ ਪੱਲੇ ਪੈਂਦਾ ਹੈ। ਸਹੁਰੇ ਤੋਂ ਅੱਗੇ ਔਲਾਦ ਪ੍ਰਾਪਤੀ ਦੀ ਦੋਸ਼ਣ **ਵੀ ਸਾਡਾ ਸਮਾਜ** ਇਸਤ੍ਰੀ ਨੂੰ ਹੀ ਠਹਿਰਾਉਂਦਾ ਹੈ, ਜਦ ਕਿ ਕਈ ਵਾਰੀ ਇਸ ਦੋਸ਼ ਦਾ ਭਾਗੀ ਜੀਵਨ ਸਾਥੀ ਹੁੰਦਾ ਹੈ। ਭਾਵ ਹਰ ਹਾਲ ਵਿੱਚ ਦੁੱਖਾਂ ਤੇ ਅਜਿਹੇ ਦੋਸ਼ਾਂ ਦੇ ਕਟਹਿਰੇ ਵਿੱਚ ਇਸ ਨੂੰ ਹੀ ਖੜਨਾ ਪੈਂਦਾ ਹੈ। ਮਨੁੱਖੀ ਪ੍ਰਧਾਨ ਸਮਾਜ ਵਿੱਚ ਹਾਲੇ ਇਸ ਦੇ ਦੁੱਖਾਂ ਦੀ ਕਹਾਣੀ ਕੋਈ ਬਹੁਤੀ ਛੋਟੀ ਨਹੀਂ ਹੋਈ।

ਘਰ ਵਿੱਚ ਪਹਿਲਾਂ ਵੀ ਦੋ ਧੀਆਂ ਹਨ, ਪਰ ਇਸ ਪ੍ਰੀਵਾਰ ਵਿੱਚ ਪੁੱਤਰ ਪ੍ਰਾਪਤੀ ਦੀ ਲਾਲਸਾ ਨੇ ਫਿਰ ਉਮੀਦ ਧਾਰ ਲਈ। ਇਸ ਵਾਰੀ ਲੰਮੀ ਉਡੀਕ ਕਰਨ ਦੀ ਬਜਾਇ ਅਤੇ ਹੋਰ ਪ੍ਰੀਵਾਰਕ ਵਾਧੇ ਦੇ ਡਰ ਤੋਂ ਛੁਟਕਾਰਾ ਪਾਉਣ ਲਈ ਇਸ ਵਾਰੀ ਸਾਇੰਸ ਦੀ ਨਵੀਨ ਕਾਢ ਅਲਟਰਾ ਸਾਊਂਡ ਦਾ ਸਹਾਰਾ ਲੈਣਾ ਸਾਰੇ ਪ੍ਰੀਵਾਰ ਨੇ ਯੋਗ ਸਮਝਿਆ। ਅੱਜ ਪਤੀ ਪਤਨੀ ਦੋਨਾਂ ਨੂੰ ਛੁੱਟੀ ਹੋਣ ਕਾਰਨ ਅਲਟਰਾ ਸਾਊਂਡ ਕਰਵਾਉਣ ਚਲੇ ਗਏ। ਵਾਪਸੀ ਤੇ ਚਿਹਰੇ ਤੇ ਉਦਾਸੀ ਨੇ ਕੁਝ ਕੁ ਜੁਵਾਬ ਤਾਂ ਬਿਨਾਂ ਬੋਲਿਆਂ ਹੀ ਦੇ ਦਿੱਤਾ ਸੀ। ਪਰ ਫਿਰ ਵੀ ਪ੍ਰੀਵਾਰ ਨੇ ਅਸਲ ਰਿਪੋਰਟ ਦੀ ਜਾਣਕਾਰੀ ਲੈਣੀ ਯੋਗ ਸਮਝੀ। ਲੜਕੇ ਭਾਵ ਪਤੀ ਨੇ ਦੱਸਿਆ ਕਿ ਡਾਕਟਰ ਦੀ ਰਿਪੋਰਟ ਹੈ ਕਿ ਕੁੱਖ ਵਿੱਚ ਤਾਂ ਲੜਕਾ ਹੈ ਪਰ ਜਨਮ ਵੇਲੇ ਜੱਚਾ ਜਾਂ ਬੱਚਾ ਦੋਨਾਂ ਵਿਚੋਂ ਇੱਕ ਹੀ ਬਚ ਸਕਦਾ ਹੈ। ਜੇ ਮਾਂ ਬਚਾਉਣੀ ਹੈ ਤਾਂ ਬੱਚੇ ਵਲੋਂ ਸਬਰ ਕਰਨਾ ਹੋਏਗਾ, ਜੇ ਬੱਚਾ ਚਾਹੀਦਾ ਹੈ ਤਾਂ ਮਾਂ ਦੀ ਜ਼ਿੰਦਗੀ ਰੱਬ ਹੀ ਕ੍ਰਿਸ਼ਮਾ ਕਰ ਦੇਵੇ। ਗੱਲ ਵੱਖਰੀ ਪਰ ਸਾਡੀ ਸਮਝ ਮੁਤਾਬਿਕ ਮਾਂ ਦੀ ਜ਼ਿੰਦਗੀ ਦੇ ਅੰਤਲੇ ਸੁਆਸ ਹੋਣਗੇ। ਇਕੋ ਵਾਰੀ ਅੱਧੀ ਖੁਸ਼ੀ ਅਤੇ ਅੱਧੀ ਗਮੀ ਨੇ ਫੈਸਲਾ ਲੈਣਾ ਔਖਾ ਕਰ ਦਿੱਤਾ। ਆਖਿਰ ਮਾਂ ਨੇ ਹੀ ਚੁੱਪ ਤੋੜਦਿਆਂ ਗੱਲ ਤੋਰੀ ਕਿ ਕੋਈ ਫਿਕਰ ਕਰਨ ਵਾਲੀ ਗੱਲ ਨਹੀਂ, ਕਿਉਂਕਿ ਲੜਕੇ ਦੀ ਪ੍ਰਾਪਤੀ ਦੀ ਲਾਲਸਾ ਲੰਮੇ ਸਮੇਂ ਤੋਂ ਸੀ, ਜਿਸ ਦੀ ਹੁਣ ਉਮੀਦ ਬੱਝ ਗਈ ਹੈ। ਰਹਿ ਗਈ ਮਾਂ ਦੀ ਉਸ ਦੀ ਚਿੰਤਾ ਕਰਨੀ ਛੱਡ ਦਿਉ ਤੁਸੀਂ ਲੜਕਾ ਬਚਾਅ ਲੈਣਾ, ਕਿਉਂਕਿ ਮੈਂ ਤਾਂ ਦੋਨਾਂ ਹਾਲਾਤਾਂ ਵਿੱਚ ਹੀ ਮਰਨਾ ਸੀ, ਸੋ ਮੈਂ ਹੀ ਫੈਸਲਾ ਕਰ ਲਿਆ। ਜੇਕਰ ਮੇਰੀ ਕੁੱਖ ਵਿੱਚ ਲੜਕੀ ਹੁੰਦੀ ਫਿਰ ਵੀ ਲੜਕੀ ਨੇ ਹੀ ਮਰਨਾ ਸੀ ਪਰ ਹੁਣ ਕੁਖ ਵਿੱਚ ਤਾਂ ਲੜਕਾ ਹੈ ਪਰ ਜਿਸ ਦੀ ਕੁੱਖ ਵਿੱਚ ਹੈ ਉਹ ਤਾਂ ਆਖਿਰ ਲੜਕੀ ਹੀ ਹੈ, ਜਦੋਂ ਦੋਨਾਂ ਹਾਲਾਤਾਂ ਵਿੱਚ ਲੜਕੀ ਨੇ ਹੀ ਬਲੀ ਚੜ੍ਹਨਾ ਹੈ ਫਿਰ ਫੈਸਲਾ ਕਰਨਾ ਔਖਾ ਨਹੀਂ।

ਇਸੇ ਲਈ ਵਾਰਿਸ ਸ਼ਾਹ ਵਰਗਿਆਂ ਦੀਆਂ ਕਲਮਾਂ ਇਨ੍ਹਾਂ ਧੀਆਂ ਦੀ ਜ਼ਬਾਨ ਬਣ ਕੇ ਸਮਾਜ ਨੂੰ ਝੰਜੋੜ ਝੰਜੋੜ ਕੇ ਹੋਸ਼ ਵਿੱਚ ਆਉਣ ਲਈ ਪ੍ਰੇਰਿਤ

ਕਰਦੀਆਂ ਹਨ—

ਅੰਮਾਂ ਬੱਸ ਕਰ ਗਾਲੀਆਂ ਦੇ ਨਾਹੀ, ਗਾਲੀ ਦਿਤਿਆਂ ਵੱਡਾ ਹੀ ਪਾਪ ਆਵੇ।
ਨੀਉਂ ਰੱਬ ਦੀ ਪੁੱਟਣੀ ਬਹੁਤ ਔਖੀ, ਧੀ ਮਾਰਿਆਂ ਬੜਾ ਸਰਾਪ ਆਵੇ।
ਜਾਂ ਫਿਰ ਐਵੇਂ ਨਾ ਤੂੰ ਝੂਰ ਬਾਬਲਾ, ਤੇਰੀ ਪੁੱਤਾਂ ਵਰਗੀ ਧੀ।
ਵੇਖ ਲੈਣ ਦੇ ਦੁਨੀਆਂ ਮੈਨੂੰ, ਮੈਂ ਵੀ ਰੱਬ ਦਾ ਜੀਅ।

ਇਹ ਸਾਡੇ ਸਮਾਜ ਦੀ ਲੜਕੀ ਪ੍ਰਤੀ ਅੰਦਰੂਨੀ ਅਤੇ ਅਤਿ ਘਿਨਾਉਣੀ ਤਸਵੀਰ ਹੈ। ਪੁੱਤਰ ਪ੍ਰਾਪਤੀ ਦੀ ਲਾਲਸਾ ਪਿਛੇ (4) ਕਾਰਨ ਹਨ ਜਿਨ੍ਹਾਂ ਕਰਕੇ ਇਹ ਸੋਚ ਭਾਰੂ ਹੋਈ ਲਗਦੀ ਹੈ। ਸਭ ਤੋਂ ਪਹਿਲਾ ਕਾਰਨ ਹੈ ਜਿਹੜਾ ਪੁਰਾਤਨ ਮਿਥ ਹੈ, ਉਹ ਮੰਨੂ ਸਿਮਰਤੀ ਅਨੁਸਾਰ ਇਕ ਨਰਕ ਹੈ, ਜਿਸ ਵਿਚੋਂ ਪਾਰ ਕਰਨ ਲਈ ਲੜਕੇ ਦਾ ਜਨਮ ਹੋਣਾ ਅਤਿ ਜ਼ਰੂਰੀ ਮੰਨਿਆ ਗਿਆ। ਇਸ ਕਰਕੇ ਹੀ ਲੜਕੇ ਦਾ ਨਾਂ ਵੀ ਪੂਤਰ ਰੱਖਿਆ ਜਾਂਦਾ ਸੀ। ਪੂ-ਨਰਕ ਨੂੰ ਤਾਰਨ ਵਾਲਾ। ਦੂਜਾ ਕਾਰਨ ਹੈ ਕਿ ਸਾਡੇ ਸਮਾਜ ਨੇ ਜਿਤਨਾ ਇਜ਼ਤ ਦਾ ਰਿਸ਼ਤਾ ਲੜਕੀ ਨਾਲ ਸੰਬੰਧਿਤ ਕਰ ਦਿੱਤਾ ਉਤਨਾ ਲੜਕੇ ਨਾਲ ਨਹੀਂ। ਪੁਰਾਤਨ ਸਮੇਂ ਵਿੱਚ ਤਾਂ ਆਪਸੀ ਦੁਸ਼ਮਣੀ ਕੱਢਣ ਲਈ ਵੀ ਕਈ ਕਈ ਵਾਰੀ ਕਹਿਰ ਇਸਤ੍ਰੀ ਤੇ ਹੀ ਢਾਹਿਆ ਗਿਆ। ਜਿਸ ਕਰਕੇ ਸਮਾਜ ਸਾਹਮਣੇ ਮੈਂ ਬੇਇਜ਼ਤ ਨਾ ਹੋਵਾਂ, ਇਸ ਮਨੋ ਕਲਪਿਤ ਭਾਵਨਾ ਨੇ ਪੁੱਤਰ ਪ੍ਰਾਪਤੀ ਦੀ ਲੋੜ ਨੂੰ ਹੋਰ ਵਧਾ ਦਿੱਤਾ। ਤੀਸਰਾ ਕਾਰਨ ਅੱਜ ਵੀ ਆਪਾਂ ਦੇਖਦੇ ਹਾਂ ਕਿ ਦਾਜ ਦੇ ਲੋਭੀਆਂ ਨੇ ਕਿਵੇਂ ਧੀਆਂ ਵਾਲਿਆਂ ਦੇ ਸੁੱਖਾਂ ਨੂੰ ਲਾਂਬੂ (ਅੱਗ) ਲਾਏ ਹੋਏ ਹਨ। ਆਪਣੇ ਆਪ ਤੋਂ ਪਿਆਰੀ ਰੱਖ ਕੇ ਪਾਲੀ ਹੋਈ ਧੀ ਜਦੋਂ ਦਿਲ ਤੇ ਪੱਥਰ ਰੱਖ ਕੇ ਤੋਰ ਦਿੱਤੀ ਜਾਂਦੀ ਹੈ। ਇਸ ਵਿਛੋੜੇ ਦੇ ਦੁੱਖ ਨੂੰ ਮਾਪੇ ਹਾਲੇ "ਧੀ ਦਾ ਕਰਜ਼" ਉੱਤਰ ਗਿਆ ਆਦਿਕ ਸ਼ਬਦਾਂ ਨਾਲ ਦਿਲ ਦੀ ਦੁਨੀਆਂ ਨੂੰ ਢਾਰਸ ਦੇ ਹੀ ਰਹੇ ਹੁੰਦੇ ਹਨ ਕਿ ਲੜਕੀ ਦੇ ਸਹੁਰੇ ਘਰ ਤੋਂ ਅਤਿ ਦੁਖਦਾਈ ਖਬਰਾਂ ਆਉਣ ਵੀ ਲਗ ਜਾਂਦੀਆਂ ਹਨ। ਅਜਿਹੇ ਕਾਰਨਾਂ ਨੇ ਧੀਆਂ ਦੇ ਮਾਪਿਆਂ ਦੀਆਂ ਖੁਸ਼ੀਆਂ ਖੋਹ ਲਈਆਂ ਹਨ। ਅਜਿਹੇ ਲੜਕੇ ਵਾਲਿਆਂ ਦਾ ਦੋ ਜਹਾਨੀਂ ਭਲਾ ਹੁੰਦਾ ਹੋਵੇਗਾ, ਜਿਹੜੇ ਆਪਣੇ ਘਰ ਕਿਸੇ ਦੀ ਧੀ ਨੂੰ ਨੂੰਹ ਬਣਾ ਕੇ ਬਿਨਾਂ ਵਿਤਕਰਾ ਕੀਤਿਆਂ ਪਿਆਰ ਦਿੰਦੇ ਹੋਣਗੇ ਅਤੇ ਧੀ ਦੇ ਮਾਪਿਆਂ ਦੀਆਂ ਖੁਸ਼ੀਆਂ ਵਾਪਸ ਕਰਦੇ ਹੋਣਗੇ।

ਚੌਥਾ ਕਾਰਨ ਲੋਭ ਲਾਲਚ ਦਾ ਹੀ ਦੂਜਾ ਪੱਖ ਹੈ। ਕਿਉਂਕਿ ਲੜਕੀ ਨੇ ਦੂਜੇ ਘਰ ਜਾਣਾ ਹੈ, ਜਦਕਿ ਲੜਕੇ ਨੇ ਆਪਣੇ ਘਰ ਹੀ ਕਮਾ ਕੇ ਲਿਆਉਣਾ ਹੈ। ਇਸ ਕਮਜ਼ੋਰੀ ਨੂੰ ਰੱਬੀ ਬਾਣੀ ਨੇ ਵੀ ਪ੍ਰਗਟ ਕੀਤਾ ਹੈ ਕਿ:-

"ਜਿਉ ਜਨਨੀ ਗਰਭੁ ਪਾਲਤੀ ਸੁਤ ਕੀ ਕਰਿ ਆਸਾ ॥
ਵਡਾ ਹੋਇ ਧਨੁ ਖਾਟਿ ਦੇਇ ਕਰਿ ਭੋਗ ਬਿਲਾਸਾ ॥"

(ਪੰਨਾ ੧੬੫)

ਹਰ ਭਲੇ ਪੁਰਸ਼ ਦਾ ਸਤਿਗੁਰੂ ਪਾਤਿਸ਼ਾਹ ਜੀ ਦੇ ਕੀਤੇ ਪਰਉਪਕਾਰਾਂ ਤੋਂ ਵਾਰ ਵਾਰ ਬਲਿਹਾਰ ਜਾਣ ਤੇ ਜੀਅ ਕਰ ਆਉਂਦਾ ਹੈ, ਜਿਨ੍ਹਾਂ ਨੇ ਪਹਿਲੇ ਜਾਮੇ ਵਿੱਚ ਹੀ ਸਭ ਤੋਂ ਪਹਿਲਾਂ ਮਾਂ ਦੇ ਇਸ ਪੂਜਣਯੋਗ ਰਿਸ਼ਤੇ ਦੇ ਨਿੰਦਕਾਂ ਨੂੰ "ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥" ਕਹਿ ਕੇ ਮੂੰਹ ਬੰਦ ਕਰਵਾ ਦਿੱਤੇ। ਫਿਰ ਇਥੇ ਹੀ ਬੱਸ ਨਹੀਂ, ਗੁਰੂ ਘਰ ਵਿੱਚ ਹਰ ਕਰਮ ਵਿੱਚ ਬਰਾਬਰੀ ਨਾਲ ਸੇਵਾ ਕਰਨ ਲਈ ਖੋਲ੍ਹਿਆ ਬਖਸ਼ਿਸ਼ ਦਾ ਦਰਵਾਜ਼ਾ ਧਰਮ ਤੋਂ ਦੂਰ ਰੱਖਣ ਵਾਲਿਆਂ ਲਈ ਫਿਟਕਾਰਾਂ ਪਾਉਣ ਬਰਾਬਰ ਸੀ। ਛੇਵੇਂ ਪਾਤਿਸ਼ਾਹ ਜੀ ਤਾਂ ਇਥੋਂ ਤੱਕ ਬਚਨ ਕਰਿਆ ਕਰਦੇ ਸਨ ਕਿ ਹਰ ਗ੍ਰਹਿਸਤੀ ਦੇ ਘਰ ਇਕ ਬਾਲੜੀ ਦਾ ਜਨਮ ਬਹੁਤ ਜ਼ਰੂਰੀ ਹੈ। ਕਿਉਂਕਿ "ਸੀਲ ਖਾਨ ਕੰਨਿਆਂ ਇਕ ਹੋਵੈ ਨਹੀਂ ਤਾਂ ਮਾਂ ਗ੍ਰਹਿਸਤ ਬਿਗੋਵੈ।"

ਅੱਗੇ ਜਾ ਕੇ ਦਸਵੇਂ ਪਾਤਿਸ਼ਾਹ ਜੀ ਨੇ ਸਪੱਸ਼ਟ ਹੀ ਕਰ ਦਿਤਾ ਕਿ ਕੁੜੀ-ਮਾਰ ਅਤੇ ਨੜੀ-ਮਾਰ ਨਾਲ ਖਾਲਸੇ ਦਾ ਮਿਲਵਰਤਣ ਨਹੀਂ ਹੋਵੇਗਾ।

"ਕੁੜੀ ਮਾਰ ਆਦਿਕ ਹੈਂ ਜੇਤੇ ॥ ਮਨ ਤੇ ਦੂਰ ਤਿਆਗੇ ਤੇਤੇ ॥"

(ਰਹਿਤਨਾਮਾ ਭਾ. ਦੇਸਾ ਸਿੰਘ.)

ਜੋ ਗੁਰੂ ਕਾ ਸਿਖ ਹੋਇ ਸੋ ਕੰਨਿਆ ਨ ਮਾਰੇ।
ਕੁੜੀ ਮਾਰ ਨਾਲ ਨਾ ਵਰਤੇ।
ਕੰਨਿਆ ਦੇ ਨਾ ਪੈਸੇ ਖਾਏ।

(ਰਹਿਤਨਾਮਾ ਭਾਈ ਚੌਪਾ ਸਿੰਘ)

☆

ਧਰ ਜੀਅਰੇ ਇਕ ਟੇਕ ਤੂ

ਜ਼ਿੰਦਗੀ ਦੇ ਸਫਰ ਨੂੰ ਸੁਹਾਵਣਾ ਬਣਾਉਣ ਵਾਸਤੇ ਤਿੰਨ ਚੀਜ਼ਾਂ ਦੀ ਬੜੀ ਅਹਿਮੀਅਤ ਹੈ। ਪਹਿਲਾ ਦੁੱਖ, ਦੂਜਾ ਸੁਖ, ਤੀਜਾ ਜ਼ਿੰਦਗੀ ਦੀ ਲੋੜ। ਜੇ ਕਿਧਰੇ ਜੀਵਨ ਵਿਚੋਂ ਤਿੰਨੇ ਨਿਕਲ ਜਾਣ ਤਾਂ ਜੀਵਨ ਬਹੁਤ ਫਿੱਕਾ-ਫਿੱਕਾ ਹੋ ਜਾਵੇਗਾ। ਕਿਉਂਕਿ ਇਹ ਤਿੰਨੇ ਹੀ ਚੀਜ਼ਾਂ ਹਨ, ਜਿਨ੍ਹਾਂ ਦੇ ਆਸਰੇ ਜੀਵ ਪ੍ਰਮਾਰਥੀ ਰਾਹ ਤੇ ਤੁਰ ਕੇ ਸਾਂਈਂ ਦੀ ਯਾਦ ਵਿੱਚ ਰੱਤਦਾ ਹੈ। ਬੱਸ ਸਾਂਈਂ ਦੀ ਯਾਦ ਹੀ ਸਰਵੋਤਮ ਰਸ ਬਖਸ਼ਣ ਵਾਲੀ ਦਾਤਿ ਹੈ। ਦੁੱਖ, ਸੁਖ ਅਤੇ ਲੋੜ ਇਨ੍ਹਾਂ ਤਿੰਨਾਂ ਲਈ ਕਿਸੇ ਨਾ ਕਿਸੇ ਸਹਾਰੇ ਦੀ ਲੋੜ ਜ਼ਰੂਰ ਪੈਂਦੀ ਹੈ। ਸਹਾਰਾ ਆਮ ਕਰਕੇ ਮਨੁੱਖ ਇਸ ਦਿਸਦੇ ਸੰਸਾਰ ਦਾ ਜਲਦੀ ਭਾਲ ਲੈਂਦਾ ਹੈ। ਪਰ ਜਦੋਂ ਨਿਰਾਸ਼ਤਾ ਪੱਲੇ ਪੈਂਦੀ ਹੈ ਤਾਂ ਸੱਚ ਦੀ ਸੋਝੀ ਆਉਂਦੀ ਹੈ ਕਿ ਜਿਸ ਦਾ ਸਹਾਰਾ ਹੀ ਕਮਜ਼ੋਰ ਹੋਵੇ, ਉਸ ਉਤੇ ਸੁਖਾਂ ਦੇ ਮਹਿਲ ਉਸਾਰਨਾ ਵੱਡੀ ਮੂਰਖਤਾਈ ਹੁੰਦੀ ਹੈ। ਇਹ ਸਹਾਰਾ ਅਜਿਹਾ ਹੋਵੇ, ਜਿਸਨੂੰ ਅੱਗੇ ਕਿਸੇ ਦਾ ਸਹਾਰਾ ਨਾ ਲੈਣਾ ਪਵੇ। ਆਪ ਉਹ ਸਭ ਦਾ ਸਹਾਰਾ ਬਣ ਸਕਦਾ ਹੋਵੇ:

ਸਭੁ ਕੋ ਆਸੈ ਤੇਰੀ ਬੈਠਾ ॥ ਘਟ ਘਟ ਅੰਤਰਿ ਤੂੰਹੈ ਵੁਠਾ ॥

(ਪੰਨਾ ੯੭)

ਧੰਨ ਗੁਰੂ ਅਮਰਦਾਸ ਜੀ ਕਿਰਪਾ ਕਰਦੇ ਹਨ ਕਿ:

ਸਭਨਾ ਗਲਾ ਸਮਰਥੁ ਸੁਆਮੀ ਸੋ ਕਿਉ ਮਨਹੁ ਵਿਸਾਰੇ ॥
ਕਹੈ ਨਾਨਕੁ ਮੰਨ ਮੇਰੇ ਸਦਾ ਰਹੁ ਹਰਿ ਨਾਲੇ ॥੨॥

(ਪੰਨਾ ੯੧੭)

ਸਤਿਗੁਰੂ ਜੀ ਦਾ ਪਾਵਨ ਬਚਨ ਹੈ ਕਿ :

"ਸਭੇ ਥੋਕ ਪਰਾਪਤੇ ਜੇ ਆਵੈ ਇਕੁ ਹਥਿ ॥
ਜਨਮੁ ਪਦਾਰਥੁ ਸਫਲੁ ਹੈ ਜੇ ਸਚਾ ਸਬਦੁ ਕਥਿ ॥"

(ਪੰਨਾ ੪੪)

ਸਾਰਾ ਖਜ਼ਾਨਾ ਕਿਸੇ ਕਿਲ੍ਹੇ ਵਿੱਚ ਹੋਵੇ, ਜੇਕਰ ਉਸੇ ਕਿਲ੍ਹੇ ਦੀ ਚਾਬੀ ਮਿਲ ਜਾਵੇ, ਤਾਂ ਫਿਰ ਅਜਿਹੇ ਮਨੁੱਖ ਦੀ ਜ਼ਿੰਦਗੀ ਵਿੱਚ ਕਿਸ ਗੱਲ ਦੀ ਥੋੜ ਰਹਿ ਸਕਦੀ ਹੈ? ਨਾਮ ਅਸਲ ਵਿੱਚ ਰੱਬੀ ਬਖ਼ਸ਼ਿਸ਼ਾਂ ਦੇ ਖਜ਼ਾਨੇ ਦੀ ਚਾਬੀ ਹੈ। ਨਾਮ ਕਹਿਣ ਲਈ ਹੀ ਇਕ ਹੈ ਪਰ ਇਸ ਨਾਲ ਬਖ਼ਸ਼ਿਸ਼ਾਂ ਦਾ ਅੰਤ ਨਹੀਂ ਪਾਇਆ ਜਾ ਸਕਦਾ। ਉਦਾਹਰਣ ਦੇ ਤੌਰ ਤੇ ਕੁਝ ਕੁ ਵੀਚਾਰ ਹੈ। ਦੁਖਾਂ ਤੋਂ ਛੁਟਕਾਰੇ ਲਈ "ਦੁਖ ਭੰਜਨੁ ਤੇਰਾ ਨਾਮ" (ਪੰਨਾ ੨੧੮) ਦ੍ਰਿੜ੍ਹਾਇਆਂ ਜ਼ਿੰਦਗੀ ਦੇ ਬਿਘਨਾਂ ਲਈ,

"ਬਿਘਨ ਬਿਨਾਸਨ ਸਭਿ ਦੂਖ ਨਾਸਨ ਸਤਿਗੁਰਿ ਨਾਮੁ ਦ੍ਰਿੜਾਇਆ ॥
ਖੋਏ ਪਾਪ ਭਏ ਸਭਿ ਪਾਵਨ ਜਨ ਨਾਨਕ ਸੁਖਿ ਘਰਿ ਆਇਆ ॥
(ਪੰਨਾ ੬੨੨)

ਸੁਖ ਦੀ ਪ੍ਰਾਪਤੀ ਲਈ,

"ਤੂ ਸਮਰਥੁ ਅਕਥੁ ਅਗੋਚਰੁ ਜੀਉ ਪਿੰਡੁ ਤੇਰੀ ਰਾਸਿ॥
ਰਹਮ ਤੇਰੀ ਸੁਖੁ ਪਾਇਆ ਸਦਾ ਨਾਨਕ ਕੀ ਅਰਦਾਸਿ॥" (ਪੰਨਾ ੭੨੪)

ਨਾਮ ਨਾਲ ਹੀ ਜੀਵਨ ਪਵਿੱਤਰ ਹੋ ਜਾਂਦਾ ਹੈ, ਨਾਮ ਨਾਲ ਹੀ ਵਿਕਾਰੀ ਸੁਭਾਅ ਬਦਲ ਜਾਂਦਾ ਹੈ। ਨਾਮ ਨਾਲ ਸੱਚਾ ਪਿਆਰ ਸਤਿਕਾਰ ਨਸੀਬ ਹੋ ਜਾਂਦਾ ਹੈ। ਨਾਮ ਹੀ ਭੋਜਨ, ਨਾਮ ਹੀ ਪਤਿ, ਨਾਮ ਹੀ ਜਤ, ਨਾਮ ਹੀ ਧਨ, ਨਾਮ ਨਾਲ ਹੀ ਨਿਜ ਘਰਿ, ਨਾਮ ਨਾਲ ਹੀ ਕੁਲਾਂ ਦਾ ਉਧਾਰ, ਭਾਵ ਜ਼ਿੰਦਗੀ ਦੀ ਕਿਹੜੀ ਦਾਤ ਹੈ ਜਿਹੜੀ ਨਾਮ ਦਾ ਸਹਾਰਾ ਲੈਣ ਵਾਲੇ ਦੀ ਤਲੀ ਤੇ ਠਾਕੁਰ ਸਾਂਈ ਨੇ ਨਾ ਰੱਖੀ ਹੋਵੇ ? ਨਾਮ ਦੀ ਟੇਕ ਰੱਖਣ ਵਾਲਾ ਸਦਾ ਹੀ ਜੀਵਨ ਦੀ ਬਾਜ਼ੀ ਜਿੱਤ ਲੈਂਦਾ ਹੈ। ਗੁਰੂ ਪ੍ਰੇਮ ਵਿਚ ਭਿੱਜ ਕੇ ਦਸਾਂ ਪਾਤਿਸ਼ਾਹੀਆਂ ਦਾ ਇਤਿਹਾਸ ਲਿਖਣ ਵਾਲੀ ਕਲਮ ਦੇ ਧਨੀ ਕਵੀ ਸੰਤੋਖ ਸਿੰਘ ਜੀ ਦੇ ਬਚਨ ਹਨ :

"ਵਾਹਿਗੁਰੂ ਬਰ ਸੁੰਦਰ ਨਾਮੁ ॥ ਸਦਾ ਸਵਾਰੇ ਹਮਰੇ ਕਾਮੁ॥
ਇਕ ਅਵਿਲੰਬ ਨਾਮ ਕੋ ਜਾਨਾ ॥ ਕਲੀ ਕਾਲ ਸਮਰਥ ਨ ਆਨਾ ॥
ਸਦਾ ਲੋਕ ਪਰਲੋਕ ਸਹਾਈ ॥ ਲੈਤ ਨਾਮ ਹੀ ਬਿਘਨ ਪਰਾਈ ॥
ਹਰਹਿ ਕਾਲ ਕਲਿ ਕਲੂਖਨ ਸਦੂਖਨ ॥ ਨਾਮ ਕਰਯੋ ਜਿਨ ਗ੍ਰੀਵਾ ਭੂਖਨ ॥
ਬਰਤ ਨੇਮ ਜਪ ਤਪ ਜਗ ਕਰਮੂ ॥ ਨਾਮ ਬਿਨਾ ਬਿਰਥੇ ਸਭ ਧਰਮੂ ॥
ਨਾਮ ਹੀਨ ਭਵ ਸਾਗਰ ਬੀਚੁ ॥ ਜਨਮੁ ਪਰਹਿ ਊਚ ਕਬ ਨੀਚੁ ॥"

ਇਸ ਲਈ ਕਦੇ ਕਿਸੇ ਮਨੁੱਖੀ ਟੇਕ ਪਿਛੇ ਭੱਜਣ ਦੀ ਬਜਾਇ ਸਦਾ ਇਕ ਪ੍ਰਮੇਸ਼ਰ ਦਾ ਹੀ ਆਸਰਾ ਤੱਕਣਾ ਚਾਹੀਦਾ ਹੈ, ਜਿਸ ਦੇ ਦਰ ਤੋਂ ਮਿਲੀ ਵਡਿਆਈ ਦਾ ਕਦੇ ਉਲ੍ਹਾਮਾ ਨਹੀਂ ਮਿਲਦਾ, ਕਿਉਂਕਿ ਇਹ ਦਾਤਾਂ ਦੇ ਕੇ ਚਿਤਾਰਦਾ ਵੀ ਨਹੀਂ ਤੇ ਪਛਤਾਉਂਦਾ ਵੀ ਨਹੀਂ।

ਏ ਮਨ ਹਰਿ ਜੀ ਧਿਆਇ ਤੂ ਇਕ ਮਨਿ ਇਕ ਚਿਤਿ ਭਾਇ॥
ਹਰਿ ਕੀਆ ਸਦਾ ਸਦਾ ਵਡਿਆਈਆ ਦੇਇ ਨ ਪਛੋਤਾਇ॥ (ਪੰਨਾ ੬੫੩)

ਪ੍ਰਮੇਸ਼ਰ ਦਾ ਲੜ ਫੜਿਆਂ ਫਿਰ ਦੁੱਖਾਂ ਦਾ ਨਾਸ਼ ਹੋ ਜਾਂਦਾ ਹੈ, ਸੁਖਾਂ ਦੀ ਪ੍ਰਾਪਤੀ ਹੋ ਜਾਂਦੀ ਹੈ। ਇਥੇ ਹੀ ਬੱਸ ਨਹੀਂ, ਜੀਵਨ ਦੀ ਹਰ ਲੋੜ ਵੀ ਪੂਰੀ ਹੋ ਜਾਂਦੀ ਹੈ। ਕਿਉਂਕਿ ਜੀਵ ਦਾ ਅਸਲ ਮਦਦਗਾਰ ਹੀ ਉਹ ਓਅੰਕਾਰ ਹੈ। ਹਾਂ, ਗੁਰਮੁਖਾਂ ਦੀ ਸੰਗਤ ਨਾਲ ਜੀਵਨ ਵਿੱਚ ਚੰਗੇ ਗੁਣ ਆ ਜਾਂਦੇ ਹਨ, ਪਰ

ਜੀਵਨ ਦਾ ਸੱਚਾ ਸਹਾਰਾ ਕੇਵਲ ਨਾਮ ਹੀ ਹੈ।

ਸਿੱਖ ਧਰਮ ਵਿੱਚ ਕਰਨੀ ਅਤੇ ਕਥਨੀ ਦਾ ਬਹੁਤ ਗੂੜ੍ਹਾ ਸੁਮੇਲ ਹੈ। ਇਥੇ ਤਾਂ ਸਤਿਗੁਰੂ ਜੀ ਨੇ ਉਪਦੇਸ਼ ਕੇਵਲ ਦਿੱਤਾ ਹੀ ਨਹੀਂ ਬਲਕਿ ਆਪਣੇ ਜੀਵਨ ਕਾਲ ਅੰਦਰ ਪ੍ਰਤੱਖ ਕਰਕੇ ਵਿਖਾਇਆ ਹੋਇਆ ਹੈ। ਵੇਖੋ, ਪੋਹ ਦੇ ਮਹੀਨੇ ਵਿੱਚ ਕੌਣ ਅਜਿਹਾ ਨਹੀਂ ਹੋਵੇਗਾ ਜਿਹੜਾ ਆਪਣੇ ਘਰਾਂ ਵਿੱਚ ਗਰਮ ਕੱਪੜਿਆਂ ਵਿੱਚ ਬੈਠਾ ਹੋਇਆ ਵੀ ਇਹ ਨਾ ਕਹਿੰਦਾ ਹੋਵੇ ਕਿ ਬਾਹਰ ਠੰਢ ਬਹੁਤ ਹੈ। ਪਰ ਠੰਢੇ ਬੁਰਜ ਵਿੱਚ ਗੁਰੂ ਗੋਬਿੰਦ ਸਿੰਘ ਸੱਚੇ ਪਾਤਿਸ਼ਾਹ ਜੀ ਦੇ ਸਾਹਿਬਜ਼ਾਦੇ ਅਤੇ ਨਾਲ ਉਨ੍ਹਾਂ ਦੇ ਬਜ਼ੁਰਗ ਮਾਤਾ, ਮਾਤਾ ਗੁਜ਼ਰੀ ਜੀ ਗਰਮ ਕੱਪੜੇ ਹੋਣਾ ਤਾਂ ਇੱਕ ਪਾਸੇ ਬੁਰਜ ਵੀ ਉਹ ਬੁਰਜ ਹੈ, ਜਿਥੇ ਜ਼ਾਲਿਮ ਅਮੀਰਜ਼ਾਦੇ ਗਰਮੀਆਂ ਵਿੱਚ ਠੰਡ ਲੈਣ ਲਈ ਬੈਠਦੇ ਸਨ। ਸਰਦੀਆਂ ਵਿੱਚ ਉਥੇ ਕੀ ਹਾਲ ਹੁੰਦਾ ਹੋਵੇਗਾ ? ਸ਼ਾਇਦ ਇਹ ਅੰਦਾਜ਼ਾ ਲਾਉਣਾ ਕੋਈ ਅਸੰਭਵ ਬਾਤ ਨਹੀਂ। ਠੰਡੇ ਬੁਰਜ ਵਿਚ ਇਹ ਤਿੰਨੇ ਜਿੰਦਾਂ ਵਜ਼ੀਰ ਖਾਨ ਦੇ ਕਹਿਣ ਤੇ ਈਨ ਮੰਨਵਾਉਣ ਲਈ ਪੋਹ ਦੇ ਮਹੀਨੇ ਕੈਦ ਕਰਕੇ ਰੱਖੀਆਂ ਹੋਈਆਂ ਹਨ। ਪਹਿਲੇ ਦਿਨ ਕਚਹਿਰੀ ਵਿੱਚ ਬੁਲਾ ਕੇ ਤਰ੍ਹਾਂ-ਤਰ੍ਹਾਂ ਦੇ ਸੁਖ ਦੇਣ ਦੀਆਂ ਗੱਲਾਂ ਕਰਕੇ ਭਰਮਾਉਣਾ ਚਾਹਿਆ, ਨਾਲ ਡਰਾਉਣਾ ਚਾਹਿਆ ਪਰ ਆਪਣੀ ਕਿਸੇ ਵੀ ਕੋਸ਼ਿਸ਼ ਵਿੱਚ ਕਾਮਯਾਬ ਨਾ ਹੋਏ। ਅੱਜ ਦੂਜੇ ਦਿਨ ਮਾਂ ਨੇ ਫਿਰ ਹੁਕਮ ਅਨੁਸਾਰ ਸਿਪਾਹੀਆਂ ਨਾਲ ਕਚਹਿਰੀ ਵਾਸਤੇ ਤੋਰ ਦਿੱਤਾ। ਨਾਮ ਦੇ ਆਸਰੇ ਅਡੋਲਤਾ ਦੀਆਂ ਮੂਰਤਾਂ ਵਾਪਿਸ ਦਾਦੀ ਕੋਲ ਆਈਆਂ ਹਨ। ਕੱਲ੍ਹ ਵਾਂਗੂੰ ਜੋ ਜੋ ਕਚਹਿਰੀ ਵਿੱਚ ਹੋਇਆ, ਉਹ ਦਾਦੀ ਮਾਂ ਨੂੰ ਦੱਸ ਰਹੇ ਹਨ। ਸਾਹਿਬਜ਼ਾਦਾ ਜ਼ੋਰਾਵਰ ਸਿੰਘ ਜੀ ਨੇ ਕਿਹਾ ਕਿ ਦਾਦੀ ਮਾਂ ਅੱਜ ਮੈਂ ਡਰ ਗਿਆ ਸੀ। ਦਾਦੀ ਮਾਂ ਨੇ ਘੁੱਟ ਕੇ ਕਲੇਜੇ ਨਾਲ ਲਉਂਦਿਆਂ ਕਿਹਾ ਕਿ ਨਿਡਰ ਮੇਰੇ ਪਤੀ ਦਿਉ ਪੋਤਰਿਉ, ਨਿਡਰ ਮੇਰੇ ਪੁੱਤਰ ਦਿਉ ਪੁੱਤਰੋ ! ਤੁਸੀਂ ਕਿਹੜੀ ਗੱਲੋਂ ਡਰ ਗਏ ਸੀ ? ਨਿਰਭਉ ਜਪਣ ਵਾਲਾ ਮੇਰਾ ਚੰਨ ਕਿਉਂ ਡਰ ਗਿਆ ਸੀ ? ਦਾਦੀ ਦੇ ਸੁਆਲਾਂ ਦਾ ਜੁਵਾਬ ਬਹੁਤ ਠਰ੍ਹੰਮੇ ਨਾਲ ਦਿੰਦਿਆਂ ਬਾਬਾ ਜੁਝਾਰ ਸਿੰਘ ਕਹਿਣ ਲੱਗੇ, ਦਾਦੀ ਮਾਂ, ਜ਼ਾਲਿਮ ਦੇ ਕਹਿਰ ਤੋਂ ਨਹੀਂ ਬਲਕਿ ਉਨ੍ਹਾਂ ਦੀ ਚਾਲ ਤੋਂ ਕਿਉਂਕਿ ਅੱਜ ਪਹਿਲਾਂ ਵਾਰੀ ਫਤਹਿ ਸਿੰਘ ਦੀ ਆ ਗਈ। ਉਨ੍ਹਾਂ ਨੇ ਇਕ ਦੀਵਾਰ ਵਿਚੋਂ ਛੋਟਾ ਜਿਹਾ ਛੇਕ ਰੱਖਿਆ ਹੋਇਆ ਸੀ, ਫ਼ਤਹਿ ਸਿੰਘ ਨੂੰ ਕਿਹਾ ਕਿ ਇਸ ਦੇ ਵਿਚੋਂ ਦੀ ਲੰਘਣਾ ਹੈ। ਵਜ਼ੀਰ ਖਾਂ ਦੀ ਸੋਚ ਸੀ ਕਿ ਜਦੋਂ ਸਿਰ ਨੀਵਾਂ ਕਰਕੇ ਇਸ ਛੇਕ ਵਿਚੋਂ ਲੰਘੇਗਾ ਤਾਂ ਸਮਝ ਲਵਾਂਗੇ ਨਮਸਕਾਰ ਕਰ ਦਿੱਤੀ ਹੈ, ਪਰ ਦਾਦੀ ਮਾਂ ਅੱਜ ਫ਼ਤਹਿ ਸਿੰਘ ਨੇ ਆਪਣਾ ਸੀਸ ਝੁਕਾ ਕੇ ਛੇਕ ਵਿਚੋਂ ਲੰਘਣ ਦੀ ਬਜਾਇ, ਜਿਥੇ ਦੂਜੇ ਪਾਸੀਂ ਵਜ਼ੀਰ ਖਾਂ ਬੈਠਾ ਸੀ, ਉਧਰ ਨੂੰ ਪਹਿਲਾਂ

ਆਪਣੇ ਪੈਰ ਕਰਕੇ ਸੀਸ ਮਗਰੋਂ ਕੱਢਿਆ। ਦਾਦੀ ਮਾਂ ਦੇ ਬੁੱਢੇ ਹੱਡਾਂ ਨੂੰ ਸ਼ਾਇਦ ਇਤਨਾ ਅੱਗ ਵੀ ਸੇਕ ਨਾ ਦੇ ਸਕਦੀ, ਸ਼ਾਇਦ ਰਜਾਈ ਕੋਲ ਵੀ ਇਤਨਾ ਨਿੱਘ ਨਹੀਂ ਸੀ ਹੋਣਾ ਦੇਣ ਵਾਸਤੇ, ਪਰ ਜਿਤਨਾ ਠੰਡੇ ਬੁਰਜ ਵਿੱਚ ਆਪਣੇ ਪੋਤਰੇ ਦੀ ਗੱਲ ਸੁਣ ਕੇ ਨਿੱਘ ਆਇਆ ਸੀ।

ਇਤਿਹਾਸਿਕ ਪੰਨਿਆਂ ਤੇ ਉਕਰੀਆਂ ਅਜਿਹੀਆਂ ਬੇਮਿਸਾਲ ਤਸਵੀਰਾਂ ਵੇਖਕੇ, ਹਰ ਕਿਸੇ ਦਾ ਮਨ ਨਾਮ ਦੀ ਟੇਕ ਤੇ ਪਤੀਜ ਜਾਂਦਾ ਹੈ। ਹਿਰਦੇ ਦੇ ਸਾਰੇ ਸ਼ੰਕੇ ਖਤਮ ਹੋ ਜਾਂਦੇ ਹਨ। ਭੁਲੜਾ ਸੰਸਾਰ ਨਾਮ ਦੀ ਟੇਕ ਛੱਡ ਕੇ ਵਹਿਮਾਂ ਭਰਮਾਂ ਦੀ ਕੂਰ ਕਿਰਿਆ ਵਿੱਚ ਉਲਝਿਆ ਹੋਇਆ, ਕਦੇ ਮੱਠਾਂ ਵੱਲ ਭੱਜਦਾ ਹੈ, ਕਦੇ ਬ੍ਰਤ ਰੱਖਦਾ ਹੈ, ਕਦੇ ਦੇਵੀ ਦੇਵ ਧਿਆਉਂਦਾ ਹੈ, ਕਦੇ ਤੀਰਥਾਂ ਦੇ ਭ੍ਰਮਣ ਕਰਦਾ ਹੈ, ਕਦੇ ਮੰਨਤਾ ਮੰਨਦਾ ਫਿਰਦਾ ਹੈ, ਪਰ ਗੁਰੂ ਜੀ ਦੇ ਇਸ ਬਚਨ ਨੂੰ ਚੇਤਾ ਨਹੀਂ ਰੱਖਦਾ ਕਿ:

"ਧਰ ਜੀਅਰੇ ਇਕ ਟੇਕ ਤੂ ਲਾਹਿ ਬਿਡਾਨੀ ਆਸ ॥
ਨਾਨਕ ਨਾਮੁ ਧਿਆਈਐ ਕਾਰਜੁ ਆਵੈ ਰਾਸਿ ॥

(ਪੰਨਾ ੨੫੭)

ਉਹ ਸੰਜੋਗ ਵਿਜੋਗ ਦਾ ਦਾਤਾ ਨਿਰਬਾਹ ਲਈ ਆਪੇ ਹੀ ਹਰ ਵਸੀਲਾ ਬਣਾ ਦਿੰਦਾ ਹੈ, ਪਰ ਜਦੋਂ ਸੇਵਕ ਉਸਦੇ ਪੂਰਨ ਭਰੋਸੇ ਦਾ ਪਾਤਰ ਬਣ ਜਾਂਦਾ ਹੈ। ਸਾਡੇ ਹੀ ਵਿਸ਼ਵਾਸ ਵਿਚ ਕਮੀ ਹੁੰਦੀ ਹੈ, ਉਸਦੇ ਬਖਸ਼ਣ ਵਿੱਚ ਢਿਲ ਨਹੀਂ।

"ਅਪੁਨੇ ਸੇਵਕ ਕੀ ਆਪੇ ਰਾਖੈ ਆਪੇ ਨਾਮੁ ਜਪਾਵੈ ॥
ਜਹ ਜਹ ਕਾਜ ਕਿਰਤਿ ਸੇਵਕ ਕੀ ਤਹਾ ਤਹਾ ਉਠਿ ਧਾਵੈ ॥

(ਪੰਨਾ ੪੦੩)

ਗੁਰ ਇਤਿਹਾਸ ਦੇ ਪੰਨਿਆਂ ਨੂੰ ਕਾਵਿ ਰੂਪ ਦੇਣ ਵਾਲੇ ਮਹਾਨ ਚੂੜਾਮਣਿ ਕਵੀ ਸੰਤੋਖ ਸਿੰਘ ਜੀ ਨੇ ਆਪਣੇ ਜੀਵਨ ਦੀ ਦੁੱਖਾਂ-ਸੁਖਾਂ ਦੀ ਗੰਢ ਫਰੋਲਦਿਆਂ ਇਕ ਬੜੀ ਸੁੰਦਰ ਘਟਨਾ ਦਾ ਜ਼ਿਕਰ ਕੀਤਾ ਹੈ। ਕਵੀ ਜੀ ਦੇ ਪੰਜ ਪੁੱਤਰ ਤੇ ਤਿੰਨ ਧੀਆਂ ਸਨ। ਇਨ੍ਹਾਂ ਵਿਚੋਂ ਬੀਬੀ ਮਾਨ ਕੌਰ (ਮਨੀ) ਦਾ ਰਿਸ਼ਤਾ ਯੋਗ ਵਰ ਵੇਖਕੇ ਕਰ ਦਿੱਤਾ, ਪਰ ਮਗਰੋਂ ਕਵੀ ਸੰਤੋਖ ਸਿੰਘ ਜੀ ਨੂੰ ਪਤਾ ਲੱਗਾ ਕਿ ਲੜਕਾ ਪ੍ਰੀਵਾਰ ਰਾਮਗੜ੍ਹੀਆਂ ਦਾ ਹੈ, ਤਦ ਉਨ੍ਹਾਂ ਨੇ ਸਾਫ ਜਵਾਬ ਦੇ ਦਿੱਤਾ। ਝਗੜਾ ਹੋਇਆ, ਕਾਫੀ ਵੱਧ ਗਿਆ, ਚੰਗੇ ਸੂਝਵਾਨ ਲੋਕ ਵਿੱਚ ਪੈ ਗਏ, ਕਵੀ ਸੰਤੋਖ ਸਿੰਘ ਜੀ ਨੇ ਸ਼ਰਤ ਰੱਖ ਦਿੱਤੀ ਕਿ ਜਦ ਤੱਕ ਲੜਕਾ ਅੰਮ੍ਰਿਤ ਛੱਕ ਕੇ ਤਿਆਰ-ਬਰ-ਤਿਆਰ ਨਹੀਂ ਹੁੰਦਾ, ਉਦੋਂ ਤੱਕ ਇਹ ਰਿਸ਼ਤਾ ਨਹੀਂ ਹੋ ਸਕਦਾ। ਆਖਿਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਅੱਗੇ ਦੋ ਪਰਚੀਆਂ ਲਿਖਕੇ ਪਾ ਦਿਤੀਆਂ,

ਪਰ ਜਦੋਂ ਪਰਚੀ ਕੱਢੀ ਤਾਂ ਉਹ ਅੰਮ੍ਰਿਤ ਛੱਕਣ ਵਾਲੀ ਪਰਚੀ ਸੀ। ਉਹ ਲੜਕਾ ਅੰਮ੍ਰਿਤ ਛਕ ਕੇ ਨੈਣਾ ਤੋਂ ਨਰੈਣ ਸਿੰਘ ਬਣਿਆ ਸੀ।

ਅਨੇਕਾਂ ਦੇਵੀ ਦੇਵਤਿਆਂ ਦੇ ਦਿਨ ਤਿਉਹਾਰ ਤੇ ਮੰਨਣ ਪੂਜਣ ਦੇ ਢੰਗ ਤਰੀਕੇ ਵੀ ਵੱਖੋ-ਵੱਖਰੇ ਹਨ, ਪਰ ਜਿਨ੍ਹਾਂ ਨੇ "ਸਾਹਿਬ ਮੇਰਾ ਏਕੋ ਹੈ ॥ ਏਕੋ ਹੈ ਭਾਈ ਏਕੋ ਹੈ ॥" (੩੫੦) ॥ ਦਾ ਲੜ ਸ਼ਰਧਾ ਨਾਲ ਪਕੜ ਲਿਆ ਹੋਵੇ, (ਅੰਮ੍ਰਿਤਪਾਨ ਕਰਕੇ) ਇਕ ਦੇ ਹੀ ਪੁਜਾਰੀ ਬਣ ਗਏ ਹੋਵਣ, ਉਨ੍ਹਾਂ ਦੇ ਜੀਵਨ ਵਿੱਚ ਫਿਰ ਅਉਖੀ ਘੜੀ ਕਿਵੇਂ ਆ ਸਕਦੀ ਹੈ ? ਨਿਰੇ ਕੂੜ ਦੇ ਸਹਾਰੇ ਭਟਕਣ ਵਾਲੇ ਭਲਾ ਕਿਸੇ ਨੂੰ ਸੱਚ ਦਾ ਸਹਾਰਾ ਦੇ ਵੀ ਕਿਵੇਂ ਸਕਦੇ ਹਨ ? ਕਵੀ ਧਨੀ ਰਾਮ ਚਾਤ੍ਰਿਕ ਦੀ ਇਕ ਕਵਿਤਾ ਦਾ ਬੋਲ ਬੜਾ ਪਿਆਰਾ ਹੈ ਕਿ:

"ਕਾਹਦੇ ਠਾਕੁਰ ਕਾਹਦੇ ਪੂਜਕ, ਸਭ ਰੋਟੀ ਦੇ ਉਪਰਾਲੇ।
ਚਿੱਟੀਆਂ ਪੱਗਾਂ, ਦੂਹਰੇ ਟਿਕੇ, ਹਿਰਦੇ ਇਨ੍ਹਾਂ ਦੇ ਕਾਲੇ।
ਹੱਥ ਵਿਚ ਮਾਲਾ ਮੁਖ ਵਿੱਚ ਮੰਤ੍ਰ, ਕੱਛ ਵਿਚ ਤੇਜ਼ ਕਟਾਰੀ,
ਐਸੇ ਠੱਗਾਂ ਨਾਲੋਂ ਚੰਗੇ, ਖੀਸੇ ਕੁਤਰਨ ਵਾਲੇ।

ਧੰਨ ਗੁਰੂ **ਰਾਮਦਾਸ** ਮਹਾਰਾਜ ਜੀ ਦੇ ਅੰਮ੍ਰਿਤ ਬਚਨ ਹਨ ਕਿ

"ਤਿਨ ਚੂਕੀ ਮੁਹਤਾਜੀ ਲੋਕਨ ਕੀ ਹਰਿ ਪ੍ਰਭੁ ਅੰਗੁ ਕਰਿ ਬੈਠਾ ਪਾਸਿ ॥
ਜਾਂ ਕਰਤਾ ਵਲਿ ਤਾ ਸਭੁ ਕੋ ਵਲਿ ਸਭਿ ਦਰਸਨੁ ਦੇਖਿ ਕਰਹਿ ਸਾਬਾਸਿ ॥
ਸਾਹੁ ਪਾਤਿਸਾਹੁ ਸਭੁ ਹਰਿ ਕਾ ਕੀਆ ਸਭਿ ਜਨ ਕਉ ਆਇ ਕਰਹਿ ਰਹਰਾਸਿ ॥

(ਪੰਨਾ ੩੦੫)

ਵਿਆਹ ਵੇਲੇ ਨਵੀਂ ਜ਼ਿੰਦਗੀ ਦੇ ਪਾਂਧੀਆਂ ਲਈ ਸਦੀਵ ਨਿਰਬਾਹ ਦੀ ਅਸੀਸ, ਭਾਈ ਗੁਰਦਾਸ ਜੀ ਦੇ ਮਹਾਨ ਖਜ਼ਾਨੇ ਵਿਚੋਂ ਵੀ ਲੈਣੀ ਚਾਹੀਦੀ ਹੈ। ਭਾਈ ਗੁਰਦਾਸ ਜੀ ਦੇ ਦੋ ਬਚਨ ਸਾਂਝੇ ਕਰਦੇ ਹਾਂ। ਭਾਈ ਸਾਹਿਬ ਆਖਦੇ ਹਨ ਕਿ ਜੇਕਰ ਸਿੱਖ ਨਿਮਰਤਾ ਭਾਵ ਨਾਲ ਗੁਰੂ ਚਰਨਾਂ ਵਿੱਚ ਆ ਜਾਵੇ ਤਾਂ ਫਿਰ ਸਿੱਖ ਦੇ ਚਰਨਾਂ ਵਿੱਚ ਆਉਣ ਲਈ ਸਾਰਾ ਸੰਸਾਰ ਲੋਚਦਾ ਹੈ। ਸਤਿਗੁਰੂ ਜੀ ਦੀ ਆਗਿਆ ਨੂੰ ਹਿਰਦੇ ਕਰਕੇ ਸੱਚ ਪ੍ਰਵਾਨਣ ਵਾਲਾ ਹੋਵੇ ਤਾਂ, ਉਸਦੀ ਆਗਿਆ ਨੂੰ ਸਾਰੇ ਆਪੇ ਹੀ ।ਪਆਰ ਨਾਲ ਮੰਨਣ ਲੱਗ ਪੈਂਦੇ ਹਨ। ਸਤਿਗੁਰੂ ਜੀ ਦੇ ਘਰ ਦੀ ਪੂਰਨ ਸ਼ਰਧਾ ਭਾਵਨਾ ਤੇ ਲਗਨ ਨਾਲ ਕੀਤੀ ਸੇਵਾ ਨਾਲ ਆਖਿਰ ਹਰ ਖਜ਼ਾਨੇ ਦੀ ਚਾਬੀ ਉਸ ਦੀ ਤਲੀ ਤੇ ਆ ਟਿਕਦੀ ਹੈ। ਜਿਸਦੇ ਵੀ ਹਿਰਦੇ ਵਿਚ ਗੁਰੂ ਪਾਤਿਸ਼ਾਹ ਜੀ ਦੇ ਅੰਮ੍ਰਿਤ ਬੋਲਾਂ ਦਾ ਨਿਵਾਸ ਹੋ ਜਾਂਦਾ ਹੈ, ਉਸ ਦੀ ਸਿਖਿਆ ਸੁਣ ਕੇ ਦੁਨਿਆਵੀ ਨਿਰਬਾਹ ਤਾਂ ਇਕ ਪਾਸੇ ਰਿਹਾ, ਬਲਕਿ ਅਜਿਹੇ ਲੋਕ ਤਾਂ ਪਰਮ ਪਦਵੀ ਨੂੰ ਪ੍ਰਾਪਤ ਕਰ ਜਾਂਦੇ ਹਨ। ਬਚਨ ਹਨ :

ਸਤਿਗੁਰ ਚਰਨ ਸ਼ਰਨ ਚਲ ਜਾਇ ਸਿੱਖ,
ਚਰਨ ਸਰਨ ਤਾਂਕੀ ਜਗ ਚਲ ਆਵਈ॥
ਸਤਿਗੁਰ ਆਗਯਾ ਸਤਯ ਸਤਯ ਕਰ ਮਾਨੈ ਸਿਖਯ,
ਆਗਯਾ ਤਾਹਿ ਸਕਲ ਸੰਸਾਰਹਿ ਹਿਤਾਵਈ॥
ਸਤਿ ਗੁਰ ਸੇਵਾ ਭਾਇ ਪ੍ਰਾਨ ਪੂਜਾ ਕਰੈ ਸਿੱਖ,
ਸਰਬ ਨਿਧਾਨ ਅਗ੍ਰ ਭਾਗ ਲਿਵਲਾਵਈ॥
ਸਤਿਗੁਰੁ ਸੀਖਯਾ ਦੀਖਯਾ ਹਿਰਦੈ ਪ੍ਰਵੇਸ ਜਾਹਿ
ਤਾਕੀ ਸੀਖ ਸੁਨਤ ਪਰਮ ਪਦ ਪਾਵਈ॥

ਦੂਸਰਾ ਬਚਨ ਹੈ—

"ਸਤਿਗੁਰੁ ਸਾਹਿਬੁ ਛਡਿ ਕੈ ਮਨਮੁਖੁ ਹੋਇ ਬੰਦੇ ਦਾ ਬੰਦਾ।
ਹੁਕਮੀ ਬੰਦਾ ਹੋਇ ਕੈ ਨਿਤ ਉਠਿ ਜਾਇ ਸਲਾਮ ਕਰੰਦਾ।
ਆਠ ਪਹਰ ਹਥ ਜੋੜਿ ਕੈ ਹੋਇ ਹਜੂਰੀ ਖੜਾ ਰਹੰਦਾ।
ਨੀਦ ਨ ਭੁਖ ਨ ਸੁਖ ਤਿਸੁ ਸੂਲੀ ਚੜ੍ਹਿਆ ਰਹੈ ਡਰੰਦਾ।
ਪਾਣੀ ਪਾਲਾ ਧੁਪ ਛਾਉ ਸਿਰ ਉਤੈ ਝਲਿ ਦੁਖ ਸਹੰਦਾ।
ਆਤਸਬਾਜੀ ਸਾਰੁ ਵੇਖਿ ਰਣ ਵਿਚਿ ਘਾਇਲੁ ਹੋਇ ਮਰੰਦਾ।
ਗੁਰ ਪੂਰੇ ਵਿਣੁ ਜੂਨਿ ਭਵੰਦਾ ॥੪॥

(ਵਾਰ ੧੫ ਪਉੜੀ ੪)

ਵਿਆਹ, ਨਿਰਬਾਹ ਅਤੇ 'ਏਕ ਜੋਤਿ ਦੋਇ ਮੂਰਤੀ ਹੋਣ ਲਈ ਫਿਰੇ ਇਹ ਜ਼ਰੂਰੀ ਬਣ ਆਉਂਦਾ ਹੈ ਕਿ :

"ਧਰਿ ਜੀਅਰੇ ਇਕ ਟੇਕ ਤੂ ਲਾਹਿ ਬਿਡਾਨੀ ਆਸ
ਨਾਨਕ ਨਾਮੁ ਧਿਆਈਐ ਕਾਰਜੁ ਆਵੈ ਰਾਸਿ ॥"

(ਪੰਨਾ ੨੫੭)

ਸਿਮਰੋ ਵਾਹਿਗੁਰੂ ਨਿਤ ਨਾਮੁ॥ ਲਿਵ ਲਾਗੈ ਪਦ ਦੇ ਅਭਿਰਾਮੁ॥
ਮੜੀ ਟੋਭੜੀ ਮਠ ਅਰ ਗੋਰ॥ ਇਨਹੁ ਨ ਸੇਵਹੁ ਸਭ ਦਿਹੁ ਛੋਰ॥

(ਕਵੀ ਸੰਤੋਖ ਸਿੰਘ) (ਪੋਥੀ-੫ ਪੰਨਾ-੧੪੮੮)

ਗੁਰਸਿੱਖ ਦੀ ਪ੍ਰੀਭਾਸ਼ਾ ਦਿੰਦਿਆਂ ਕਵੀ ਨਿਹਾਲ ਸਿੰਘ ਜੀ ਨੇ ਜਿਹੜੇ ਸ਼ਬਦ ਵਰਤੇ ਹਨ ਉਹ ਬਹੁਤ ਹੀ ਧਿਆਨ ਦੀ ਮੰਗ ਕਰਦੇ ਹਨ :

"ਗੁਰੂ ਹੀ ਉਚਾਰੈ ਪ੍ਰੀਤਿ ਗੁਰੂ ਕੀ ਸੁਧਾਰੈ ਗੀਤਿ,
ਗੁਰੂ ਕੀ ਪ੍ਰਤੀਤ ਜਾਂਕੋ ਭੂਤ ਔ ਭਵਿੱਖ ਹੈ।
ਗੁਰੂ ਹੀ ਕੀ ਕੀਜੈ ਸੇਵ, ਗੁਰੂ ਹੀ ਕੀ ਦੀਜੈ ਭੇਵ,

ਗੁਰੂ ਹੀ ਕੀ ਪੂਜੈ ਦੇਵ, ਉਚੋ ਏਵ ਪਿੱਖ ਹੈ।
ਗੁਰੂ ਪੰਥ ਹੀ ਕੋ ਦਾਨੀ, ਗੁਰੂ ਕੀ ਕਹਾਨੀ ਜਾਨੀ,
ਗੁਰੂ ਹੀ ਕੀ ਸੁੱਧ ਵਾਨੀ, ਆਛੀ ਭਾਂਤਿ ਲਿੱਖ ਹੈ।
ਗੁਰੂ ਸੋ ਨਾ ਮਾਨੈ ਕੋਈ, ਗੁਰੂ ਜੂ ਕੇ ਧਾਮ ਢੋਈ,
ਗੁਰੂ ਜੀ ਕੋ ਪਯਾਰੋ ਜੋਈ ਸੋਈ ਗੁਰਸਿੱਖ ਹੈ।

*

ਮਾਤਾ ਪਿਤਾ ਦੀ ਸੇਵਾ

ਸੰਸਾਰਿਕ ਸਿਲਸਲਾ ਫਰਜ਼ ਅਤੇ ਹੱਕ ਦੇ ਆਧਾਰਿਤ ਚੱਲਦਾ ਹੈ। ਪਹਿਲਾਂ ਫਰਜ਼ ਦੀ ਪੂਰਤੀ ਕਰਨ ਵਾਲਾ ਇਕ ਦਿਨ ਹੱਕ ਦੀ ਮੰਜ਼ਿਲ ਪਾ ਲੈਂਦਾ ਹੈ। ਅੱਜ ਮੈ ਜੋ ਕੁਝ ਵੀ ਸਮਾਜ ਕੋਲੋਂ ਆਪਣੇ ਮਾਪਿਆਂ ਕੋਲੋਂ ਜਾਂ ਆਪਣੀ ਔਲਾਦ ਕੋਲੋਂ ਜੋ ਕੁਝ ਵੀ ਚਾਹੁੰਦਾ ਹਾਂ ਤਾਂ ਪਹਿਲਾਂ ਇਹ ਗੱਲ ਵੇਖਾਂ ਕਿ ਮੈਂ ਕੱਲ੍ਹ ਫਰਜ਼ ਦਾ ਬੀਜ ਵੀ ਬੋਇਆ ਸੀ ਕਿ ਨਹੀਂ, ਕਿਉਂਕਿ ਫਰਜ ਦੇ ਬੀਜ ਨੇ ਹੀ ਅੱਗੇ ਦਰੱਖਤ ਬਣ ਕੇ ਹੱਕ ਦਾ ਫਲ ਦੇਣਾ ਹੈ। ਜੇ ਫਰਜ਼ ਦਾ ਬੀਜ ਹੀ ਨਹੀਂ ਬੋਇਆ, ਫਿਰ ਹੱਕ ਦੀ ਪ੍ਰਾਪਤੀ ਦਾ ਦਾਅਵਾ ਕਰਨ ਵਾਲਾ ਮੂਰਖਤਾ ਕਰ ਰਿਹਾ ਹੁੰਦਾ ਹੈ। ਸਿਆਣੇ ਆਲਿਮ ਲੋਕਾਂ ਦੇ ਬੋਲ ਹਨ ਕਿ ਤਿੰਨ ਚੀਜ਼ਾਂ ਦੀ ਵਕਤ ਨਾਲ ਸੰਭਾਲ ਨਾ ਕੀਤੀ ਜਾਵੇ ਤਾਂ ਅੰਤ ਨੂੰ ਪਛਤਾਉਣਾ ਪੈਂਦਾ ਹੈ। ਉਹ ਤਿੰਨ ਚੀਜ਼ਾਂ ਹਨ , ਕਰਜ਼, ਫਰਜ਼ ਅਤੇ ਮਰਜ਼। ਕਰਜ਼ ਦੀ ਸੰਭਾਲ ਨਾ ਕੀਤੀ, ਫਿਰ ਇਕ ਦਿਨ ਬਾਕੀ ਵੀ ਜੋੜਿਆ ਲੈ ਡੁੱਬਦਾ ਹੈ। ਦੂਜਾ ਮਰਜ਼, ਮਰਜ਼ ਕਹਿੰਦੇ ਹਨ ਬਿਮਾਰੀ ਨੂੰ ਜੇਕਰ ਇਸ ਪੱਖੋਂ ਵੀ ਮਨੁੱਖ ਅਵੇਸਲਾ ਹੋ ਜਾਵੇ ਤਾਂ ਜ਼ਿੰਦਗੀ ਤੋਂ ਹੀ ਹੱਥ ਧੋ ਬੈਠਦਾ ਹੈ। ਇਸੇ ਤਰ੍ਹਾਂ ਫਰਜ਼ ਦੀ ਬਾਤ ਹੈ, ਫਰਜ਼ ਵਕਤ ਸਿਰ ਨਾ ਨਿਭਾਇਆ ਜਾਵੇ, ਤਾਂ ਕੇਵਲ ਬੰਦਾ ਹੱਕ ਰੂਪ ਫਲਾਂ ਤੋਂ ਹੀ ਖਾਲੀ ਨਹੀਂ ਰਹਿੰਦਾ ਬਲਕਿ ਪਛਤਾਉਂਣਾ ਵੀ ਪੈਂਦਾ ਹੈ। ਜ਼ਿੰਦਗੀ ਦੇ ਫਰਜ਼ ਤਾਂ ਭਾਵੇਂ ਅਨੇਕ ਹਨ , ਪਰ ਇਥੇ ਕੇਵਲ ਮਾਤਾ ਪਿਤਾ ਦੀ ਸੇਵਾ ਦੇ ਫਰਜ਼ ਦੀ ਬਾਤ ਕਰਨੀ ਹੈ।

ਮਾਤਾ ਪਿਤਾ ਦੇ ਕੀਤੇ ਪਰਉਪਕਾਰ ਦਾ ਬੰਦਾ ਮੁੱਲ ਤਾਂ ਭਾਵੇਂ ਉਤਾਰ ਨਹੀਂ ਸਕਦਾ, ਪਰ ਫਿਰ ਵੀ ਆਪਣੇ ਹੱਕ ਦੀ ਪ੍ਰਾਪਤੀ ਲਈ ਅਤੇ ਸਾਮਾਜਿਕ ਪੱਧਰ ਤੇ ਇਕ ਚੰਗਾ ਇਨਸਾਨ ਹੋਣ ਲਈ ਮਾਤਾ ਪਿਤਾ ਦੀ ਸੇਵਾ ਕਰਕੇ ਠੰਡੀਆਂ ਮਿੱਠੀਆਂ ਅਸੀਸਾਂ ਪ੍ਰਾਪਤ ਕਰ ਸਕਦਾ ਹੈ। ਮਨੁੱਖੀ ਸੁਭਾਅ ਹੈ ਕਿ ਇਹ ਕੋਠੇ ਤੋਂ ਜਾਂ ਛੱਤ ਤੇ ਚੜ੍ਹ ਕੇ ਪਉੜੀ ਭੁੱਲ ਜਾਂਦਾ ਹੈ। ਮਨੁੱਖੀ ਸੁਭਾ ਹੈ ਕਿਥੇ ਰੋਜ਼ੀ ਦੇ ਵਸੀਲੇ ਨੂੰ ਪਾ ਕੇ ਆਪਣੇ ਪ੍ਰੀਵਾਰ ਵਿਚ ਇਤਨਾ ਰੱਤ ਜਾਂਦਾ ਹੈ ਕਿ ਫਿਰ ਇਸਨੂੰ ਆਪਣੇ ਮਾਤਾ ਪਿਤਾ ਭੁੱਲ ਜਾਂਦੇ ਹਨ। ਸ਼ਾਇਦ ਇਹੋ ਕਾਰਨ ਹੋ ਸਕਦਾ ਹੈ ਕਿ ਸਾਹਿਬ ਨੇ ਨਿਤਨੇਮ ਦੀ ਬਾਣੀ ਵਿੱਚ ਵੀ ਅਤੇ ਹੋਰ ਵੀ ਅਨੇਕਾਂ ਥਾਵਾਂ ਤੇ ਇਸ ਰਿਸ਼ਤੇ ਨੂੰ ਕਿਸੇ ਨਾ ਕਿਸੇ ਤਰ੍ਹਾਂ ਯਾਦ ਕਰਵਾਇਆ ਹੈ। ਜਿਵੇਂ :-

ਤੁਮ ਮਾਤ ਪਿਤਾ ਹਮ ਬਾਰਿਕ ਤੇਰੇ ॥
ਤੁਮਰੀ ਕ੍ਰਿਪਾ ਮਹਿ ਸੂਖ ਘਨੇਰੇ ॥ (ਪੰਨਾ ੨੬੮)
ਮਾਤਾ ਪ੍ਰੀਤਿ ਕਰੇ ਪੁਤੁ ਖਾਇ ॥
ਮੀਨੇ ਪ੍ਰੀਤਿ ਭਈ ਜਲਿ ਨਾਇ ॥ (ਪੰਨਾ ੧੬੪)
ਹਰਿ ਜੀ ਮਾਤਾ ਹਰਿ ਜੀ ਪਿਤਾ ਹਰਿ ਜੀਉ ਪ੍ਰਤਿਪਾਲਕ॥
ਹਰਿ ਜੀ ਮੇਰੀ ਸਾਰ ਕਰੇ ਹਮ ਹਰਿ ਕੇ ਬਾਰਿਕ॥
(ਪੰਨਾ ੧੧੦੧)
"ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ ॥ (ਪੰਨਾ ੮)

ਇਹ ਦੁਨੀਆਂ ਦਾ ਜਿਉਂਦਾ ਜਾਗਦਾ ਸੱਚ ਹੈ ਕਿ ਜਿਤਨਾ ਸੁੱਖ ਮਨੁੱਖ ਆਪਣੇ ਮਾਤਾ ਪਿਤਾ ਦੀ ਗੋਦ ਵਿੱਚ ਆਪਣੇ ਬਚਪਨ ਵਿੱਚ ਮਾਣਦਾ ਹੈ, ਉਸ ਨਾਲੋਂ ਅੱਧਾ ਸੁਖ ਵੀ ਮਨੁੱਖ ਬੁਢਾਪੇ ਵੇਲੇ ਆਪਣੇ ਮਾਤਾ ਪਿਤਾ ਨੂੰ ਨਹੀਂ ਦਿੰਦਾ।

ਮਾਲਵੇ ਦੇ ਇਲਾਕੇ ਵਿੱਚ ਭਾਈ ਕੇ ਚੱਕ ਨਗਰ ਵਿੱਚ ਭਾਈ ਭਗਤੂ ਇਕ ਸੁਖਾਂ-ਭਰੀ ਜ਼ਿੰਦਗੀ ਗੁਜ਼ਾਰ ਰਹੇ ਪ੍ਰੀਵਾਰ ਵਿੱਚ ਜਦੋਂ ਮਾਤਾ ਪਿਤਾ ਬਜ਼ੁਰਗ ਹੋ ਗਏ ਤਾਂ, ਉਨ੍ਹਾਂ ਦਾ ਟਿਕਾਣਾ ਘਰੋਂ ਕੁਝ ਦੂਰੀ ਤੇ ਪੁਰਾਣੇ ਘਰ ਵਿੱਚ ਕਰ ਦਿੱਤਾ। ਇਹ ਵੀ ਇਕ ਦੁਨੀਆਂ ਦਾ ਵੇਖਿਆ ਪਰਖਿਆ ਸੱਚ ਹੈ ਕਿ ਆਮ ਕਰਕੇ ਫਲ ਕੱਚੇ ਕੌੜੇ ਤੇ ਪੱਕੇ ਮਿੱਠੇ ਹੁੰਦੇ ਹਨ। ਪਰ ਇਹ ਇਕ ਅਜਿਹਾ ਫਲ ਹੈ ਜਿਹੜਾ ਕੱਚਾ ਤਾਂ ਸਗੋਂ ਮਿੱਠਾ ਪਰ ਪੱਕਾ ਕੌੜਾ ਹੋ ਜਾਂਦਾ ਹੈ। ਸਮਾਂ ਆਪਣੀ ਰਫਤਾਰ ਨਾਲ ਕਦੇ ਦਿਨ ਦਾ ਤੇ ਕਦੇ ਰਾਤ ਦਾ ਚੋਲਾ ਪਾ ਕੇ ਤੁਰਦਾ ਗਿਆ।

ਇਸ ਬਜ਼ੁਰਗ ਦੇ ਪੋਤਰੇ ਦਾ ਜਨਮ ਦਿਨ ਸੀ। ਜਿਸ ਕਰਕੇ ਅੱਜ ਨੂੰਹ ਪੋਤਰਾ ਤੇ ਹੋਰ ਘਰ ਦੇ ਮੈਂਬਰ ਬੜੀ ਖੁਸ਼ੀ-ਖੁਸ਼ੀ ਬਜ਼ੁਰਗਾਂ ਦੀ ਅਸ਼ੀਰਵਾਦ ਲੈਣ ਆਏ। ਅੱਜ ਸਵਾਦਿਸ਼ਟ ਖਾਣੇ ਵੀ ਲੈ ਕੇ ਆਏ ਸਨ। ਅਸ਼ੀਰਵਾਦ ਲੈ ਕੇ ਇਸ ਬਜ਼ੁਰਗ ਜੋੜੇ ਦੇ ਪੁੱਤਰ ਨੇ ਜਦੋਂ ਉਹ ਖਾਣਾ ਮਿੱਟੀ ਦੇ ਬਰਤਨਾਂ ਵਿਚੋਂ ਪਾ ਕੇ ਬਜ਼ੁਰਗਾਂ ਨੂੰ ਦਿਤਾ ਤਾਂ ਨੂੰਹ ਰਾਣੀ ਗੁੱਸੇ ਵਿੱਚ ਬੋਲੀ ਕਿ ਇਹ ਕੀ ਕੀਤਾ ਹੈ? ਇਨ੍ਹਾਂ ਨੂੰ ਮਿੱਟੀ ਦੇ ਭਾਂਡਿਆਂ ਵਿੱਚ ਕਿਉਂ ਦਿੱਤਾ ਤਾਂ ਪੁੱਤਰ ਭਾਵ ਪਤੀ ਨੇ ਆਪਣੀ ਪਤਨੀ ਨੂੰ ਸਮਝਾਇਆ ਕਿ ਕਦੇ ਤੁਸੀਂ ਹੀ ਕਿਹਾ ਸੀ ਕਿ ਇਨ੍ਹਾਂ ਦੇ ਬਰਤਨ ਅਲੱਗ ਕਰ ਦਿਉ, ਮੇਰੇ ਕੋਲੋਂ ਸਾਫ ਨਹੀਂ ਹੁੰਦੇ। ਮੈਨੂੰ ਬਹੁਤ ਨਫਰਤ ਆਉਂਦੀ ਹੈ, ਤਾਂ ਉਸ ਦਿਨ ਤੋਂ ਮੈ ਇਨ੍ਹਾਂ ਨੂੰ ਮਿੱਟੀ ਦੇ ਭਾਂਡੇ ਲਿਆ ਦਿੱਤੇ ਸਨ ਤੇ ਇਹ ਵੀ ਉਹ ਪਿਛੇ ਵੇਖ, ਮੈਂ ਆਪ ਸਾਂਭ ਕੇ ਰੱਖ ਦਿੰਦਾ ਹਾਂ। ਘਰ ਵਾਲੀ ਭਾਵ ਨੂੰਹ ਨੇ ਹੈਰਾਨ ਹੋ ਕੇ ਪੁਛਿਆ ਕਿ ਜੇਕਰ ਮਿੱਟੀ ਦੇ ਭਾਂਡੇ ਲਿਆ ਹੀ ਦਿੱਤੇ ਹਨ ਤਾਂ ਫਿਰ ਇਨ੍ਹਾਂ ਨੂੰ ਸਾਂਭ ਕੇ ਰੱਖਣ ਦੀ ਕੀ ਲੋੜ ਹੈ? ਤਾਂ ਪਤੀ ਨੇ ਕਿਹਾ ਕਿ ਭਾਗਵਾਨੇ ਆਪਾਂ

ਨੇ ਤਾਂ ਮਿੱਟੀ ਦੇ ਭਾਂਡੇ ਦੇ ਦਿੱਤੇ ਹਨ, ਪਰ ਸਾਡਿਆਂ ਬੱਚਿਆਂ ਨੇ ਸਾਨੂੰ ਇਹ ਵੀ ਨਹੀਂ ਦੇਣੇ, ਇਸ ਲਈ ਮੈਂ ਇਹ ਸਾਭ ਕੇ ਰੱਖਦਾ ਹਾਂ, ਕਿਉਂਕਿ "ਜੈਸੀ ਕਰਨੀ ਵੈਸੀ ਭਰਨੀ ਕੁਦਰਤਿ ਯਹ ਸਿਖਲਾਏ ॥ ਕਾਂਟੇ ਬੋਨੇ ਵਾਲਾ ਜਗ ਮੇ ਫੂਲ ਕਹਾਂ ਸੇ ਪਾਏ ॥" ਘਰ ਵਾਲੀ ਨੂੰ ਸਾਰੀ ਸਮਝ ਲੱਗ ਗਈ ਕਿ ਮਾਤਾ ਪਿਤਾ ਤਾਂ ਦੋ ਜਣੇ ਹੋ ਕੇ ਵੀ ਸਾਰਿਆਂ ਧੀਆਂ ਪੁੱਤਰਾਂ ਨੂੰ ਸਾਂਭ ਸਕਦੇ ਹਨ। ਧੀ ਪੁੱਤਰ ਦੋ ਮਾਤਾ ਪਿਤਾ ਨੂੰ ਸ਼ਾਂਭ ਕੇ ਰੱਖਣਾ ਬਹੁਤ ਮੁਸ਼ਕਲ ਸਮਝਦੇ ਹਨ।

ਸੱਚ ਹੈ, ਜਿਸ ਦੀ ਮਾਤਾ ਪਿਤਾ ਵਰਗੇ ਦੇਵਤਿਆਂ ਨਾਲ ਨਹੀਂ ਬਣਦੀ। ਜਿਨ੍ਹਾਂ ਨੇ ਪ੍ਰਤੱਖ ਪਰਉਪਕਾਰ ਕੀਤੇ ਹਨ ਉਨ੍ਹਾਂ ਦੀ ਹੋਰ ਕਿਸੇ ਨਾਲ ਕਿਵੇਂ ਨਿਭ ਸਕਦੀ ਹੈ। ਗ੍ਰਿਹਸਤੀ ਜੀਵਨ ਦੀ ਤਾਂ ਪਹਿਲੀ ਲੋੜ ਹੀ ਇਕ ਦੂਜੇ ਨਾਲ ਮਿਲ ਜੁੜ ਕੇ ਨਿਰਬਾਹ ਕਰਨਾ ਹੈ। ਜਿਨ੍ਹਾਂ ਨੇ ਕਦੇ ਮਾਤਾ ਪਿਤਾ ਦੀ ਸੇਵਾ ਨਹੀਂ ਕੀਤੀ। ਭਾਈ ਗੁਰਦਾਸ ਜੀ ਨੇ ਅਜਿਹੇ ਪੁਰਖ ਦੀ ਹਾਲਤ ਨੂੰ ਬਿਆਨ ਕੀਤਾ ਹੈ :

"ਮਾਂ ਪਿਉ ਪਰਹਰਿ ਸੁਣੈ ਵੇਦੁ ਭੇਦੁ ਨ ਜਾਣੈ ਕਥਾ ਕਹਾਣੀ।
ਮਾਂ ਪਿਉ ਪਰਹਰਿ ਕਰੈ ਤਪੁ ਵਣਖੰਡਿ ਭੁਲਾ ਫਿਰੈ ਬਿਬਾਣੀ।
ਮਾਂ ਪਿਉ ਪਰਹਰਿ ਕਰੈ ਪੂਜੁ ਦੇਵੀ ਦੇਵ ਨ ਸੇਵ ਕਮਾਣੀ।
ਮਾਂ ਪਿਉ ਪਰਹਰਿ ਨ੍ਹਾਵਣਾ ਅਠਸਠਿ ਤੀਰਥ ਘੁੰਮਣ ਵਾਣੀ।
ਮਾਂ ਪਿਉ ਪਰਹਰਿ ਕਰੈ ਦਾਨ ਬੇਈਮਾਨ ਅਗਿਆਨ ਪਰਾਣੀ।
ਮਾਂ ਪਿਉ ਪਰਹਰਿ ਵਰਤ ਕਰਿ ਮਰਿ ਮਰਿ ਜੰਮੈ ਭਰਮਿ ਭੁਲਾਣੀ।
ਗੁਰੁ ਪਰਮੇਸਰੁ ਸਾਰੁ ਨ ਜਾਣੀ ॥੧੩॥

ਵਾਰ ਭਾਈ ਗੁਰਦਾਸ ੩੭/੧੩

ਜਿਹੜੀ ਮਾਂ ਦੇ ਸੀਨੇ ਲੱਗ ਦੁੱਧ ਪੀ ਕੇ ਵੱਡਾ ਹੋਇਆ ਹੁੰਦਾ ਹੈ, ਜਿਹੜੀ ਮਾਂ ਦੀ ਗੋਦ ਵਿਚ ਬਚਪਨ ਦਾ ਸਵਰਗ ਵੱਸਦਾ ਸੀ, ਜਿਹੜੀ ਮਾਂ ਆਪ ਪਿਸ਼ਾਬ ਨਾਲ ਹੋਏ ਗਿੱਲੇ ਬਿਸਤਰੇ ਤੇ ਆਪ ਪੈਂਦੀ ਤੇ ਸਾਨੂੰ ਸੁੱਕੇ ਤੇ ਸੁਆਂਦੀ ਸੀ, ਜਿਹੜੀ ਮਾਂ, ਪ੍ਰਸ਼ਾਦ ਪਾਣੀ ਛਕਦਿਆਂ ਵੀ ਮਲਮੂਤ੍ਰ ਧੋਣ ਤੋਂ ਗੁਰੇਜ਼ ਨਹੀਂ ਸੀ ਕਰਦੀ, ਅੱਜ ਉਸੇ ਮਾਤਾ ਪਿਤਾ ਕੋਲੋਂ ਬੰਦੇ ਨੂੰ ਮੁਸ਼ਕ ਆਉਂਦੀ ਹੈ। ਇਹ ਵਿਚਾਰੇ ਬਜ਼ੁਰਗੀ ਕਾਰਨ ਆਪਣੀ ਸੇਵਾ ਸੰਭਾਲ ਨਹੀਂ ਕਰ ਪਾਉਂਦੇ। ਕਦੇ ਬੱਚਾ ਘਰ ਆਉਣ ਤੋਂ ਲੇਟ ਹੋ ਜਾਵੇ ਤਾਂ ਮਾਤਾ ਪਿਤਾ ਵੇਖ ਕਿਸ ਤਰ੍ਹਾਂ ਤੜਫਦੇ ਰਹਿੰਦੇ ਸਨ। ਅੱਜ ਆਪਾਂ ਵੀ ਉਨ੍ਹਾਂ ਨੂੰ ਛੱਡ ਕੇ ਮਹੀਨਿਆਂ-ਬੱਧੀ ਸਾਰ ਨਹੀਂ ਲੈਂਦੇ। ਕਦੇ ਸੋਚਿਆ ਕਰੀਏ ਉਨ੍ਹਾਂ ਨੂੰ ਛੱਡ ਕੇ ਸਾਡਾ ਵੀ ਹਿਰਦਾ ਕਦੇ ਤੜਫਿਆ ਹੈ? ਭਾਈ ਗੁਰਦਾਸ ਜੀ ਦਾ ਹੀ ਇਕ ਹੋਰ ਬਚਨ ਮਾਂ ਬਾਪ ਦੀ ਕੀਤੀ ਕੁਰਬਾਨੀ ਨੂੰ ਯਾਦ ਕਰਾਉਂਦਾ ਹੈ :

"ਮਾਤ ਪਿਤਾ ਮਿਲਿ ਨਿੰਮਿਆ ਆਸਾਵੰਤੀ ਉਦਰੁ ਮੁਝਾਰੇ ।
ਰਸ ਕਸ ਖਾਇ ਨਿਲਜ ਹੋਇ ਛੁਹ ਛੁਹ ਧਰਣਿ ਧਰੈ ਪਗ ਧਾਰੇ।
ਪੇਟ ਵਿਚਿ ਦਸ ਮਾਹ ਰਖਿ ਪੀੜਾ ਖਾਇ ਜਣੈ ਪੁਤੁ ਪਿਆਰੇ ।
ਜਣ ਕੈ ਪਾਲੈ ਕਸਟ ਕਰਿ ਖਾਨ ਪਾਨ ਵਿਚਿ ਸੰਜਮ ਸਾਰੇ ।
ਗੁੜ੍ਹਤੀ ਦੇਇ ਪਿਆਲਿ ਦੁਧੁ ਘੁਟੀ ਵਟੀ ਦੇਇ ਨਿਹਾਰੇ ।
ਛਾਦਨੁ ਭੋਜਨੁ ਪੋਖਿਆ ਭਦਣਿ ਮੰਗਣਿ ਪੜ੍ਹਨਿ ਚਿਤਾਰੇ ।
ਪਾਂਧੇ ਪਾਸਿ ਪੜ੍ਹਾਇਆ ਖਟਿ ਲੁਟਾਇ ਹੋਇ ਸਚਿਆਰੇ ।
ਉਰਿਣਤ ਹੋਇ ਭਾਰੁ ਉਤਾਰੇ ॥੧੦॥

ਕ੭ ਵਾਰ/ ੧੦

ਇਕ ਮਾਤਾ ਪਿਤਾ ਨੇ ਬਹੁਤ ਮਿਹਨਤ ਕਰਕੇ ਪੁੱਤਰ ਨੂੰ ਪੜ੍ਹਾ ਲਿਖਾ ਕੇ ਅਫਸਰ ਬਣਾ ਦਿੱਤਾ। ਵਿਆਹ ਸ਼ਾਦੀ ਕਰਵਾ ਕੇ ਚੰਗੇ ਸ਼ਹਿਰ ਵਿਚ ਕੋਠੀ ਪਾ ਕੇ ਰਹਿਣ ਲੱਗ ਪਿਆ। ਇਕ ਦਿਨ ਮਾਤਾ ਨੇ ਆਪਣੇ ਬਜ਼ੁਰਗ ਪਤੀ ਨੂੰ ਕਿਹਾ ਕਿ ਜਾਹ ਜਾ ਕੇ ਬੱਚਿਆਂ ਦੀ ਖਬਰ ਸੁਧ ਲੈ ਆ, ਨਾਲੇ ਆਹ ਕੁਝ ਸਾਰਾ, ਘਿਉ ਤੇ ਹੋਰ ਪੇਂਡੂ ਨਿਯਮਤਾਂ ਇਕੱਠੀਆਂ ਕਰ ਇਕ ਛੋਟੀ ਜਿਹੀ ਗੰਢ ਬੰਨ੍ਹ ਦਿੱਤੀ। ਬਸ ਪਕੜ ਪੁੱਛਦਾ ਦੱਸਦਾ ਆਖਿਰ ਪੁੱਤਰ ਦੀ ਕੋਠੀ ਪਹੁੰਚ ਗਿਆ। ਸ਼ਾਮ ਦਾ ਵਕਤ ਪੁੱਤਰ ਬਾਹਰ ਵਿਹੜੇ ਵਿੱਚ ਬੈਠਾ ਸੀ ਕਿ ਅਚਾਨਕ ਗੁਆਢੀ ਨੇ ਪੁੱਛ ਲਿਆ ਕਿ ਅੱਜ ਕੌਣ ਆਇਆ ਹੈ? ਅਫਸਰ ਪੁੱਤਰ ਨੇ ਆਪਣੀ ਸ਼ਾਨ ਵਿੱਚ ਫਰਕ ਨਾ ਪੈ ਜਾਵੇ, ਕਹਿ ਦਿੱਤਾ ਕਿ ਘਰੋਂ ਨੌਕਰ ਆਇਆ ਹੈ। ਅੰਦਰ ਬੈਠੇ ਬਾਪੂ ਨੇ ਸਭ ਕੁਝ ਸੁਣ ਲਿਆ, ਜਿਸ ਨੂੰ ਬਾਹਰ ਬੈਠਣ ਤੋਂ ਅਫਸਰ ਪੁੱਤਰ ਨੇ ਮਨ੍ਹਾਂ ਕੀਤਾ ਸੀ। ਜਦੋਂ ਪੁੱਤਰ ਅੰਦਰ ਆਇਆ ਤਾਂ ਬਾਪੂ ਆਪਣਾ ਪਰਨਾ ਚੁੱਕ ਕੇ ਤਿਆਰ ਬੈਠਾ ਸੀ। ਪਿਆਰ ਨਾਲ ਪੁੱਤਰ ਨੂੰ ਕਹਿਣ ਲੱਗਾ ਕਿ ਚੰਗਾ ਪੁੱਤਰ ਹੁਣ ਜਦੋਂ ਤੇਰਾ ਦਿਲ ਕੀਤਾ ਆਪਣੀ ਮਾਂ ਨੂੰ ਮਿਲ ਆਵੀਂ ਤੇ ਬੱਚਿਆਂ ਨੂੰ ਮਿਲਾ ਲਿਆਵੀਂ। ਮੇਰੀ ਤਾਂ ਹੁਣ ਆਖਰੀ ਫੇਰੀ ਹੈ, ਹੁਣ ਅਸੀਂ ਮੁੜ ਇਥੇ ਨਹੀਂ ਆਉਂਣਾ। ਪੁੱਤਰ ਕੁਝ ਤਲਖੀ ਤੇ ਹੈਰਾਨੀ ਨਾਲ ਪੁੱਛਣ ਲੱਗਾ ਕਿ ਉਹ ਕਿਉਂ? ਤਾਂ ਪਿਤਾ ਨੇ ਜਵਾਬ ਦਿੱਤਾ ਕਿ ਪੁੱਤਰ ਜਦੋਂ ਤੂੰ ਆਉਂਦਾ ਹੈ ਤਾਂ ਸਾਡਾ ਸਿਰ ਉੱਚਾ ਤੇ ਛਾਤੀ ਚੌੜੀ ਹੋ ਜਾਂਦੀ ਹੈ, ਪਰ ਜਦੋਂ ਅਸੀਂ ਆਉਂਦੇ ਹਾਂ, ਤਾਂ ਤੇਰਾ ਸਿਰ ਨੀਂਵਾਂ ਹੋ ਜਾਂਦਾ ਹੈ। ਤੇਰੇ ਗਲੇ ਵਿਚੋਂ ਫਿਰ ਬਾਪੂ ਸ਼ਬਦ ਨਹੀਂ ਨਿਕਲਦਾ, ਬਲਕਿ ਨੌਕਰ ਕਹਿਣਾ ਸੌਖਾ ਲੱਗਦਾ ਹੈ। ਇਸ ਲਈ ਅਸੀਂ ਇਥੇ ਆ ਕੇ ਤੇਰਾ ਸਿਰ ਨੀਂਵਾਂ ਨਹੀਂ ਕਰਨਾ ਚਾਹੁੰਦੇ।

ਸੱਚ ਹੈ, ਬਜ਼ੁਰਗੀ ਇਕ ਕੌੜਾ ਫਲ ਹੈ, ਜਿਸ ਨੂੰ ਕੋਈ ਵਿਰਲਾ ਹੀ ਮਿੱਠਾ

ਸਮਝ ਕੇ ਸੇਵਾ ਕਰਦਾ ਹੈ। ਗੁਰਸਿੱਖੀ ਅੰਦਰ ਜੀਵਨ ਦੇ ਹਰ ਪਲ ਆਪਣੇ ਫਰਜ਼ਾਂ ਦੀ ਪੂਰਤੀ ਲਈ ਪ੍ਰੇਰਿਤ ਕੀਤਾ ਜਾਂਦਾ ਹੈ। ਇਸੇ ਕਰਕੇ ਸੰਸਾਰ ਆਖਦਾ ਹੈ ਕਿ ਪੁੱਤਰ ਕਪੁੱਤਰ ਹੋ ਜਾਂਦੇ ਹਨ, ਪਰ ਕਦੇ ਮਾਪੇ ਕੁਮਾਪੇ ਨਹੀਂ ਹੁੰਦੇ।

ਨਿਰਬਾਹ ਇਕ ਅਜਿਹੀ ਕੜੀ ਹੈ, ਜਿਹੜੀ ਪੀੜ੍ਹੀ ਦਰ ਪੀੜ੍ਹੀ ਚੱਲਦੀ ਹੈ ਅੱਜ ਅਸੀਂ ਆਪਣੇ ਮਾਤਾ ਪਿਤਾ ਦੀ ਸੇਵਾ ਕਰਾਂਗੇ, ਤਦ ਹੀ ਆਸ ਰੱਖ ਸਕਦੇ ਹਾਂ ਕਿ ਸਾਡੀ ਔਲਾਦ ਵੀ ਸਾਡੀ ਸੰਭਾਲ ਕਰੇਗੀ।

"ਜੈਸਾ ਬਾਲਕੁ ਭਾਇ ਸੁਭਾਈ ਲਖ ਅਪਰਾਧ ਕਮਾਵੈ ॥
ਕਰਿ ਉਪਦੇਸੁ ਝਿੜਕੇ ਬਹੁ ਭਾਤੀ ਬਹੁੜਿ ਪਿਤਾ ਗਲਿ ਲਾਵੈ ॥
ਪਿਛਲੇ ਅਉਗੁਣ ਬਖਸਿ ਲਏ ਪ੍ਰਭੁ ਆਗੈ ਮਾਰਗਿ ਪਾਵੈ ॥੨॥

(ਪੰਨਾ ੬੨੪)

ਸੁਤੁ ਅਪਰਾਧ ਕਰਤ ਹੈ ਜੇਤੇ ॥ ਜਨਨੀ ਚੀਤਿ ਨ ਰਾਖਸਿ ਤੇਤੇ ॥੧॥
ਰਾਮਈਆ ਹਉ ਬਾਰਿਕੁ ਤੇਰਾ ॥ ਕਾਹੇ ਨ ਖੰਡਸਿ ਅਵਗਨੁ ਮੇਰਾ ॥੧॥ ਰਹਾਉ ॥
ਜੇ ਅਤਿ ਕ੍ਰੋਪ ਕਰੇ ਕਰਿ ਧਾਇਆ ॥ ਤਾ ਭੀ ਚੀਤਿ ਨ ਰਾਖਸਿ ਮਾਇਆ ॥੨॥

(ਪੰਨਾ ੪੭੮)

*

"ਗ੍ਰਿਹਸਤ ਪ੍ਰਧਾਨ"

ਜੀਵਨ ਦਾ ਨਿਸ਼ਾਨਾ ਪ੍ਰਮੇਸ਼ਰ ਦੀ ਪ੍ਰਾਪਤੀ ਕਰਨਾ ਹੈ। ਇਸ ਮਕਸਦ ਦੀ ਪੂਰਤੀ ਲਈ ਹੀ ਇਹ ਇਸ ਫੁੱਲਾਂ ਕੀ ਬਾਗਾਤ ਵਿੱਚ ਕਰਤੇ ਪੁਰਖ ਨੇ ਭੇਜਿਆ ਹੈ। ਇਸ ਤਰ੍ਹਾਂ ਦੀ ਬਾਗਤਿ ਵਿੱਚ ਕਿਧਰੇ ਬਹੁਤ ਹੀ ਸੁੰਦਰ ਖੁਸ਼ੀਆਂ ਖੇੜਿਆਂ ਵਿੱਚ ਝੂਮਦੇ ਫੁੱਲ ਨਜ਼ਰ ਆ ਰਹੇ ਹਨ, ਜਿਸ ਦਾ ਨਾਉਂ ਜੁਆਨੀ ਹੈ। ਕਿਧਰੇ ਕੁਝ ਥੱਕੇ ਥੱਕੇ ਮੁਖ ਨੀਵਾਂ ਜਿਹਾ ਕਰਕੇ ਆਪਣੇ ਇਸ ਖੁਸ਼ੀਆਂ ਖੇੜਿਆਂ ਨੂੰ ਅਲਵਿਦਾ ਕਹਿੰਦੇ ਨਜ਼ਰ ਆ ਰਹੇ ਹਨ। ਇਨ੍ਹਾਂ ਨੂੰ ਬਜ਼ੁਰਗ ਆਖਦੇ ਹਨ, ਜਿਨ੍ਹਾਂ ਕੋਲ ਜੀਵਨ ਦੇ ਤਜ਼ਰਬਿਆਂ ਦਾ ਭਾਰ ਹੋਣ ਕਰਕੇ ਸਿਆਣਪ ਦੀ ਇਸ ਬੋਝਲ ਪੰਡ ਨੇ ਥੋੜਾ ਜਿਹਾ ਸਿਰ ਨੀਵਾਂ ਕੀਤਾ ਹੋਇਆ ਹੈ। ਤੀਸਰੇ ਇਸ ਫੁੱਲਾਂ ਕੀ ਬਾਗਾਤਿ ਵਿੱਚ ਹਾਲੇ ਖਿੜੂੰ ਖਿੜੂੰ ਕਰਦੇ ਮਸਤ ਹਵਾ ਦੇ ਝੋਕਿਆਂ ਵਿੱਚ ਝੂਲਦੇ ਨੰਨੀਆਂ ਨੰਨੀਆਂ ਸ਼ਰਾਰਤਾਂ ਕਰਦੇ ਨਜ਼ਰ ਆ ਰਹੇ ਹਨ, ਜਿਨ੍ਹਾਂ ਨੇ ਕੱਲ ਇਸ ਬਗਾਤਿ ਦੀ ਖੂਬ ਰੌਣਕ ਬਣਨਾ ਹੈ ਇਨ੍ਹਾਂ ਗੁੰਚਿਆਂ (ਅੱਧ ਖਿੜਿਆਂ) ਨੂੰ ਬਚਪਨ ਆਖਦੇ ਹਨ। ਇਨਾਂ ਸਾਰਿਆਂ ਨਾਲ ਹਵਾ ਵਿੱਚ ਮਿਲਵੀਂ ਮਿੱਠੀ ਮਿੱਠੀ ਖੁਸ਼ਬੋ ਇਸ ਨੂੰ ਹੋਰ ਵੀ ਅਤਿ ਸੁੰਦਰ ਬਣਾ ਰਹੀ ਹੈ। ਇਸ ਕਰਕੇ ਹੀ ਇਥੇ ਆਇਆ ਜੀਵ ਉਹ ਭੁੱਲ ਹੀ ਜਾਂਦਾ ਹੈ ਕਿ ਇਹ ਫੁੱਲਾਂ ਦੀ ਵਾੜੀ ਤਾਂ ਸਿਰਫ ਸੈਰ ਕਰਨ ਵਾਸਤੇ ਹੈ। ਫੁੱਲਾਂ ਦੀ ਵਾੜੀ ਵਿੱਚ ਰਿਹਾਇਸ਼ੀ ਘਰ ਨਹੀਂ ਹੁੰਦੇ ਹਾਂ ਇਨਾਂ ਬਾਗਾਂ ਵਿੱਚ ਕਿਧਰੇ ਕਿਧਰੇ ਸੈਰ ਕਰਦਿਆਂ ਆਰਾਮ ਕਰਨ ਲਈ ਕੁਝ ਕੁ ਘੜੀ ਪੱਲ ਬੈਠ ਕੇ ਆਰਾਮ ਕਰਨ ਦੇ ਸਾਧਨ ਜ਼ਰੂਰੀ ਬਣਾਏ ਹੁੰਦੇ ਹਨ। ਇਥੇ ਘੜੀ ਪੱਲ ਫੁੱਲਾਂ ਦੀ ਬਗੀਚੀ ਵਿਚ ਘੁੰਮਦਿਆਂ, ਉਠਦਿਆਂ ਬੈਠਦਿਆਂ ਬਸ ਇਹ ਪਤਾ ਕਰਨਾ ਹੈ ਕਿ ਇਥੇ ਹੀ ਲਾਗੇ ਬੰਨੇ ਕਿਧਰੇ ਉਸ ਮਾਲਿਕ ਦਾ ਘਰ ਵੀ ਹੈ ਜਿਸ ਦੇ ਮਿਲਾਪ ਲਈ ਮਾਲਿਕ ਦੀ ਇਤਨੀ ਸੁੰਦਰ ਫੁਲਵਾੜੀ ਵਿੱਚ ਪਿਛਲੇ ਸਫ਼ਰ ਦੀ ਥਕਾਵਟ ਉਤਾਰ ਕੇ ਮਿਲਾਪ ਦੀ ਤਿਆਰੀ ਕਰਨੀ ਹੈ।

ਜੀਵ ਵਿਚਾਰਾ ਰਾਹਾਂ ਦੇ ਦੁਖੜਿਆਂ ਦਾ ਸਤਾਇਆ, ਸਫਰ ਦੀ ਥਕਾਵਟ ਕਾਰਨ, ਕਿਸੇ ਘੜੀ ਪੱਲ ਬੈਠਣ ਦੀ ਥਾਂ ਤੇ ਥੋੜ੍ਹਾ ਜਿਹਾ ਸਹਾਰਾ ਮਿਲਣ ਕਰਕੇ ਅਗਿਆਨਤਾ ਦੀ ਨੀਂਦਰ ਵਿੱਚ ਸੌਂ ਗਿਆ। ਸੁੱਤਾ ਹੀ ਨਹੀਂ ਸੁਹਾਵਣੇ ਸੁਪਨਿਆਂ ਵਿੱਚ ਗੁਆਚ ਗਿਆ। ਇਥੇ ਕਈ ਵਾਰੀ ਮਾਲੀ (ਗੁਰੂ) ਨੇ ਜਗਾਇਆ ਵੀ ਪਰ ਫਿਰ ਥੋੜ੍ਹਾ ਬਹੁਤ ਇਧਰ ਉਧਰ ਕਰਕੇ ਸੌਂਦਾ ਰਿਹਾ। ਦਿਨ ਗੁਜ਼ਰ ਗਿਆ, ਰਾਤ

ਆ ਗਈ, ਰਾਤ ਨੂੰ ਜੀਵਨ ਪੂੰਜੀ ਦੇ ਚੋਰਾਂ ਨੇ ਲੁੱਟਕੇ ਮੁੜ ਉਸੇ ਰਾਹੇ ਪਾ ਦਿੱਤਾ ਜਿਥੋਂ ਆਇਆ ਸੀ।

ਕੁਝ ਲੋਕ ਉਹ ਸਨ ਜਿਹੜੇ ਇਸ ਤਰ੍ਹਾਂ ਸੁੱਤੇ ਇਨ੍ਹਾਂ ਰਾਹੀਆਂ ਨੂੰ ਵੇਖਕੇ ਇਸ ਫੁੱਲਾਂ ਦੀ ਬਗੀਚੀ ਤੋਂ ਘਬਰਾ ਕੇ ਬਾਹਰ ਨਿਕਲ ਗਏ ਕਿ ਇਥੋਂ ਦੀ ਖੁਸ਼ਬੋ (ਮੋਹ ਮਮਤਾ) ਕਿਧਰੇ ਸਾਨੂੰ ਵੀ ਇਸ (ਅਗਿਆਨਤਾ) ਦੀ ਨੀਂਦਰ ਨਾ ਸੁਆ ਦੇਵੇ। ਉਹ ਲੋਕ ਬਾਹਰ ਤਾਂ ਨਿਕਲ ਗਏ, ਪਰ ਜੀਵਨ ਰਾਹ ਭੁੱਲ ਜਾਣ ਕਰਕੇ ਅਜਿਹੇ ਕੁਰਾਹੇ ਪਏ ਕਿ ਪਤਾ ਹੀ ਉਦੋਂ ਲੱਗਾ ਜਦੋਂ ਉਨ੍ਹਾਂ ਦਾ ਮਿਲਾਪ ਵੀ ਇਥੋਂ ਪਹਿਲਾਂ ਖਾਲੀ ਹੱਥ ਪਰਤ ਰਹੇ ਲੋਕਾਂ ਨਾਲ ਹੋਇਆ।

ਕੁਝ ਕੁ ਲੋਕ ਹਨ ਜਿਨ੍ਹਾਂ ਨੇ ਇਸ ਫੁੱਲਾਂ ਦੀ ਬਾਗਾਤਿ ਵਿੱਚ ਆ ਕੇ ਨਾ ਤਾਂ ਸੁੱਤੇ ਹੀ ਅਤੇ ਨਾ ਹੀ ਇਸ ਨੂੰ ਛੱਡਕੇ ਬਾਹਰ ਗਏ ਬਲਕਿ ਉਹ ਲੋਕ ਮਾਲੀ (ਗੁਰੂ) ਕੋਲ ਬੈਠ ਕੇ ਇਸ ਫੁਲਵਾੜੀ ਬਾਰੇ ਜਾਣਕਾਰੀ ਹਾਸਿਲ ਕਰਨ ਲੱਗ ਪਏ। ਇਸ ਜਾਣਕਾਰੀ ਵਿਚੋਂ ਹੀ ਇਸ ਫੁਲਵਾੜੀ ਦੇ ਮਾਲਿਕ ਦਾ ਜ਼ਿਕਰ ਵੀ ਕਈ ਵਾਰੀ ਆਇਆ। ਉਨ੍ਹਾਂ ਨੇ ਮਾਲੀ ਦੀ ਹੀ ਮਿੰਨਤ ਤਰਲਾ ਕਰਕੇ ਇਹ ਮਾਲਿਕ (ਪਰਮੇਸ਼ਰ) ਦੀ ਸਾਰੀ ਜਾਣਕਾਰੀ ਹਾਸਿਲ ਕਰ ਲਈ ਕਿ ਉਹ ਕਿਵੇਂ ਮਿਲ ਸਕਦਾ ਹੈ ? ਮਾਲੀ ਨੇ ਦੱਸ ਦਿੱਤਾ ਕਿ ਉਹਵੀ ਇਸੇ ਹੀ ਫੁਲਵਾੜੀ ਵਿੱਚ ਸੈਰ ਕਰਦਾ ਹੈ। ਬਸ ਤੁਸੀਂ ਸੌਣਾ ਨਹੀਂ, ਦੂਜਾ ਇਸਨੂੰ ਛੱਡ ਕੇ ਨਹੀਂ ਜਾਣਾ। ਜਿਹੜੇ ਸੁਭਾਗੇ ਮਾਲੀ (ਗੁਰੂ) ਦੀ ਸਿੱਖਿਆ ਪਰ ਅਮਲ ਕਰ ਗਏ , ਉਹ ਜਦੋਂ ਵੀ ਮਾਲਿਕ ਆਇਆ ਉਦੋਂ ਮਿਲ ਗਏ। ਅਜਿਹੇ ਸੁਭਾਗੇ ਲੋਕ ਵਿਰਲੇ ਹਨ ਜਿਹੜੇ ਬਾਗ ਦੀ ਸੈਰ ਵੀ ਕਰ ਗਏ ਤੇ ਉਹਨਾਂ ਮਾਲਿਕ (ਪਰਮੇਸ਼ਰ) ਨੂੰ ਵੀ ਪਾ ਲਿਆ।

ਮਾਲੀ (ਗੁਰੂ) ਕੋਲ ਬੈਠ ਕੇ ਫੁਲਵਾੜੀ ਦੀ ਜਾਣਕਾਰੀ ਦਾ ਨਾਂ ਹੀ ਜੀਵਨ ਜੁਗਤਿ ਹੈ। ਇਸ ਜੀਵਨ ਜੁਗਤਿ ਦਾ ਪਹਿਲਾ ਸਬਕ ਹੈ "ਹੁਕਮਿ ਰਜਾਈ ਚਲਣਾ" (੧)। ਜਿਹੜੇ ਲੋਕ ਗ੍ਰਹਿਸਤ ਰੂਪ ਫੁੱਲਾਂ ਦੀ ਬਗੀਚੀ ਤੋਂ ਬਾਹਰ ਚਲੇ ਗਏ ਉਹ ਕੁਦਰਤ ਨਾਲ ਹੀ ਲੜਨ ਲੱਗ ਪਏ। ਕਿਸੇ ਨੇ ਸਾਰੀ ਜ਼ਿੰਦਗੀ ਕਾਮ ਨਾਲ ਲੜਦਿਆਂ, ਕਿਸੇ ਨੇ ਮੋਹ ਮਮਤਾ ਨਾਲ ਲੜਦਿਆਂ, ਕਿਸੇ ਨੇ ਹੰਕਾਰ ਨਾਲ ਲੜਦਿਆਂ, ਕਿਸੇ ਨੇ ਮਨ ਦੇ ਰਸਾਂ ਕਸਾਂ ਤੋਂ ਮੁਕਤੀ ਲਈ ਉਪਰਾਲੇ ਕਰਦਿਆਂ ਅਤੇ ਕਿਸੇ ਨੇ ਮਾਇਆ ਨੂੰ ਜਿੱਤਣ ਲਈ ਲੜਦਿਆਂ ਹੀ ਸਾਰੀ ਪੂੰਜੀ ਬਰਬਾਦ ਕਰ ਲਈ। ਪਤਾ ਉਦੋਂ ਲੱਗਾ ਜਦੋਂ ਲੜਾਈ ਵਿੱਚ ਵੀ ਸਫਲਤਾ ਨਾ ਮਿਲੀ ਕਿਉਂਕਿ

ਕਰਤੇ ਕੀ ਮਿਤਿ ਨ ਜਾਨੈ ਕੀਆ ॥ ਨਾਨਕ ਜੋ ਤਿਸੁ ਭਾਵੈ ਸੋ ਵਰਤੀਆ ॥੭॥

(ਪੰਨਾ ੨੮੫)

ਦੂਜੇ ਪਾਸੇ ਮਿਲਾਪ ਦੀ ਵਾਰੀ ਵੀ ਖਤਮ ਹੋ ਗਈ। ਪਰ ਹੁਕਮ ਰਜ਼ਾਈ

ਚਲਣ ਵਾਲਿਆਂ ਨੇ ਸਗੋਂ ਸਿੱਖ ਲਿਆ ਕਿ ਜਿਵੇਂ ਪਤੀ ਪਤਨੀ ਦਾ ਪਿਆਰ ਹੈ ਇਸੇ ਤਰ੍ਹਾਂ ਹੀ ਜੀਵ ਦਾ ਪ੍ਰੇਮ ਰੱਬ ਨਾਲ ਹੋਣਾ ਚਾਹੀਦਾ ਹੈ। ਇਸ ਫੁੱਲਾਂ ਦੀ ਵਾੜੀ ਭਾਵ ਗ੍ਰਹਿਸਤ ਵਿਚੋਂ ਹੀ ਸਾਰੀ ਸੋਝੀ ਹੋ ਗਈ।

"ਉਡਹੁ ਨ ਕਾਗਾ ਕਾਰੇ ॥ ਬੇਗਿ ਮਿਲੀਜੈ ਅਪੁਨੇ ਰਾਮ ਪਿਆਰੇ" ॥੧॥ ਰਹਾਉ ॥

(ਪੰਨਾ ੩੩੮)

"ਜਿਉ ਬਾਰਿਕੁ ਪੀ ਖੀਰੁ ਅਘਾਵੈ ॥ ਜਿਉ ਨਿਰਧਨੁ ਧਨੁ ਦੇਖਿ ਸੁਖੁ ਪਾਵੈ ॥
ਤ੍ਰਿਖਾਵੰਤਿ ਜਲੁ ਪੀਵਤ ਠੰਡਾ ਤਿਉ ਹਰਿ ਸੰਗਿ ਇਹੁ ਮਨੁ ਭੀਨਾ ਜੀਉ ॥"

(ਪੰਨਾ ੧੦੦)

ਪ੍ਰਭੂ ਮਿਲਾਪ ਦੀ ਲੋਚਾ ਨੇ ਹੀ ਪ੍ਰਭੂ ਮਿਲਾਪ ਕਰਵਾਉਣਾ ਹੈ। ਪਰ ਇਹ ਲੋਚ (ਖਿੱਚ) ਕਿਹੋ ਜਿਹੀ ਹੋਵੇ ਇਸ ਗੱਲ ਦੀ ਵਿਆਖਿਆ ਗ੍ਰਹਿਸਤੀ ਜੀਵਨ ਵਿਚੋਂ ਕਿੰਨੇ ਸੋਹਣੇ ਢੰਗ ਨਾਲ ਬਿਆਨ ਕੀਤੀ ਹੈ—

"ਐਸੀ ਪ੍ਰੀਤਿ ਗੋਵਿੰਦ ਸਿਉ ਲਾਗੀ ॥ ਮੇਲਿ ਲਏ ਪੂਰਨ ਵਡਭਾਗੀ ॥੧॥ ਰਹਾਉ ॥
ਭਰਤਾ ਪੇਖਿ ਬਿਗਸੈ ਜਿਉ ਨਾਰੀ ॥ ਤਿਉ ਹਰਿ ਜਨੁ ਜੀਵੈ ਨਾਮੁ ਚਿਤਾਰੀ ॥੧॥
ਪੂਤ ਪੇਖਿ ਜਿਉ ਜੀਵਤ ਮਾਤਾ ॥ ਓਤਿ ਪੋਤਿ ਜਨੁ ਹਰਿ ਸਿਉ ਰਾਤਾ ॥੨॥
ਲੋਭੀ ਅਨਦੁ ਕਰੈ ਪੇਖਿ ਧਨਾ ॥ ਜਨ ਚਰਨ ਕਮਲ ਸਿਉ ਲਾਗੋ ਮਨਾ ॥੩॥
ਬਿਸਰੁ ਨਹੀ ਇਕੁ ਤਿਲੁ ਦਾਤਾਰ ॥ ਨਾਨਕ ਕੇ ਪ੍ਰਭ ਪ੍ਰਾਨ ਅਧਾਰ ॥੪॥"

(ਪੰਨਾ ੧੯੮)

ਨਾਮ ਇਸ ਤਰ੍ਹਾਂ ਮਦਦ ਕਰਦਾ ਹੈ ਜਿਵੇਂ :

ਜੈਸੇ ਰਣ ਮਹਿ ਸਖਾ ਭ੍ਰਾਤ ॥ ਜੈਸੇ ਭੂਖੇ ਭੋਜਨ ਮਾਤ ॥

(ਪੰਨਾ ੬੮੭)

ਬੰਦਗੀ ਕਰਦਿਆਂ ਧਿਆਨ ਦੀ ਇਕਾਗਰਤਾ ਇਸ ਤਰ੍ਹਾਂ ਬਨਾਉਣੀ ਹੈ ਜਿਵੇਂ:-

ਬਾਣੀ ਨਾਮਦੇਉ ਜੀਉ ਕੀ ਰਾਮਕਲੀ ਘਰੁ ੧ ੧ੴ ਸਤਿਗੁਰ ਪ੍ਰਸਾਦਿ ॥
"ਆਨੀਲੇ ਕਾਗਦੁ ਕਾਟੀਲੇ ਗੂਡੀ, ਆਕਾਸ ਮਧੇ ਭਰਮੀਅਲੇ ॥
ਪੰਚ ਜਨਾ ਸਿਉ ਬਾਤ ਬਤਊਆ ਚੀਤੁ ਸੁ ਡੋਰੀ ਰਾਖੀਅਲੇ ॥੧॥
ਮਨੁ ਰਾਮ ਨਾਮਾ ਬੇਧੀਅਲੇ ॥ ਜੈਸੇ ਕਨਿਕ ਕਲਾ ਚਿਤੁ ਮਾਂਡੀਅਲੇ ॥੧॥ ਰਹਾਉ ॥
ਆਨੀਲੇ ਕੁੰਭੁ ਭਰਾਈਲੇ ਊਦਕ ਰਾਜ ਕੁਆਰਿ ਪੁਰੰਦਰੀਏ ॥
ਹਸਤ ਬਿਨੋਦ ਬੀਚਾਰ ਕਰਤੀ ਹੈ ਚੀਤੁ ਸੁ ਗਾਗਰਿ ਰਾਖੀਅਲੇ ॥੨॥
ਮੰਦਰੁ ਏਕੁ ਦੁਆਰ ਦਸ ਜਾ ਕੇ ਗਊ ਚਰਾਵਨ ਛਾਡੀਅਲੇ ॥
ਪਾਂਚ ਕੋਸ ਪਰ ਗਊ ਚਰਾਵਤ ਚੀਤੁ ਸੁ ਬਛਰਾ ਰਾਖੀਅਲੇ ॥੩॥

ਕਹਤ ਨਾਮਦੇਉ ਸੁਨਹੁ ਤਿਲੋਚਨ ਬਾਲਕੁ ਪਾਲਨ ਪਉੀਅਲੇ ॥
ਅੰਤਰਿ ਬਾਹਰਿ ਕਾਜ ਬਿਰੂਧੀ ਚੀਤੁ ਸੁ ਬਾਰਿਕ ਰਾਖੀਅਲੇ ॥੪॥੧॥"

(ਪੰਨਾ ੯੭੨)

ਪ੍ਰਭੂ ਮਿਲਾਪ ਦਾ ਕਿੰਨਾ ਚਾਅ ਹੋਵੇਗਾ ਜਿਨਾ ਇਕ ਬੱਚੀ ਦੇ ਮਨ ਵਿੱਚ ਕੰਤ ਸੁਹੇਲੜੇ ਦੇ ਘਰ ਜਾਣ ਦਾ ਚਾਅ ਹੁੰਦਾ ਹੈ। ਕਿਉਂਕਿ ਕੰਤ ਦਾ ਮਿਲਾਪ ਹੀ ਇਕ ਪੂਰਨ ਇਸਤ੍ਰੀ ਨੂੰ ਜਨਮ ਦਿੰਦਾ ਹੈ, ਕੰਤ ਦਾ ਮਿਲਾਪ ਹੀ ਮਾਂ ਵਰਗਾ ਮਿੱਠੜਾ ਫਰਜ਼ ਅਦਾ ਕਰਵਾਉਂਦਾ ਹੈ। ਕੰਤੁ ਦਾ ਮਿਲਾਪ ਹੀ ਸੁਹਾਗਣਿ ਸੋਭਾਵੰਤੀ ਹੋਣ ਦਾ ਮਾਣ ਬਖਸ਼ਦਾ ਹੈ। ਇਸੇ ਲਈ ਪ੍ਰਭੂ ਦੇ ਮਿਲਾਪ ਨਾਲ ਹੀ ਜੀਵ ਦੀ ਸੰਪੂਰਤਾ ਹੈ।

"ਸੰਬਤਿ ਸਾਹਾ ਲਿਖਿਆ ਮਿਲਿ ਕਰਿ ਪਾਵਹੁ ਤੇਲੁ ॥
ਦੇਹੁ ਸਜਣ ਅਸੀਸੜੀਆ ਜਿਉ ਹੋਵੈ ਸਾਹਿਬ ਸਿਉ ਮੇਲੁ ॥"

(ਪੰਨਾ ੧੨)

ਸੰਸਾਰ ਵਿੱਚ ਰਹਿਣ ਦੀ ਜੁਗਤਿ ਸਮਝਾਉਂਦਿਆਂ ਹਜ਼ੂਰ ਨੇ ਕਿੰਨਾ ਸੋਹਣਾ ਦ੍ਰਿਸਟਾਂਤ ਦਿਤਾ ਹੈ ਕਿ ਜਿਵੇਂ ਇਕ ਪ੍ਰਾਹੁਣਾ (ਮਹਿਮਾਨ) ਕਿਸੇ ਦੇ ਘਰ ਆਉਂਦਾ ਹੈ। ਕਿਵੇਂ ਉਹ ਸੰਕੋਚ ਕੇ ਜੀਵਨ ਗੁਜ਼ਾਰਦਾ ਹੈ, ਸੰਕੋਚ ਕੇ ਖਾਦਾ, ਸੰਕੋਚ ਕੇ ਬੋਲਦਾ, ਸੌਂਦਾ, ਵਿਹਾਰ ਕਰਦਾ ਖੁਸ਼ੀਆਂ ਭਰੀਆਂ ਗੱਲਾਂ ਕਰਦਾ ਹੈ। ਈਰਖਾ, ਵੈਰ ਵਿਰੋਧਤਾ ਨਹੀਂ ਕਰਦਾ, ਬੱਸ ਇਸ ਤਰ੍ਹਾਂ ਹੀ ਪ੍ਰਭੂ ਪ੍ਰੇਮ ਵਾਲਾ ਦੁਨੀਆਂ ਵਿੱਚ ਰਹਿੰਦਾ ਹੈ।

"ਜੈਸੇ ਰੈਣਿ ਪਰਾਹੁਣੇ ਉਠਿ ਚਲਸਹਿ ਪਰਭਾਤਿ ॥
ਕਿਆ ਤੂੰ ਰਤਾ ਗਿਰਸਤ ਸਿਉ ਸਭ ਫੁਲਾ ਕੀ ਬਾਗਾਤਿ ॥੨॥

(ਪੰਨਾ ੫੦)

ਭਾਵ ਐਸੀਆਂ ਹੋਰ ਅਣਗਿਣਤ ਉਦਾਹਰਣਾਂ ਹੋਰ ਵੀ ਮਿਲਦੀਆਂ ਹਨ, ਜਿਹੜੀਆਂ ਸ਼ੁਰੂ ਭਾਵੇਂ ਗ੍ਰਿਹਿਸਥ ਦੇ ਵਿਹੜੇ ਤੋਂ ਹੁੰਦੀਆਂ ਹਨ, ਪਰ ਭਾਵ ਅਰਥ ਕਰਕੇ ਪ੍ਰਭੂ ਮਿਲਾਪ ਦੀ ਜੁਗਤੀ ਬਿਆਨ ਕਰਦੀਆਂ ਹਨ। ਇਸ ਕਰਕੇ ਹੀ ਤਾਂ ਗ੍ਰਿਹਿਸਤੀ ਕਿਸੇ ਅਗੰਮੀ ਖੁਸ਼ੀ ਨੂੰ ਮਾਣਦਾ ਹੋਇਆ ਰੱਬੀ ਮਸਤੀ ਵਿੱਚ ਭਿੱਜਿਆ ਕਹਿ ਉਠਦਾ ਹੈ ਕਿ—

ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ ॥
ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ ॥

(ਪੰਨਾ ੫੨੨)

ਜਾਂ ਫਿਰ

ਸਤਿਗੁਰ ਕੀ ਐਸੀ ਵਡਿਆਈ ॥
ਪੁਤ੍ਰ ਕਲਤ੍ਰ ਵਿਚੇ ਗਤਿ ਪਾਈ ॥੨॥ *(ਪੰਨਾ ੬੬੧)*

ਕਿਸੇ ਉੱਚ ਪਦਵੀ ਤੇ ਪਹੁੰਚੇ ਪੁਰਖ ਦੀ ਜ਼ਿੰਦਗੀ ਉਸਦੇ ਦ ਪਿਛਲੇ ਪੜਾਵਾਂ ਦੀ ਵੀ ਵਿਆਖਿਆ ਨਾਲ-ਨਾਲ ਕਰਦੀ ਹੈ ਕਿ ਇਸਨੇ ਕਦੇ ਰੱਜ ਕੇ ਮਿਹਨਤ ਕੀਤੀ ਹੋਵੇਗੀ। ਫਿਰ ਦੂਜਾ ਪੜਾਅ ਕਦੇ ਪਰਚਾ (ਇਮਤਿਹਾਨ) ਦਿੱਤਾ ਹੋਵੇਗਾ, ਫਿਰ ਹੀ ਇਹ ਡਿਗਰੀ ਹੱਥ ਲਗਦੀ ਹੈ। ਜਿਸਨੇ ਕਦੇ ਪੜ੍ਹਾਈ ਹੀ ਨਹੀਂ ਕੀਤੀ, ਕਦੇ ਪਰਚਾ ਹੀ ਨਹੀਂ ਦਿੱਤਾ, ਉਸ ਨੇ ਡਿਗਰੀ ਵੀ ਫਰਜ਼ੀ ਹੀ ਬਣਾ ਲਈ ਹੋਵੇਗੀ।

ਗ੍ਰਿਹਸਤੀ ਪਹਿਲਾਂ ਪੜ੍ਹਾਈ ਕਰਦਾ ਹੈ, ਆਪਣੇ ਧੀਆਂ ਪੁੱਤਰ ਪਾਲਣੇ, ਫਿਰ ਜੀਵਨ ਦੀਆਂ ਔਕੜਾਂ ਵੇਲੇ ਪੈਂਦੇ ਪਰਚੇ ਵਿਚੋਂ ਇਮਾਨਦਾਰੀ ਬਰਕਰਾਰ ਰੱਖਕੇ ਪਾਸ ਹੋਣਾ। ਦੁਖ ਸੁਖ ਨੂੰ ਮਾਣਦਿਆਂ ਅਡੋਲ ਰਜ਼ਾ ਵਿੱਚ ਰਾਜ਼ੀ ਰਹਿਣਾ, ਇਹ ਪਰੀਖਿਆ ਵਿਚੋਂ ਪਾਸ ਹੋਣਾ ਬਹੁਤ ਔਖਾ ਹੈ। ਜਿਸਨੂੰ ਕਦੇ ਚੋਰੀ ਕਰਨ ਦਾ ਮੌਕਾ ਹੀ ਨਹੀਂ ਮਿਲਿਆ, ਉਹ ਕਿਵੇਂ ਆਖ ਸਕਦਾ ਹੈ ਕਿ ਮੈਂ ਚੋਰ ਨਹੀਂ ? ਜਿਸਨੂੰ ਕਦੇ ਵਿਕਾਰੀ ਹੋਣ ਦਾ ਮੌਕਾ ਹੀ ਨਹੀਂ ਮਿਲਿਆ, ਉਹ ਕਿਵੇਂ ਕਹਿ ਸਕਦਾ ਹੈ ਕਿ ਮੈਂ ਵਿਕਾਰਾਂ ਦਾ ਜੇਤੂ ਹਾਂ ? ਅਜਿਹੀ ਪ੍ਰੀਖਿਆ ਗ੍ਰਿਹਸਤੀ ਸਮਾਜ ਵਿੱਚ, ਘਰ ਪ੍ਰੀਵਾਰ ਵਿੱਚ ਰਹਿੰਦਿਆਂ, ਹਰ ਰੋਜ਼ ਦਿੰਦਾ ਹੈ।

ਜਿਉਂਦਿਆਂ ਜੀਅ ਹੀ ਮੁਕਤਿ ਹੋ ਕੇ ਫਿਰ ਅਸਲੀ ਮੁਕਤੀ ਦੀ ਦਾਤ ਨਸੀਬ ਹੁੰਦੀ ਹੈ। ਕਦੇ ਇਨ੍ਹਾਂ ਅੱਖਰਾਂ ਵੱਲ ਗਹਿਰਾਈ ਨਾਲ ਦ੍ਰਿਸ਼ਟੀ ਧਾਰਨ ਕਰਨਾ। ਜੀਵਨ ਮੁਕਤਿ ਸ਼ਬਦ ਟੁੱਟਕੇ ਹੀ ਅਸਲ ਮੁਕਤੀ ਬਣਦਾ ਹੈ। ਪਹਿਲਾ ਸ਼ਬਦ ਹੈ ਜੀਵਨ ਮੁਕਤ ਫਿਰ ਬਦਲ ਕੇ ਬਣ ਜਾਂਦਾ ਹੈ ਜੀਵ-ਨ-ਮੁਕਤਿ ਜਿਸ ਦਾ ਅਰਥ ਹੈ ਕਿ ਹੁਣ ਜੀਵ ਨਹੀਂ ਹੁਣ ਤਾਂ ਮੁਕਤ ਹੋ ਕੇ ਪ੍ਰਮੇਸ਼ਰ ਰੂਪ ਬਣ ਗਿਆ ਹੈ।

ਰੱਬ ਦੇ ਮਿਲਾਪ ਦੀ ਤਾਂ ਗੱਲ ਮਗਰੋਂ ਹੈ ਗ੍ਰਿਹਸਤੀ ਤੋਂ ਭਗੌੜਾ ਤਾਂ ਪਹਿਲਾਂ ਉਨ੍ਹਾਂ ਵਲੋਂ ਹੀ ਅਕ੍ਰਿਤਘਣ ਹੈ, ਜਿਨ੍ਹਾਂ ਨੇ ਜਨਮ ਦੇ ਕੇ ਫਿਰ ਦੁਖਾਂ ਸੁਖਾਂ ਨਾਲ ਪਾਲਿਆ, ਇਸ ਨੇ ਤਾਂ ਪ੍ਰਤੱਖ ਦਿਸਦੇ ਸੰਸਾਰ ਵਾਲਿਆਂ ਨਾਲ ਵਫਾਦਾਰੀ ਨਹੀਂ ਕੀਤੀ ਫਿਰ ਰੱਬ ਦਾ ਵੀ ਸ਼ਰੀਕ ਬਣ ਬੈਠਾ। ਰੱਬ ਨਾਲ ਵੀ ਲੜਾਈ ਛੇੜ ਲਈ ਕਦੇ ਮੋਨੀ ਹੋ ਕੇ ਸਾਂਈਂ ਨੂੰ ਮਾਨੋ ਆਖਦਾ ਹੈ ਕਿ ਤੂੰ ਜੀਭ ਗਲਤ ਲਾਈ ਹੈ, ਜੀਵ ਨੂੰ ਬੋਲਣ ਦੀ ਲੋੜ ਨਹੀਂ। ਰੋਟੀ ਪ੍ਰਸ਼ਾਦਾ ਪਾਣੀ ਕਿਉਂ ਬਣਾਏ? ਘਰ ਬਾਰ, ਗ੍ਰਿਹਸਤੀ ਕਿਉਂ ਬਣਾਏ ਜੀਵ ਨੂੰ ਇਸ ਵਿੱਚ ਰਹਿਣ ਦੀ ਲੋੜ ਨਹੀਂ। ਜਦਕਿ ਆਪਣੀਆਂ ਲੋੜਾਂ ਦੀ ਪੂਰਤੀ ਗ੍ਰਿਹਸਤੀ ਦੇ ਬੂਹੇ ਤੋਂ :-

ਜੈਸੇ ਪ੍ਰਾਤ ਸਮੈ ਖਗ ਜਾਤ ਉਡਿ ਬਿਰਖ ਸੈ,
ਬਹੁਰਿ ਆਇ ਬੈਠਿਤ ਬਿਰਖ ਹੀ ਮੈ ਆਇ ਕੈ॥

ਚੀਟੀ ਚੀਟਾ ਬਿਲ ਸੈ ਨਿਕਸਿ ਧਰ ਗਵਨ ਕਰੈ,
ਬਹੁਰਿਓ ਪੈਸਤਿ ਜੈਸੇ ਬਿਲ ਹੀ ਮੈ ਜਾਇ ਕੈ ॥
ਲਰਿਕੈ ਲਰਿਕਾ ਰੂਠਿ ਜਾਤ ਤਾਤ ਮਾਤ ਸਨ,
ਭੂਖ ਲਾਗੈ ਤਿਆਗੈ ਹਠੁ ਆਵੈ ਪਛੁਤਾਇ ਕੈ ॥
ਤੈਸੇ ਗ੍ਰਿਹ ਤਿਆਗਿ ਭਾਗਿ ਜਾਤ ਉਦਾਸ ਬਾਸ,
ਆਸਰੋ ਤਕਤ ਪੁਨਿ ਗ੍ਰਿਹਸਤ ਕੋ ਧਾਇ ਕੈ ॥੫੪੮॥

(ਭਾਈ ਗੁਰਦਾਸ ਜੀ)

ਇਸ ਲਈ ਜਿਸ ਨੂੰ ਨਿਰਬਾਹ ਕਰਨ ਦੀ ਜਾਚ ਆ ਗਈ, ਉਸ ਲਈ ਤਾਂ ਫਿਰ ਘਰ ਹੀ ਜੰਗਲ ਵਾਂਗ ਰਹਿਣਾ ਸਿਖਾ ਸਕਦਾ ਹੈ ।

"ਰੇ ਮਨ ਐਸੋ ਕਰਿ ਸੰਨਿਆਸਾ ॥
ਬਨ ਸੇ ਸਦਨ ਸਭੈ ਕਰਿ ਸਮਝਹੁ ਮਨ ਹੀ ਮਾਹਿ ਉਦਾਸਾ ॥

(ਸਬਦ ਹਜਾਰੇ ਪਾ: ੧੦)

ਸਤਿਗੁਰੂ ਜੀ ਨੇ ਆਪ ਗ੍ਰਹਿਸਤ ਧਾਰਨ ਕੀਤਾ, ਆਪਣੇ ਬੱਚਿਆਂ ਦੇ ਸਾਕ ਰਿਸ਼ਤੇ ਕੀਤੇ, ਵਿਆਹ ਕੀਤੇ, ਕਈ ਗੁਰੂ ਸਿਖਾਂ ਦੇ ਵਿਆਹ ਕੀਤੇ, ਇਥੋਂ ਤੱਕ ਜਿਸ ਗਰੀਬ ਦੀ ਲੜਕੀ ਜਾਂ ਲੜਕਾ ਵਿਆਹਣ ਯੋਗ ਹੁੰਦਾ ਪਰ ਉਸ ਕੋਲ ਸਮਰੱਥਾ ਨਾ ਹੁੰਦੀ ਤਾਂ ਅਜਿਹੇ ਬਹੁਤ ਵਾਰੀ ਵਿਆਹ ਗੁਰੂ ਘਰ ਵਲੋਂ ਕੀਤੇ ਜਾਂਦੇ ਸਨ। ਭਾਈ ਮਨਸੁਖ ਕੋਲੋਂ ਭਾਈ ਭਗੀਰਥ ਦਾ ਰਸਦ ਲਿਆਉਣ ਗਇਆਂ ਦਾ ਹੀ ਮਿਲਾਪ ਹੋਇਆ ਸੀ । ਇਹ ਰਸਦ ਬ੍ਰਹਮਣ ਦੀ ਲੜਕੀ ਲਈ ਵਰਤਣੀ ਸੀ । ਸੋ ਪ੍ਰਭੂ ਪ੍ਰਾਪਤੀ ਲਈ ਗ੍ਰਹਿਸਤੀ ਮਾਰਗ ਤੋਂ ਸੌਖਾ ਹੋਰ ਕੋਈ ਰਾਹ ਨਹੀਂ ।

ਇਕ ਵਿਦਵਾਨ ਪੁਰਖ ਦਾ ਬਚਨ ਹੈ ਕਿ—

"ਕਾਹੇ ਕੋ ਤੂ ਘਰ ਛੋਡਾ, ਕਾਹੇ ਕੋ ਘਰਨਿ ਛੋਡੀ, ਕਾਹੇ ਕੋ ਇਜ਼ਤ ਖੋਈ ਦਰਬੇਸ ਬਾਨੇ ਕੀ ॥ ਕਾਹੇ ਕੋ ਤੂ ਨੰਗਾ ਹੁਆ, ਕਾਹੇ ਕੋ ਬਿਭੂਤਿ ਲਾਈ, ਕਾਨੇ ਸੀਖ ਦਈ ਤੁਝੈ ਜੰਗਲ ਮੈਂ ਜਾਨੇ ਕੀ ॥ ਆਦਤ ਕੋ ਛੋਡ ਦੇਤਾ, ਪਰੇਸ਼ਾਨ ਮਤ ਹੋਤਾ, ਸੀਖ ਸੁਨ ਲੇਤਾ ਤੂ ਚਤਰ ਸਿੰਘ ਰਾਨੇ ਕੀ ॥ ਗੋਸ਼ਾ ਜਾਇ ਏਕਲੇਤਾ, ਖਾਨੇ ਕੋ ਖੁਦਾਇ ਦੇਤਾ, ਜਾਤੀ ਮਿਤ ਚਿੰਤਾ ਰੇ ਫਕੀਰ, ਖਾਨੇ ਦਾਨੇ ਕੀ ॥

(ਗੋਸ਼ੇ ਦਾ ਅਰਥ ਕਿਨਾਰਾ)

*

ਪ੍ਰਕਰਮਾ ਦਾ ਭਾਵ ਅਤੇ ਰਹਿਤ ਮਰਿਆਦਾ

ਆਸਾ ਕੀ ਵਾਰ ਦਾ ਕੀਰਤਨ ਹਰ ਰੋਜ਼ ਗੁਰੂ ਘਰ ਵਿੱਚ ਨਿਤਨੇਮ ਨਾਲ ਕੀਤਾ ਜਾਂਦਾ ਹੈ। ਵੈਸੇ ਤਾਂ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀ ਬਾਣੀ ਵਿੱਚ ਕੁਲ 22 ਵਾਰਾਂ ਹਨ ਪਰ ਰੋਜ਼ਾਨਾ ਕੀਰਤਨ ਦੁਆਰਾ ਨਿਤਨੇਮ ਲਈ ਇਹੋ ਹੀ ਗੁਰੂ ਮੁੱਢ-ਕਦੀਮਾਂ ਤੋਂ ਗਾਈ ਜਾਂਦੀ ਹੈ। ਆਸਾ ਕੀ ਵਾਰ ਵਿਚੋਂ ਹੀ ਇਹ ਬਚਨ ਸ੍ਰਵਣ ਕਰਦਿਆਂ ਕਿ :

ਭੈ ਵਿਚਿ ਪਵਣੁ ਵਹੈ ਸਦਵਾਉ ॥
ਭੈ ਵਿਚਿ ਚਲਹਿ ਲਖ ਦਰੀਆਉ ॥
ਭੈ ਵਿਚਿ ਅਗਨਿ ਕਢੈ ਵੇਗਾਰਿ ॥
ਭੈ ਵਿਚਿ ਧਰਤੀ ਦਬੀ ਭਾਰਿ ॥
ਭੈ ਵਿਚਿ ਇੰਦੁ ਫਿਰੈ ਸਿਰ ਭਾਰਿ ॥
ਭੈ ਵਿਚਿ ਰਾਜਾ ਧਰਮ ਦੁਆਰੁ ॥
ਭੈ ਵਿਚਿ ਸੂਰਜੁ ਭੈ ਵਿਚਿ ਚੰਦੁ ॥
ਕੋਹ ਕਰੋੜੀ ਚਲਤ ਨ ਅੰਤੁ ॥
ਭੈ ਵਿਚਿ ਸਿਧ ਬੁਧ ਸੁਰ ਨਾਥ ॥
ਭੈ ਵਿਚਿ ਆਡਾਣੇ ਆਕਾਸ ॥
ਭੈ ਵਿਚਿ ਜੋਧ ਮਹਾਬਲ ਸੂਰ ॥
ਭੈ ਵਿਚਿ ਆਵਹਿ ਜਾਵਹਿ ਪੂਰ ॥
ਸਗਲਿਆ ਭਉ ਲਿਖਿਆ ਸਿਰਿ ਲੇਖੁ ॥
ਨਾਨਕ ਨਿਰਭਉ ਨਿਰੰਕਾਰੁ ਸਚੁ ਏਕੁ ॥੧॥

(ਪੰਨਾ ੪੬੪)

ਸਪੱਸ਼ਟ ਹੋ ਜਾਂਦਾ ਹੈ ਸਮੁੱਚੀ ਕਾਇਨਾਤ ਹੀ ਚਲਾਇਮਾਨ ਹੈ। ਇਹ ਚਲਾਇਮਾਨ ਵੀ ਕਿਸੇ ਨੇਮ-ਬੱਧ ਹੈ, ਕੋਈ ਬੇਤਰਤੀਬੀ ਭਟਕਣਾ ਨਹੀਂ ਬਲਕਿ "ਸਗਲ ਸਮਗ੍ਰੀ ਤੁਮਰੈ ਸੂਤ੍ਰਿ ਧਾਰੀ ॥ ਤੁਮ ਤੇ ਹੋਇ ਸੁ ਆਗਿਆਕਾਰੀ ॥" ਇਸ ਮਰਿਯਾਦਾ ਦਾ ਅਸਲ ਵਿਚ ਅਰਥ ਹੈ ਕਿ ਹਰ ਛੋਟੀ ਚੀਜ਼ ਆਪਣੇ ਤੋਂ ਵੱਡੇ ਆਪਣੇ ਅਸਲੇ ਦੁਆਰਾ ਪ੍ਰਕਰਮਾ ਕਰਦੀ ਹੈ। ਦੋ ਗੱਲਾਂ ਨੂੰ ਤਾਂ ਅੱਜ ਮੋਟੇ ਤੌਰ ਤੇ ਹਰ ਕੋਈ ਹੀ ਜਾਣਦਾ ਹੈ। ਜਦੋਂ ਕਦੇ ਚੰਦਰਮਾਂ ਨੂੰ ਗ੍ਰਹਿਣ ਲੱਗਦਾ ਹੈ ਜਾਂ

ਇਹੋ ਕਿਰਿਆ ਕਦੇ ਸੂਰਜ ਤੇ ਵਾਪਰਦੀ ਹੈ। ਇਹ ਗ੍ਰਹਿਣ ਲੱਗਦਾ ਹੀ ਉਦੋਂ ਹੈ, ਜਦੋਂ ਇਹ ਕਾਇਨਾਤ ਦੇ ਅੰਗ ਪ੍ਰਕਰਮਾਂ ਕਰਦਿਆਂ ਹੋਇਆਂ ਇਕ ਦੂਸਰੇ ਦੀ ਸੇਧ ਵਿੱਚ ਆ ਕੇ ਕੁਝ ਹਿੱਸੇ ਉਤੇ ਆਪਣੀ ਪ੍ਰਛਾਈ ਛੱਡਦੇ ਹਨ। ਬਾਕੀ ਧਰਮਾਂ ਵਿੱਚ ਇਸ ਦੀ ਖਾਸ ਮਹਾਨਤਾ ਹੋਣ ਕਰਕੇ ਇਸ ਦਿਨ ਦਾਨ ਪੁੰਨ ਕਰਨਾ ਤੀਰਥੀਂ ਇਸ਼ਨਾਨ ਕਰਕੇ ਆਦਿਕ ਪੁੰਨ ਕਰਮ ਸਮਝ ਕੇ ਕੀਤੇ ਜਾਂਦੇ ਹਨ ਪਰ ਸਿੱਖ ਨੂੰ ਗੁਰੂ ਪਾਤਿਸ਼ਾਹ ਨੇ ਕੁਦਰਤ ਤੋਂ ਬਲਿਹਾਰੇ ਜਾਣ ਲਈ ਤਾਂ ਪ੍ਰੇਰਨਾ ਬਖਸ਼ੀ ਹੈ। ਪਰ ਸਿਖ ਪੂਜਦਾ ਕੁਦਰਤ ਨੂੰ ਨਹੀਂ ਬਲਕਿ ਪੂਜਦਾ ਕਾਦਰ ਨੂੰ ਹੀ ਹੈ। ਇਸ ਲਈ ਇਹ ਇਸ ਭਰਮ ਦਾ ਸ਼ਿਕਾਰ ਨਾ ਹੋ ਕੇ ਬਲਕਿ ਸਿਖਿਆ ਲੈਂਦਾ ਹੈ ਕਿ ਮੈਂ ਵੀ ਆਪਣੇ ਸਤਿਗੁਰੂ ਜੀ ਤੋਂ ਬਲਿਹਾਰ ਜਾਂਦਾ ਹੋਇਆ ਪ੍ਰਕਰਮਾਂ ਕਰਦਾ ਹਾਂ। ਹੋ ਸਕਦਾ ਹੈ ਕਿ ਕਦੇ ਮੇਰੀ ਜ਼ਿੰਦਗੀ ਵਿੱਚ ਵੀ ਉਹ ਸੁਭਾਗਾ ਦਿਨ ਆ ਜਾਵੇ ਜਿਸ ਦਿਨ, ਗੁਰੂ ਪਰਮੇਸ਼ਰ ਅਤੇ ਸਿਖ ਇਕ ਦਿਸ਼ਾ ਵਿੱਚ ਹੋ ਜਾਣ ਅਤੇ ਮੇਰੇ ਅੰਦਰ ਸੱਚੀ ਪ੍ਰਛਾਈ ਨਾਲ ਕਰਤੇ ਪੁਰਖ ਦੀ ਬਖਸ਼ਿਸ਼ ਦਾ ਰੰਗ ਲੱਗ ਜਾਵੇ।

ਪ੍ਰਕਰਮਾਂ ਦੀ ਮਰਿਯਾਦਾ ਐਵੇਂ ਦੇਖਾ ਦੇਖੀ ਪ੍ਰਚਲਤ ਹੋਈ ਰੀਤ ਨਹੀਂ ਬਲਕਿ ਗੁਰੂ ਪਾਤਿਸ਼ਾਹ ਜੀ ਦੇ ਵੇਲੇ ਤੋਂ ਹੀ ਚਲੀ ਆ ਰਹੀ ਹੈ। ਜਦੋਂ ਵੀ ਗੁਰਗੱਦੀ ਬਖਸ਼ੀ ਜਾਂਦੀ ਸੀ ਤਾਂ ਬਾਕੀ ਮਰਿਯਾਦਾ ਦੇ ਨਾਲ ਨਾਲ ਗੁਰੂ ਸਾਹਿਬ ਜੀ ਦੁਆਲੇ ਫਿਰ ਪ੍ਰਕਰਮਾ ਵੀ ਕੀਤੀ ਜਾਂਦੀ ਸੀ। ਜਿਸ ਗੱਲ ਤੇ ਅੱਜ ਵੀ ਇਤਿਹਾਸ ਆਪਣੀ ਹੋਂਦ ਦੀ ਮੁਹਰ ਲਗਾਉਂਦਾ ਹੈ। ਸ੍ਰੀ ਹਰਿਮੰਦਰ ਸਾਹਿਬ ਜੀ ਅੰਦਰ ਛੱਡੀ ਹੋਈ ਬਕਾਇਦਾ ਥਾਂ ਹੀ ਪ੍ਰਕਰਮਾ ਦੀ ਥਾਂ ਕਹਿਲਾਉਂਦੀ ਹੈ। ਹੋਰ ਵੀ ਅਜਿਹੇ ਅਨੇਕਾਂ ਗੁਰੂ ਅਸਥਾਨ ਹਨ, ਜਿਨ੍ਹਾਂ ਦੀ ਸਥਾਪਨਾ ਵੀ ਗੁਰੂ ਸਾਹਿਬ ਜੀ ਦੇ ਸਗੀਰਕ ਜਾਮੇ ਸਮੇਂ ਹੋਈ ਅਤੇ ਪ੍ਰਕਰਮਾ ਲਈ ਬਕਾਇਦਾ ਥਾਂ ਛੱਡੀ ਹੋਈ ਮਿਲਦੀ ਹੈ। ਭਾਈ ਗੁਰਦਾਸ ਜੀ ਦੇ ਬਚਨ ਹਨ ਕਿ :

"ਚਿਰੰਕਾਲ ਮਾਨਸ ਜਨਮ ਨਿਰਮੋਲ ਪਾਏ,
ਸਫਲ ਜਨਮ ਗੁਰ ਚਰਨ ਸਰਨ ਕੈ ॥
ਲੋਚਨ ਅਮੋਲ ਗੁਰਦਰਸ ਅਮੋਲ ਦੇਖੇ,
ਸ੍ਰਵਨ ਅਮੋਲ ਗੁਰ ਬਚਨ ਧਰਨ ਕੈ ॥
ਨਾਸਕਾ ਅਮੋਲ ਚਰਨਾਰ ਬਿੰਦ ਬਾਸਨਾ ਕੈ,
ਰਸਨਾ ਅਮੋਲ ਗੁਰ ਮੰਤ੍ਰ ਸਿਮਰਨ ਕੈ ॥
ਹਸਤ ਅਮੋਲ ਗੁਰ ਦੇਵ ਸੇਵ ਸਫਲ ਕੈ,
ਚਰਨ ਅਮੋਲ ਪਰਦਖਨਾ ਕਰਨ ਕੈ ॥੯॥

ਆਮ ਸੰਸਾਰੀ ਬੰਦੇ ਸੋਹਣਾ ਜਾਂ ਚੰਗਾ ਬਣਨ ਦੀ ਭਾਵਨਾ ਨਾਲ ਬਹੁਤ ਕੁਝ

ਕਰਦੇ ਨਜ਼ਰ ਆਉਂਦੇ ਹਨ, ਪਰ ਸਿੱਖ ਤਾਂ ਸ਼ੋਭਨੀਕ ਹੀ ਉਦੋਂ ਹੁੰਦਾ ਹੈ ਜਦੋਂ

> ਪਾਵ ਸੁਹਾਵੇ ਜਾਂ ਤਉ ਧਿਰਿ ਜੁਲਦੇ
> ਸੀਸੁ ਸੁਹਾਵਾ ਚਰਣੀ।
> ਮੁਖੁ ਸੁਹਾਵਾ ਜਾਂ ਤਉ ਜਸੁ ਗਾਵੈ
> ਜੀਉ ਪਇਆ ਤਉ ਸਰਣੀ॥

(ਪੰਨਾ ੯੬੪)

ਭਾਈ ਗੁਰਦਾਸ ਜੀ ਹੀ ਇਕ ਹੋਰ ਬਚਨ ਬੜਾ ਪਿਆਰਾ ਕਰਦੇ ਹਨ ਕਿ ਆਮ ਸੰਸਾਰੀ ਜੀਵ ਜ਼ਿੰਦਗੀ ਦੇ ਦਿਨ ਬਤੀਤ ਕਰਦੇ ਹਨ, ਪਰ ਸਿੱਖਾ ਸਿੱਖੀ ਦਾ ਕਰਮ ਕੇਵਲ ਜ਼ਿੰਦਗੀ ਬਸਰ ਕਰਨਾ ਨਹੀਂ, ਬਲਕਿ ਸਫਲ ਕਰਨਾ ਹੈ। ਇਹ ਸਫਲ ਹੁੰਦੀ ਹੈ ਜੇਕਰ ਲਿਵ ਗੁਰੂ ਚਰਨਾਂ ਵਿੱਚ ਜੁੜ ਜਾਵੇ, ਦ੍ਰਿਸ਼ਟੀ ਸਫਲ ਉਦੋਂ ਹੈ ਜਦੋਂ ਗੁਰੂ ਦੀਦਾਰਾਂ ਨਾਲ ਅਨੰਦ ਮਾਣਦੀ ਹੈ। ਸੁਰਤਿ ਸਫਲ ਹੈ ਜੇ ਕੰਨਾਂ ਰਾਹੀਂ ਸ਼ਬਦ ਸੁਣ, ਫਿਰ ਅੰਦਰ ਵਸਾ ਕੇ ਬਾਹਰ ਕਾਰਜਾਂ ਵਿੱਚ ਵਿਚਰਦਿਆਂ ਸੁਰਤੀ ਉਸੇ ਸ਼ਬਦ ਵਿੱਚ ਜੁੜੀ ਰਵ੍ਹੇ ਅਤੇ ਰਸਨਾ ਉਸ ਸ਼ਬਦ ਨੂੰ ਗਾ ਗਾ ਕੇ ਅੰਮ੍ਰਿਤ ਰਸ ਪੀਂਦੀ ਰਵ੍ਹੇ। ਹੱਥ ਉਹੋ ਸਫਲ ਹਨ ਜਿਹੜੇ ਗੁਰੂ ਚਰਨਾਂ ਵਿੱਚ ਪ੍ਰਣਾਮ ਕਰਨ ਲੱਗਿਆਂ ਜੁੜ ਜਾਣ ਤੇ ਅੰਦਰਲੇ ਨੂੰ ਜੁੜਨ ਦੀ ਭਾਵਨਾ ਪੈਦਾ ਕਰਨ। ਇਸੇ ਤਰ੍ਹਾਂ ਪੈਰ ਉਹੋ ਸਫਲ ਹਨ, ਜਿਹੜੇ ਗੁਰੂ ਜੀ ਦੀ ਪਰਦਛਣਾ ਕਰਦੇ ਹਨ। ਬਚਨ ਹਨ :

> ਸਫਲੁ ਜਨਮੁ ਗੁਰ ਚਰਨ ਸ਼ਰਨ ਲਿਵ,
> ਸਫਲ ਦ੍ਰਿਸਟਿ ਗੁਰ ਦਰਸ ਅਲੋਈਐ॥
> ਸਫਲ ਸੁਰਤਿ ਗੁਰ ਸ਼ਬਦ ਸੁਨਤ ਨਿਤ,
> ਜਿਹਬਾ ਸਫਲ ਗੁਨ ਨਿਧਿ ਗੁਨ ਗੋਈਐ॥
> ਸਫਲ ਹਸਤ ਗੁਰ ਚਰਨ ਪੂਜਾ ਪ੍ਰਨਾਮ,
> ਸਫਲ ਚਰਨ ਪਰਦਛਨਾਂ ਕੈ ਪੋਈਐ॥
> ਸੰਗਮ ਸਫਲ ਸਾਧ ਸੰਗਤਿ ਸਹਜ ਘਰਿ,
> ਹਿਰਦਾ ਸਫਲ ਗੁਰਮਤਿ ਕੈ ਸਮੋਈਐ॥੪੯੯॥

(ਕਬਿੱਤ, ੪੯੯)

ਪਰਕਰਮਾ ਦੀ ਮਰਿਯਾਦਾ ਦਾ ਜ਼ਿਕਰ ਕਰਦਿਆਂ ਭਾਈ ਕਾਨ੍ਹ ਸਿੰਘ ਨਾਭਾ ਜੀ ਨੇ ਜ਼ਿਕਰ ਕੀਤਾ ਹੈ ਕਿ ਆਪਣਾ ਸੱਜਾ ਪਾਸਾ ਇਸ਼ਟ ਵੱਲ ਭਾਵ ਗੁਰੂ ਪਾਤਿਸ਼ਾਹ ਜੀ ਵੱਲ ਕਰਕੇ ਚਾਰੇ ਪਾਸੇ ਫਿਰਨ (ਤੁਰਨ) ਦਾ ਨਾਉਂ ਪਰਕਰਮਾ ਕਰਨਾ ਹੈ। ਹਿੰਦੂ ਮੱਤ ਵਿੱਚ ਜਿਸ ਤਰ੍ਹਾਂ ਦੇਵੀ ਦੀ ਇਕ, ਸੂਰਜ ਦੀਆਂ ਸੱਤ, ਗਣੇਸ਼ ਦੀਆਂ

ਤਿੰਨ, ਵਿਸ਼ਨੂੰ ਦੀਆਂ ਚਾਰ ਅਤੇ ਸ਼ਿਵ ਜੀ ਦੀ ਅੱਧੀ ਪ੍ਰਕਰਮਾ ਹੈ ਪਰ ਸਿੱਖ ਜਗਤ ਵਿੱਚ ਇਸ ਤਰ੍ਹਾਂ ਦੀ ਕੋਈ ਮਰਿਯਾਦਾ ਨਹੀਂ। ਇਥੇ ਤਾਂ ਭਾਵ ਇਹ ਹੈ ਕਿ ਹੇ ਸਤਿਗੁਰੂ ਜੀ ਮੈਂ ਆਪਣਾ ਆਪਾ ਆਪ ਜੀ ਤੋਂ ਕੁਰਬਾਨ ਕਰਦਾ ਹਾਂ।

ਲਾਵਾਂ ਲੈਂਦਿਆਂ ਜਿਥੇ ਵਿਆਹ ਦੀ ਮਰਿਯਾਦਾ ਨਿਭਾਈ ਜਾਂਦੀ ਹੈ ਉਥੇ ਸਿੱਖ ਸਿੱਖਣੀ ਸਾਹਿਬ ਸਤਿਗੁਰੂ ਜੀ ਦੁਆਲੇ ਪਰਕਰਮਾ ਕਰਦਿਆਂ ਅੱਜ ਵਾਅਦਾ ਕਰਦੇ ਹਨ ਕਿ ਅਸੀਂ ਆਪ ਜੀ ਨੂੰ ਸਭ ਤੋਂ ਉੱਚਾ, ਸੁੱਚਾ ਓਤੇ ਦਰਗਾਹੀ ਵਿਚੋਲਾ ਜਾਣ ਕੇ ਇਕ ਦੂਜੇ ਦਾ ਲੜ ਪਕੜ ਕੇ ਜ਼ਿੰਦਗੀ ਭਰ ਦੇ ਨਿਰਬਾਹ ਦਾ ਪ੍ਰਣ ਕਰਦੇ ਹਾਂ। ਇਕ ਦੂਜੇ ਦੀ ਵਫਾਦਾਰੀ, ਦੁੱਖਾਂ ਸੁਖਾਂ ਦਾ ਸਾਥ, ਗਰੀਬੀ, ਅਮੀਰੀ ਵਿੱਚ ਹਮਰਾਜ਼ ਹੋ ਕੇ ਤੁਹਾਨੂੰ ਸਾਥੀ ਬਣਾ ਕੇ ਇਕ ਦੂਜੇ ਦੇ ਸਾਥੀ ਹੋਣ ਦਾ ਪ੍ਰਣ ਕਰਦੇ ਹਾਂ। ਮਨ ਆਪ ਹੀ ਆਪਣੇ ਬਣਾਏ ਫੈਸਲੇ ਸੁਬ੍ਹਾ, ਸ਼ਾਮ ਭਾਵ ਜਦ ਦਿਲ ਕਰੇ ਬਦਲ ਲੈਂਦਾ ਹੈ, ਪਰ ਇਹ ਫੈਸਲੇ ਅਸੀਂ ਲੰਮੇ ਨਿਰਬਾਹ ਲਈ ਤੁਹਾਡੇ ਚਰਨਾਂ ਵਿੱਚ ਕਰਦੇ ਹਾਂ। ਧੰਨ ਗੁਰੂ ਰਾਮਦਾਸ ਜੀ ਦੀ ਪਵਿੱਤਰ ਬਖਸ਼ਿਸ਼ ਲਾਵਾਂ ਚਾਰ ਹੋਣ ਕਰਕੇ ਪ੍ਰਕਰਮਾ ਵੀ ਚਾਰ ਹੀ ਲਾਈਆਂ ਜਾਂਦੀਆਂ ਹਨ। ਇਨ੍ਹਾਂ ਲਾਵਾਂ ਦੀਆਂ ਪਵਿੱਤਰ ਪੰਕਤੀਆਂ ਦੇ ਅਖੀਰ ਵਿੱਚ ਵੀ ਸ਼ਬਦ ਬਲਿਰਾਮ ਜੀਉ ਦਾ ਅਰਥ ਵੀ ਇਹੋ ਹੈ ਕਿ ਹੇ ਨਿਰੰਕਾਰ ਜੀ ! ਮੈਂ ਤੈਥੋਂ ਬਲਿਹਾਰ ਜਾਂਦਾ ਹਾਂ, ਕੁਰਬਾਨ ਜਾਂਦਾ ਹਾਂ।

ਅਨੰਦ ਕਾਰਜ ਦੀ ਰਸਮ ਲਈ ਪੂਰਨ ਮਰਿਯਾਦਾ ਦਾ ਵਿਧਾਨ ਜਿਹੜਾ ਸਿੱਖ ਪੰਥ ਦੇ ਦਰਦੀਆਂ ਨੇ ਸਿੱਖ ਰਹਿਤ ਮਰਿਯਾਦਾ ਵਿੱਚ ਅੰਕਿਤ ਕੀਤਾ ਹੈ, ਉਹੋ ਹੀ ਅੱਗੇ ਹੂ-ਬ-ਹੂ ਅੰਕਿਤ ਕੀਤਾ ਹੈ।

ਅਨੰਦ ਸੰਸਕਾਰ

(ੳ) ਸਿਖ ਸਿਖਣੀ ਦਾ ਵਿਆਹ, ਬਿਨਾਂ ਜ਼ਾਤ-ਪਾਤ, ਗੋਤ ਵਿਚਾਰੇ ਦੇ ਹੋਣਾ ਚਾਹੀਏ।

(ਅ) ਸਿੱਖ ਦੀ ਪੁੱਤਰੀ ਦਾ ਵਿਆਹ ਸਿੱਖ ਨਾਲ ਹੀ ਹੋਵੇ।

(ੲ) ਸਿੱਖ ਦਾ ਵਿਆਹ 'ਅਨੰਦ' ਰੀਤੀ ਨਾਲ ਕਰਨਾ ਚਾਹੀਏ।

(ਸ) ਲੜਕੀ ਲੜਕੇ ਦਾ ਵਿਆਹ ਬਚਪਨ ਵਿੱਚ ਕਰਨਾ ਵਿਵਰਜਿਤ ਹੈ।

(ਹ) ਜਦ ਲੜਕੀ ਸ਼ਰੀਰ, ਮਨ ਤੇ ਆਚਾਰ ਕਰਕੇ ਵਿਆਹ ਕਰਨ ਦੇ ਯੋਗ ਹੋ ਜਾਵੇ, ਤਾਂ ਕਿਸੇ ਯੋਗ ਸਿੱਖ ਨਾਲ 'ਅਨੰਦ' ਪੜ੍ਹਾਇਆ ਜਾਵੇ।

(ਕ) 'ਅਨੰਦ' ਤੋਂ ਪਹਿਲਾਂ ਕੁੜਮਾਈ ਦੀ ਰਸਮ ਜ਼ਰੂਰੀ ਨਹੀਂ, ਪਰ ਜੇ ਕਰਨੀ ਹੋਵੇ ਤਾਂ ਲੜਕੀ ਵਾਲੇ ਕਿਸੇ ਦਿਨ ਸੰਗਤ ਜੋੜ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਅਰਦਾਸਾ ਸੋਧ ਕੇ ਇਕ ਕ੍ਰਿਪਾਨ, ਕੜਾ, ਤੇ ਕੁਝ ਮਿੱਠਾ ਲੜਕੇ ਦੇ ਪੱਲੇ ਪਾ ਦੇਣ।

(ਖ) 'ਅਨੰਦ' ਦਾ ਦਿਨ ਮੁਕੱਰਰ ਕਰਨ ਲੱਗਿਆਂ ਕੋਈ ਥਿਤਿ-ਵਾਰ, ਚੰਗੇ-ਮੰਦੇ ਦਿਨ ਦੀ ਖੋਜ ਕਰਨ ਲਈ ਪੱਤ੍ਰੀ ਵਾਚਣਾ ਮਨਮਤ ਹੈ। ਕੋਈ ਦਿਨ ਜੋ ਦੋਹਾਂ ਧਿਰਾਂ ਨੂੰ ਆਪਸ ਵਿੱਚ ਸਲਾਹ ਕਰ ਕੇ ਚੰਗਾ ਦਿੱਸੇ, ਨਿਯਤ ਕਰ ਲੈਣਾ ਚਾਹੀਏ।

(ਗ) ਸਿਹਰਾ, ਮੁਕਟ ਜਾਂ ਗਾਨਾ ਬੰਨ੍ਹਣਾ, ਪਿੱਤਰ ਪੂਜਣੇ, ਕੱਚੀ ਲੱਸੀ ਵਿਚ ਪੈਰ ਪਾਉਣਾ, ਬੇਰੀ ਜਾਂ ਜੰਡੀ ਵੱਢਣੀ, ਘੜੋਲੀ ਭਰਨੀ, ਰੁਸ ਕੇ ਜਾਣਾ, ਛੰਦ ਪੜ੍ਹਨੇ, ਹਵਨ ਕਰਨਾ, ਵੇਦੀ ਗੱਡਣੀ, ਵੇਸਵਾ ਦਾ ਨਾਚ, ਸ਼ਰਾਬ ਆਦਿ ਮਨਮਤ ਹੈ।

(ਘ) ਜਿਤਨੇ ਥੋੜ੍ਹੇ ਆਦਮੀ ਲੜਕੀ ਵਾਲਾ ਮੰਗਾਵੇ, ਉਤਨੇ ਨਾਲ ਲੈ ਕੇ ਲੜਕਾ ਸਹੁਰੇ ਘਰ ਜਾਵੇ, ਦੋਹੀਂ ਪਾਸੀਂ ਗੁਰਬਾਣੀ ਦੇ ਸ਼ਬਦ ਗਾਏ ਜਾਣ ਤੇ 'ਫ਼ਤਹ' ਗਜਾਈ ਜਾਵੇ।

(ਙ) ਵਿਆਹ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਦੀਵਾਨ ਲੱਗੇ। ਸੰਗਤ ਜਾਂ ਰਾਗੀ ਕੀਰਤਨ ਕਰਨ। ਫਿਰ ਲੜਕੀ ਤੇ ਲੜਕਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹਜ਼ੂਰ ਬਿਠਾਏ ਜਾਣ। ਲੜਕੀ, ਲੜਕੇ ਦੇ ਖੱਬੇ ਪਾਸੇ ਬੈਠੇ। ਸੰਗਤ ਦੀ ਆਗਿਆ ਲੈ ਕੇ 'ਅਨੰਦ' ਪੜ੍ਹਾਉਣ ਵਾਲਾ ਸਿੱਖ (ਮਰਦ

ਜਾਂ ਇਸਤਰੀ) ਲੜਕੇ ਲੜਕੀ ਤੇ ਉਨ੍ਹਾਂ ਦਿਆਂ ਮਾਪਿਆਂ ਜਾਂ ਸਰਬਰਾਹਾਂ ਨੂੰ ਖੜ੍ਹਾ ਕਰ ਕੇ 'ਅਨੰਦ' ਦੇ ਅਰੰਭ ਦਾ ਅਰਦਾਸਾ ਸੋਧੇ। ਫਿਰ ਉਹ ਲੜਕੇ ਲੜਕੀ ਨੂੰ ਗੁਰਮਤਿ ਅਨੁਸਾਰ ਗ੍ਰਹਿਸਤ ਧਰਮ ਦੇ ਫ਼ਰਜ਼ਾਂ ਦਾ ਉਪਦੇਸ਼ ਕਰੇ।

ਪਹਿਲੇ, ਦੋਹਾਂ ਨੂੰ ਸਾਂਝਾ ਉਪਦੇਸ਼ ਕਰੇ। ਇਸ ਵਿਚ ਸੂਹੀ ਰਾਗ ਦੀਆਂ ਲਾਵਾਂ ਦੇ ਭਾਵ ਅਨੁਸਾਰ ਪ੍ਰਤੀ-ਪਤਨੀ ਦੇ ਸੰਬੰਧ ਨੂੰ ਜੀਵ ਤੇ ਪ੍ਰਮਾਤਮਾ ਦੇ ਪਿਆਰ ਦੇ ਨਮੂਨੇ ਉਤੇ ਢਾਲਣ ਦੀ ਵਿਧੀ ਦੱਸੇ।

ਆਪਸ ਵਿਚ ਪ੍ਰੇਮ ਦੁਆਰਾ "ਏਕ ਜੋਤਿ ਦੁਇ ਮੂਰਤੀ" ਹੋਣਾ ਦੱਸੇ ਤੇ ਇਕੁਰ ਗ੍ਰਹਿਸਤ ਧਰਮ ਨਿਬਾਹੁੰਦੇ ਹੋਏ ਆਪਣੇ ਸਾਂਝੇ ਭਰਤਾ 'ਅਕਾਲ ਪੁਰਖ' ਨਾਲ ਇਕਮਿਕ ਹੋਣਾ ਦ੍ਰਿੜਾਵੇ। ਦੋਹਾਂ ਨੇ ਇਸ ਸੰਜੋਗ ਨੂੰ ਮਨੁੱਖਾ ਜਨਮ ਦੀ ਯਾਤਰਾ ਨੂੰ ਸਫਲਤਾ ਨਾਲ ਨਿਬਾਹੁਣ ਦਾ ਸਾਧਨ ਬਨਾਉਣਾ ਹੈ। ਦੋਹਾਂ ਨੇ ਇਸ ਸੰਜੋਗ ਦੇ ਰਾਹੀਂ ਪਵਿੱਤਰ ਤੇ ਗੁਰਮੁਖੀ ਜੀਵਨ ਬਿਤਾਉਣਾ ਹੈ।

ਫਿਰ ਲੜਕੇ ਤੇ ਲੜਕੀ ਨੂੰ ਆਪੋ ਆਪਣੇ ਵਖੋ-ਵਖਰੇ, ਗ੍ਰਹਿਸਤ ਧਰਮ ਦੇ ਫਰਜ਼ ਦੱਸੇ ਜਾਣ।

ਵਰ ਨੂੰ ਦੱਸਿਆ ਜਾਵੇ ਕਿ ਲੜਕੀ ਵਾਲਿਆਂ ਨੇ ਤੁਹਾਨੂੰ ਹੀ ਸਭ ਤੋਂ ਵਧੀਕ ਯੋਗ ਜਾਣ ਕੇ ਵਰ ਚੁਣਿਆ ਹੈ। ਆਪ ਨੇ ਆਪਣੀ ਪਤਨੀ ਨੂੰ ਅਰਧੰਗੀ ਜਾਣ ਕੇ ਸਾਰੀਆਂ ਅਵਸਥਾਂ ਵਿਚ ਇਕੋ ਜਿਹਾ ਪਿਆਰ ਕਰਨਾ ਹੈ ਤੇ ਵੰਡ ਛਕਣਾ ਹੈ। ਇਸ ਦੇ ਸਰੀਰ ਤੇ ਇੱਜ਼ਤ ਦੇ ਰਾਖੇ ਤੁਸੀਂ ਹੋ। ਇਸਤਰੀ-ਬਰਤ ਧਰਮ ਵਿਚ ਪੱਕੇ ਰਹਿਣਾ। ਇਸ ਦੇ ਮਾਤਾ ਪਿਤਾ ਤੇ ਸੰਬੰਧੀਆਂ ਨੂੰ ਆਪਣੇ ਮਾਤਾ ਪਿਤਾ ਤੇ ਸੰਬੰਧੀਆਂ ਤੁੱਲ ਆਦਰ ਦੇਣਾ।

ਕੰਨਿਆਂ ਨੂੰ ਦੱਸਿਆਂ ਜਾਵੇ ਕਿ ਆਪ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਸੰਗਤ ਦੇ ਹਜ਼ੂਰ ਇਸ ਸੱਜਣ ਦੇ ਲੜ ਲਾਇਆ ਜਾਂਦਾ ਹੈ। ਆਪ ਇਨ੍ਹਾਂ ਦੇ 'ਨਿਰਮਲ ਭਉ' ਵਿਚ ਰਹਿੰਦੇ ਹੋਏ ਇਨ੍ਹਾਂ ਨੂੰ ਹੀ ਆਪਣੇ ਸਾਰੇ ਪ੍ਰੇਮ ਤੇ ਸ਼ਰਧਾ ਦਾ ਮਾਲਕ ਸਮਝਣਾ, ਦੁਖ ਸੁਖ, ਦੇਸ ਪਰਦੇਸ ਵਿਚ ਆਪਣੇ ਪਤੀ-ਬਰਤ ਧਰਮ ਵਿਚ ਪੱਕੇ ਰਹਿਣਾ, ਸੇਵਾ ਕਰਨੀ। ਇਨ੍ਹਾਂ ਦੇ ਮਾਤਾ ਪਿਤਾ ਤੇ ਸੰਬੰਧੀਆਂ ਨੂੰ ਆਪਣੇ ਮਾਤਾ ਪਿਤਾ ਤੇ ਸੰਬੰਧੀਆਂ ਵਾਂਗ ਜਾਣਨਾ।

ਉਪਦੇਸ਼ ਦੀਆਂ ਗੱਲਾਂ ਪ੍ਰਵਾਨ ਕਰਦੇ ਹੋਏ ਵਰ ਤੇ ਕੰਨਿਆਂ ਦੋਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਮੱਥਾ ਟੇਕਣ। ਫਿਰ ਲੜਕੀ ਦਾ ਪਿਤਾ ਜਾਂ ਮੁਖੀ ਸੰਬੰਧੀ ਲੜਕੇ ਦਾ ਪੱਲਾ ਲੜਕੀ ਦੇ ਹੱਥ ਫੜਾਵੇ ਤੇ ਤਾਬਿਆ ਬੈਠਾ ਸੱਜਣ ਸੂਹੀ ਮਹਲਾ ੪ ਵਿਚ ਦਿਤੀਆਂ ਲਾਵਾਂ ਦਾ ਪਾਠ ਸੁਣਾਵੇ। ਹਰੇਕ ਲਾਂਵ ਦਾ ਪਾਠ ਹੋਣ ਮਗਰੋਂ

ਅੱਗੇ ਵਰ ਤੇ ਪਿੱਛੇ ਕੰਨਿਆਂ, ਵਰ ਦਾ ਪੱਲਾ ਫੜ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਚਾਰ ਪ੍ਰਕਰਮਾਂ ਕਰਨ। ਪ੍ਰਕਰਮਾ ਕਰਨ ਸਮੇਂ ਰਾਗੀ ਜਾਂ ਸੰਗਤ ਲਾਵਾਂ ਨੂੰ ਕ੍ਰਮ ਅਨੁਸਾਰ ਸੁਰ ਨਾਲ ਗਾਈ ਜਾਣ ਅਤੇ ਵਰ ਕੰਨਿਆਂ ਹਰ ਇਕ ਲਾਂਵ ਮਗਰੋਂ ਮੱਥਾ ਟੇਕ ਕੇ ਅਗਲੀ ਲਾਂਵ ਸੁਣਨ ਲਈ ਖੜੇ ਹੋ ਜਾਣ। ਉਪਰੰਤ ਮੱਥਾ ਟੇਕ ਕੇ ਆਪਣੀ ਥਾਂ 'ਤੇ ਬੈਠ ਜਾਣ ਤੇ ਰਾਗੀ ਸਿੰਘ ਜਾਂ ਅਨੰਦ ਕਰਾਉਣ ਵਾਲਾ ਅਨੰਦ ਸਾਹਿਬ ਦੀਆਂ ਪਹਿਲੀਆਂ ਪੰਜ ਪਉੜੀਆਂ ਤੇ ਅੰਤਲੀ ਪਉੜੀ ਦਾ ਪਾਠ ਕਰੇ। ਫਿਰ 'ਅਨੰਦ' ਦੀ ਸਮਾਪਤੀ ਦਾ ਅਰਦਾਸਾ ਸੋਧਿਆ ਜਾਵੇ ਤੇ ਕੜਾਹ ਪ੍ਰਸ਼ਾਦਿ ਵਰਤਾਇਆ ਜਾਵੇ।

(ਚ) ਅਨਮਤ ਵਾਲਿਆਂ ਦਾ ਵਿਆਹ 'ਅਨੰਦ' ਰੀਤੀ ਨਾਲ ਨਹੀਂ ਹੋ ਸਕਦਾ।

(ਛ) ਲੜਕੇ ਜਾਂ ਲੜਕੀ ਦਾ ਸੰਜੋਗ ਪੈਸਾ ਲੈ ਕੇ ਨਾ ਕਰੇ।

(ਜ) ਜੇ ਬਾਲਕੀ ਦੇ ਮਾਪੇ ਕਦਾਂਚ ਸਬੱਬ ਪਾਇ ਕੈ ਬਾਲਕੀ ਦੇ ਗ੍ਰਹਿ ਵਿਖੇ ਜਾਣ ਅਤੇ ਉਥੇ ਪ੍ਰਸ਼ਾਦਿ ਤਿਆਰ ਹੋਵੇ, ਤਾਂ ਖਾਣ ਤੋਂ ਸੰਕੋਚਣਾ ਨਹੀਂ। ਅੰਨ ਨਾ ਖਾਣਾ ਸਭ ਭਰਮ ਹੈ। ਖਾਲਸੇ ਨੂੰ, ਖਾਣਾ ਖਲਾਵਣਾ ਸ੍ਰੀ ਗੁਰੂ ਬਾਬੇ ਅਕਾਲ ਪੁਰਖ ਬਖਸ਼ਿਆ ਹੈ। ਬੇਟੀ ਬੇਟੇ ਵਾਲੇ ਆਪਸ ਵਿਚ ਖਾਂਦੇ ਰਹਿਣ, ਇਸੇ ਵਾਂਸਤੇ, ਜੋ ਗੁਰੂ ਨੇ ਦੋਵੇਂ ਸਾਕ ਇਕ ਕੀਤੇ ਹਨ।[੧]


(ਝ) ਜਿਸ ਇਸਤਰੀ ਦਾ ਭਰਤਾ ਕਾਲ਼-ਵੱਸ ਹੋ ਜਾਵੇ, ਉਹ ਚਾਹੇ ਤਾਂ ਯੋਗ ਵਰ ਦੇਖ ਕੇ ਪੁਨਰ ਸੰਜੋਗ ਕਰ ਲਵੇ। ਸਿੱਖ ਦੀ ਇਸਤਰੀ ਮਰ ਜਾਵੇ ਤਾਂ ਉਸ ਲਈ ਭੀ ਇਹੋ ਹੁਕਮ ਹੈ।

(ਞ) ਪੁਨਰ ਵਿਆਹ ਦੀ ਵੀ ਇਹੋ ਰੀਤ ਹੈ, ਜੋ 'ਅਨੰਦ' ਲਈ ਉਤੇ ਦੱਸੀ ਹੈ।

(ਟ) ਆਮ ਹਾਲਤਾਂ ਵਿਚ ਸਿੱਖ ਨੂੰ ਇੱਕ ਇਸਤਰੀ ਦੇ ਹੁੰਦਿਆਂ ਦੂਜਾ ਵਿਆਹ ਨਹੀਂ ਕਰਨਾ ਚਾਹੀਏ।

(ਠ) ਅੰਮ੍ਰਿਤਧਾਰੀ ਸਿੰਘ ਨੂੰ ਚਾਹੀਦਾ ਹੈ ਕਿ ਆਪਣੀ ਸਿੰਘਣੀ ਨੂੰ ਅੰਮ੍ਰਿਤ ਛਕਾ ਲਵੇ।

☆



An ISO 9001:2008 Certified Publishing House
No. 101809-A01
Estd. 1880

ISBN 81-7601-650-0
9 788176 016506